
# ਵਿਰਸਾ ਖ਼ਾਲਸੇ ਦਾ





ਦਾਨ ਸਿੰਘ ਕੋਮਲ

ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ ।

## ਭਾਗ ਪਹਿਲਾ

## ਗੁਰੂ ਸਾਹਿਬਾਨ-ਦਰਸ਼ਨ


ਗੁਰੂ ਨਾਨਕ ਦਾ ਧਰਮ ੩
ਗੁਰੂ ਨਾਨਕ ਸੁਲਤਾਪਨਪੁਰ ਲੋਧੀ ਵਿਚ ੬
ਜਗਤ ਦਾ ਚਾਨਣ-ਮੁਨਾਰਾ ਗੁਰੂ ਨਾਨਕ ੯
ਨਾਨਕ ਧਰਮ ਵਿਚ ਫ਼ਲਸਫ਼ਾ ੧੩
ਗੁਰੂ ਅੰਗਦ ਦੇਵ ਜੀ ਤੇ ਬਾਦਸ਼ਾਹ ਹਮਾਯੂੰ ੧੫
ਨਿਥਾਵਿਆਂ ਦੀ ਥਾਂ-ਗੁਰੂ ਅਮਰਦਾਸ ਜੀ ੧੭
ਗੁਰੂ ਰਾਮਦਾਸ ਜੀ ਦੀ ਸੇਵਾ ੨੧
ਗੁਰੂ ਅਰਜਨ ਦੇਵ ਜੀ-ਮੀਆਂ ਮੀਰ ਨੂੰ ੨੪
ਸਬਰ ਤੇ ਜਬਰ ਦੀ ਜੰਗ ੨੮
ਧਰਮ ਤੇ ਰਾਜਨੀਤੀ ਜੋੜਨ ਵਾਲੇ ਗੁਰੂ ਹਰਿਗੋਬਿੰਦ ਜੀ ੩੧
ਗੁਰੂ ਹਰਿਰਾਇ ਜੀ ੩੭
ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ੩੯
ਨੌਵਾਂ ਗੁਰੂ ਲਾਧੋ ਰੇ ੪੧
ਬਾਬਾ ਬਕਾਲੇ ਵਾਲਾ ੪੪
ਨੌਵੇਂ ਪਾਤਸ਼ਾਹ ਵਲੋਂ ਔਰੰਗਜ਼ੇਬ ਨੂੰ ੪੭
ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ੫੦
ਮਰਦ ਅਗੰਮੜਾ ੫੩
ਦਸਮੇਸ਼ ਗੁਰੂ ਜੀ ਦਾ ਹੋਇਆ ਨਾ ਕੋਈ ਸਾਨੀ ੫੬
ਕਲਗੀਧਰ ਜੀ ਯੁੱਧ ਵਿਚ ੬੧
ਦਸਮੇਸ਼ ਆਦਰਸ਼ ੬੪
ਦਸਮੇਸ਼ ਜੀ ਵੱਲੋਂ-ਔਰੰਗਜ਼ੇਬ ਨੂੰ ਫ਼ਤਹ ਦੀ ਚਿੱਠੀ ੬੭
ਖ਼ਾਲਸੇ ਦੀ ਪਰਖ ੭੦
ਬਹਾਦਰ ਸ਼ਾਹ ਦੇ ਦਰਬਾਰ ਵਿਚ ਦਸਮੇਸ਼ ਜੀ ਦੀ ਗਰਜ ੭੩
ਵਾਰਦੇ ਜੇ ਗੁਰੂ ਦਸਮੇਸ਼ ਪਰਿਵਾਰ ਨਾ ੭੬
ਸ੍ਰੀ ਗੁਰੂ ਗ੍ਰੰਥ ਮਹਿਮਾ ੮੦
ਗੁਰੂਆਂ ਦੀ ਜੋਤਿ-ਬਾਣੀ ਦਾ ਖਜ਼ਾਨਾ ੮੪
ਗੁਰਬਾਣੀ ਗੁਰੂ ਹੈ ੮੮


## ਭਾਗ ਦੂਜਾ

## ਅੰਮ੍ਰਿਤਸਰੁ-ਸਿਫ਼ਤੀ ਦਾ ਘਰੁ


ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ੯੩
ਅੰਮ੍ਰਿਤਸਰ ਦਾ ਪਹਿਲਾ ਨਾਮ-ਗੁਰੂ ਕਾ ਚੱਕ ੯੫
ਅੰਮ੍ਰਿਤ ਸਰੋਵਰ ਵਿਚ ਹਰਿਮੰਦਰ ੯੭
ਜਦੋਂ ਪੁਜਾਰੀਆਂ ਨੇ ਹਰਿਮੰਦਰ ਦੇ ਬੂਹੇ ਬੰਦ ਕਰ ਲਏ ੯੯
ਦੀਦਾਰ ਸ੍ਰੀ ਹਰਿਮੰਦਰ ਦਾ ੧੦੨
ਸੋਢੀ ਪਾਤਸ਼ਾਹ ਤੇਰੇ ਦਰਬਾਰ ਅੰਦਰ ੧੦੪
ਅੰਮ੍ਰਿਤਸਰ ਦੀ ਇਤਿਹਾਸਕ ਮਹੱਤਤਾ ੧੦੭
ਅੰਮ੍ਰਿਤਸਰ-ਤੀਜਾ ਘੱਲੂਘਾਰਾ ੧੯੮੪ ੧੧੩


## ਭਾਗ ਤੀਜਾ

## ਅੰਮ੍ਰਿਤ ਅਤੇ ਖ਼ਾਲਸਾ


ਖ਼ਾਲਸਾ-ਪੰਥ ਦੀ ਸਾਜਣਾ ੧੧੯
ਪੰਜ ਪਿਆਰੇ ੧੨੨



ਗਿਆਨੀ ਸਰੂਪ ਸਿੰਘ ਕੜਿਆਣਾ * ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)
ਮੋਬਾਈਲ 98150-03075

ਸਜਾਇਆ ਗਿਆ ਖ਼ਾਲਸਾ ੧੨੫
ਅੰਮ੍ਰਿਤ ਸ਼ਕਤੀ ਅਤੇ ਸਿੰਘ ੧੩੦
ਸਿੰਘ-ਸੰਤ ਸਿਪਾਹੀ ੧੩੪
ਪੂਰਨ-ਮਨੁੱਖ ਖ਼ਾਲਸਾ ੧੩੬

## ਭਾਗ ਚੌਥਾ
## ਖ਼ਾਲਸਾ ਸ਼ਹਾਦਤ ਦੇ ਮੈਦਾਨ ਵਿਚ

ਸਾਹਿਬਜ਼ਾਦਾ ਅਜੀਤ ਸਿੰਘ-ਜੰਗ ਚਮਕੌਰ ਵਿਚ ੧੪੧
ਸਾਹਿਬਜ਼ਾਦਾ ਜੁਝਾਰ ਸਿੰਘ ੧੪੫
ਛੋਟੇ ਸਾਹਿਬਜ਼ਾਦੇ ੧੪੯
ਨਵਾਬ ਮਲੇਰਕੋਟਲਾ ਸੂਬਾ ਸਰਹੰਦ ਦੀ ਕਚਹਿਰੀ ਵਿਚ ੧੫੪
ਬਾਬਾ ਬੰਦਾ ਸਿੰਘ ਦੀ ਸ਼ਹੀਦੀ ੧੫੮
ਬੰਦਾ ਸਿੰਘ ਦੇ ਸਾਥੀ ਭਾਈ ਬਾਜ਼ ਸਿੰਘ ਦੀ ਸ਼ਹੀਦੀ ੧੬੧
ਨਵੇਂ ਸਜੇ ਸਿੰਘ-ਬੱਚੇ ਦੀ ਸ਼ਹੀਦੀ ੧੬੫
ਭਾਈ ਮਨੀ ਸਿੰਘ ਦੀ ਸ਼ਹੀਦੀ ੧੬੮
ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ੧੭੩
ਸਿੱਖੀ ਅਤੇ ਸ਼ਹਾਦਤ ੧੭੬
ਸ਼ਹੀਦਾਂ ਦੀ ਕੌਮ ੧੭੮

## ਭਾਗ ਪੰਜਵਾਂ
## ਖ਼ਾਲਸੇ ਦੀ ਚੜ੍ਹਦੀ ਕਲਾ

ਨਵਾਬ ਕਪੂਰ ਸਿੰਘ ੧੮੨
ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ੧੮੭
ਸਿੰਘਾਂ ਦੀ ਚੜ੍ਹਦੀ ਕਲਾ ਬਾਰੇ ਜ਼ਕਰੀਆ ਖਾਂ ਵਲੋਂ ਨਾਦਰ ਸ਼ਾਹ ਨੂੰ ੧੯੧
ਸਿੰਘ ਬਾਦਸ਼ਾਹ ਬਣਨਗੇ ੧੯੭
ਸਿੰਘਾਂ ਦੀਆਂ ਸਿਫ਼ਤਾਂ ੨੦੦
ਸਰਦਾਰ ਜੱਸਾ ਸਿੰਘ ਆਹਲੂਵਾਲੀਆ ੨੦੩
ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ੨੦੭
ਆਏ ਨੀ ਨਿਹੰਗ ਬੂਹਾ ਖੋਲ੍ਹ ਦੇ ਨਿਸ਼ੰਗ ੨੧੨
ਭਾਰਤ ਦੇ ਸੁਤੰਤ੍ਰਤਾ ਸੰਗਰਾਮ ਵਿਚ ਸਿੱਖਾਂ ਦਾ ਹਿੱਸਾ (੧੮੪੭-੧੯੪੭) ੨੧੬
ਆਜ਼ਾਦ ਭਾਰਤ ਦੀ ਰੱਖਿਆ ਲਈ ਸਿੱਖ-ਫ਼ੌਜਾਂ ਦੀ ਕੁਰਬਾਨੀ ੨੨੭

## ਭਾਗ ਛੇਵਾਂ
## ਖ਼ਾਲਸੇ ਦਾ ਗੌਰਵ

ਕੇਸਰੀ ਝੰਡਾ ੨੩੨
ਪਗੜੀ-ਦਸਤਾਰ ੨੩੫
ਖਾਲਸੇ ਦਾ ਹੋਲਾ ੨੩੯
ਅਮਰ ਪੰਥ ੨੪੩
ਸਿੱਖਿਆ ਏ ਸਰਦਾਰਾਂ ਨੇ ੨੪੬
ਤੇਗਾਂ ਦੀ ਛਾਵੇਂ ੨੪੮
ਅਸੀਂ ਸਿੰਘ ਹਾਂ ੨੫੦
ਸਿੰਘ ਸਭਾ ਲਹਿਰ ੨੫੪
ਸੁਣਿਓ ਐ ਕੇਸਾਂ ਵਾਲਿਓ ! ੨੫੮
ਸਿੰਘ ਸਰਦਾਰਾਂ ਨੂੰ ੨੬੧

+10 +10 +10 +10 +10 +10 +10

ਜੀ ਦੀ ਬੇ-ਮਿਸਾਲ ਸ਼ਹੀਦੀ, ਹਿੰਦੂ-ਧਰਮ ਦੀ ਰਾਖੀ ਲਈ ਤੇ ਜੰਞੂ ਤਿਲਕ ਦੀ ਰਖਸ਼ਾ ਲਈ ਗੁਰੂ ਤੇਗ ਬਹਾਦਰ ਜੀ ਦੀ ਅਲੌਕਿਕ ਤੇ ਅਦੁੱਤੀ ਸ਼ਹਾਦਤ, ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾਉਣ ਵਾਲੇ, ਅਨੇਕਾਂ ਸਿੰਘਾਂ ਸਿੰਘਣੀਆਂ ਦੀਆਂ ਕੁਰਬਾਨੀਆਂ ਦੇ ਦ੍ਰਿਸ਼, ਚੌਹਾਂ ਸਾਹਿਬਜ਼ਾਦਿਆਂ ਦੀਆਂ ਲਾਸਾਨੀ ਸ਼ਹਾਦਤਾਂ, ਅੰਮ੍ਰਿਤ ਦੇ ਅਨੇਕਾਂ ਕ੍ਰਿਸ਼ਮਿਆਂ, ਸਿੱਖੀ ਸਿਦਕ ਦੇ ਜਜ਼ਬਿਆਂ ਨਾਲ ਲਬਰੇਜ਼, ਵਲਵਲਾ ਅੰਗੇਜ਼ ਸ਼ੇਅਰ, ਬੀਰ-ਰਸੀ ਜੈਕਾਰਿਆਂ ਤੇ ਨਗਾਰਿਆਂ ਦੀ ਗੂੰਜ ਵਿਚ ਤੀਰਾਂ, ਤੇਗਾਂ ਤੇ ਢਾਲਾਂ ਦੀ ਛਣਕਾਰ ਵਿਚ ਰਣ ਭੂਮੀ ਨੂੰ ਆਪਣੇ ਲਹੂ ਦਾ ਤਿਲਕ ਲਾਉਣ ਵਾਲੇ, ਅਨ-ਗਿਣਤ ਸੂਰਬੀਰਾਂ ਦੀ ਦਾਸਤਾਨ ਹੈ, ਕੋਮਲ ਜੀ ਦੀਆਂ ਚੋਣਵੀਆਂ ਕਵਿਤਾਵਾਂ ਦਾ ਸੰਗ੍ਰਿਹ-'ਵਿਰਸਾ ਖਾਲਸੇ ਦਾ'।

ਅੰਤ ਵਿਚ ਮੈਂ ਆਪਣੇ ਅਤਿ ਪਿਆਰੇ ਮਿੱਤਰ ਤੇ ਕਾਵਿ ਮੰਚ ਦੇ ਸੁਹਿਰਦ ਸਾਥੀ ਕੋਮਲ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ।

ਯਾਦ ਰੱਖੋ ਮੇਰੇ ਗੁਰਸਿੱਖ ਭਰਾਵੋ ਅਤੇ ਭੈਣੋ ! ਕੇਵਲ ਅਤੇ ਕੇਵਲ ਕਵੀ ਹੀ, ਕੌਮ ਤੇ ਦੇਸ਼ ਦੇ ਅਹਿਸਾਸ ਨੂੰ ਜ਼ਿੰਦਾ ਰੱਖਦਾ ਹੈ । ਸ਼ਾਇਰ ਦਾ ਕੇਵਲ ਸ਼ੇਅਰ ਸਰਕਾਰਾਂ ਦੇ ਤਖ਼ਤੇ ਉਲਟਾਉਣ ਦੀ ਸਮਰੱਥਾ ਰੱਖਦਾ ਹੈ । ਤਾਹੀਓਂ ਤਾਂ ਅੰਮ੍ਰਿਤ ਦੇ ਦਾਤੇ ਤੇ ਸਰਬੰਸ ਦਾਨੀ ਪਿਤਾ ਸ੍ਰੀ ਦਸਮੇਸ਼ ਜੀ ਨੇ ਆਪਣੇ ਸੋਹਣੇ ਦਰਬਾਰ ਵਿਚ ਬਵੰਜਾ ਕਵੀ ਰੱਖ ਕੇ ਸੰਸਾਰ ਭਰ ਦੇ ਕਵੀਆਂ ਦਾ ਅਨੂਠਾ ਸਨਮਾਨ ਕੀਤਾ ਸੀ। ਉਹ ਜਾਣਦੇ ਸਨ ਕਿ ਕਵੀ ਕੌਮ ਦੀ ਜਿੰਦ, ਜਾਨ ਤੇ ਪ੍ਰਾਣ ਹੁੰਦੇ ਹਨ । ਮੇਰਾ ਹੇਠ ਲਿਖਿਆ ਸ਼ੇਅਰ ਕੋਮਲ ਜੈਸੇ ਅਣਖੀਲੇ ਤੇ ਜੋਸ਼ੀਲੇ ਕਵੀ ਦੀ ਜ਼ਿੰਦਗੀ ਦੀ ਪੂਰਨ ਤਰਜਮਾਨੀ ਕਰਦਾ ਹੈ :

ਸੂਲ ਸੁਰਾਹੀਆਂ ਵਰਗਾ ਜੀਣਾ ਕਵੀਆਂ ਦਾ,
ਪੀਂਦੇ ਖੰਜਰ ਪਿਆਲੇ, ਸੌਂਦੇ ਸੱਥਰਾਂ 'ਤੇ।

ਪ੍ਰੀਤਮ ਸਿੰਘ ਕਾਸ਼ਦ
ਐਮ-੪੭੧, ਗੁਰੂ ਹਰਿਕ੍ਰਿਸ਼ਨ ਨਗਰ
ਨਵੀਂ ਦਿੱਲੀ-੧੧੦੦੮੭
੨੯ ਅਪ੍ਰੈਲ ੧੯੯੯

*VIRSA KHALSA DA*
*(Selected Religious Poems)*
*By- DAN SINGH KOMAL*

ਪ੍ਰਕਾਸ਼ਕ :
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)

ਪਹਿਲੀ ਵਾਰ : ੫000 ਕਾਪੀਆਂ
ਜੁਲਾਈ ੧੯੯੯

ਛਾਪਣ ਵਾਲੇ :
ਗੋਲਡਨ ਆਫਸੈਟ ਪ੍ਰੈਸ,
ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ।

# ਦੋ ਸ਼ਬਦ

ਦਾਨਸ਼ਵਰ ਕਵੀ ਸ. ਦਾਨ ਸਿੰਘ ਕੋਮਲ ਜੀ ਨੇ ਲੰਮੇਰਾ ਸਫਰ ਕੀਤਾ ਹੈ—ਪੰਜਾਬ ਤੋਂ ਬੰਬਈ ਅਤੇ ਬੰਬਈ ਤੋਂ ਪੰਜਾਬ ਤੱਕ ਦਾ। ਬਹੁਤ ਕੁਝ ਗਰਮ, ਸਰਦ ਅਤੇ ਦਰਦ ਭਰੇ ਹਾਲਾਤ ਇਨ੍ਹਾਂ ਨੇ ਪਿੰਡੇ ਉਪਰ ਹੰਢਾਏ ਹਨ, ਪਰ ਮਿੱਟੀ ਦੇ ਮੋਹ ਅਤੇ ਅਸੂਲਾਂ ਦੀ ਪ੍ਰਪੱਕਤਾ ਨੇ ਨਾ ਹੀ ਇਹਨਾਂ ਦੀ ਕਲਮ ਨੂੰ ਰੱਤੀ ਭਰ ਥਿੜਕਣ ਦਿੱਤਾ ਅਤੇ ਨਾ ਹੀ ਇਸ ਦੇ ਜਾਹੋ-ਜਲਾਲ ਵਿਚ ਕੋਈ ਕਮੀ ਆਈ । ਸਿੱਖ ਇਤਿਹਾਸ, ਸਮਾਜ ਸੁਧਾਰ ਅਤੇ ਦੇਸ਼ ਪਿਆਰ ਇਸ ਕਲਮ ਦਾ ਮੁੱਖ ਖੇਤਰ ਰਿਹਾ ਹੈ ।

ਕੋਮਲ ਜੀ, ਕਵਿਤਾ ਦੀ ਤਰਲਤਾ ਨੂੰ ਸਮਝਣ ਵਾਲੇ ਅਤੇ ਛੰਦਾ ਬੰਦੀ ਦੇ ਤਕਨੀਕੀ ਨਿਯਮਾਂ ਦੀ ਬਾ-ਖ਼ੂਬੀ ਟੋਹ ਰੱਖਣ ਵਾਲੇ ਉਸਤਾਦ ਕਵੀ ਹਨ। ਇਸ ਤਰ੍ਹਾਂ ਇਹਨਾਂ ਯੋਗਤਾਵਾਂ ਸਦਕਾ ਜਿੱਥੇ ਕਲਮ ਦੇ ਧਨੀ ਸਿੱਧ ਹੁੰਦੇ ਹਨ, ਉਥੇ ਸਟੇਜਾਂ ਦੇ ਵੀ ਬਾਦਸ਼ਾਹ ਹੋ ਨਿਬੜਦੇ ਹਨ।

ਕੋਮਲ ਦੀ ਕਵਿਤਾ ਵਿਚ ਸ਼ੋਰ ਨਹੀਂ, ਨਾ ਹੀ ਅਨਾੜੀ ਚੁਲਬਲਾਪਨ ਹੈ । ਇਹਨਾਂ ਦੀ ਕਵਿਤਾ ਤਾਂ ਸਹਿਜਤਾ ਵਾਲੀ ਗਹਿਰ ਗੰਭੀਰਤਾ ਦੇ ਸਫੈਦ ਦਾਮਨ ਵਿਚ ਸ਼ਿੰਗਾਰੀ ਇਕ ਐਸੀ ਪਵਿੱਤਰ ਹੂਰ ਹੈ, ਜਿਸ ਦੇ 'ਦਰਸ਼ਨ' ਨਾਲ ਪਾਠਕ ਸੰਤੁਸ਼ਟਤਾ ਦਾ ਅਹਿਸਾਸ ਪ੍ਰਾਪਤ ਕਰਦਾ ਹੈ ਅਤੇ ਜਿਸ ਦੇ ਸੁਣਨ ਨਾਲ ਸਰੋਤਾ ਨਿਹਾਲ ਹੋ ਜਾਂਦਾ ਹੈ।

ਪ੍ਰਮਾਤਮਾ ਕਰੇ, ਇਹ ਕਲਮ ਪਹਾੜੀ ਨੈਂ ਦੀ ਤਰ੍ਹਾਂ ਪਵਿੱਤਰਤਾ ਅਤੇ ਸੁਗਮਤਾ ਬਰਕਰਾਰ ਰਖਦਿਆਂ ਬਿਨਾਂ ਅਕੇਵੇਂ ਥਕੇਵੇਂ ਲਗਾਤਾਰ ਇਸੇ ਤਰ੍ਹਾਂ ਚਲਦੀ ਰਹੇ ਅਤੇ ਸਾਹਿਤ ਪ੍ਰੇਮੀ ਇਸ ਤੋਂ ਇਸੇ ਤਰ੍ਹਾਂ ਸ਼ਰਸ਼ਾਰ ਹੁੰਦੇ ਰਹਿਣ ।

ਅੰਮ੍ਰਿਤਸਰ
੧੦ ਜੂਨ ੧੯੯੯

ਵਰਿਆਮ ਸਿੰਘ
ਸਾਬਕਾ ਸੰਪਾਦਕ 'ਗੁਰਮਤਿ ਪ੍ਰਕਾਸ਼'
ਅਤੇ ਐਡੀਸ਼ਨਲ ਸਕੱਤਰ, ਸ਼੍ਰੋ: ਗੁ: ਪ੍ਰ: ਕਮੇਟੀ

# ਕੋਮਲ ਤੇ ਉਸ ਦੀ ਕਵਿਤਾ

ਦਾਨ ਸਿੰਘ ਕੋਮਲ, ਪੰਜਾਬੀ ਸਾਹਿਤ-ਸੰਸਾਰ ਵਿਚ ਇਕ ਅਜ਼ੀਮ ਤੇ ਵਚਿੱਤਰ ਸ਼ਖ਼ਸੀਅਤ ਹੈ। ਇਕ ਮਹਾਨ ਇਨਸਾਨ ਹੈ। ਅਤਿ ਨਿੱਘਾ, ਮਿੱਠਾ ਤੇ ਵਫ਼ਾਦਾਰ ਦੋਸਤ ਹੈ। ਸ਼ਰਾਫਤ ਦਾ ਪੁਤਲਾ ਹੈ। ਮੁਹੱਬਤ ਦਾ ਮੁਜੱਸਮਾ ਹੈ। ਸ਼੍ਰੋਮਣੀ ਲੋਕ-ਕਵੀ ਹੈ। ਬਲਕਿ ਕਵਿਤਾ ਦਾ ਸਰਚਸ਼ਮਾ ਹੈ। ਨਿਰਭੈ ਤੇ ਨਿਰਵੈਰ, ਪਰ ਬਲਵਾਨ ਕਲਮ ਦਾ ਮਾਲਕ 'ਕੋਮਲ' ਖਾਲਸਾ ਪੰਥ ਦੇ ਵਿਰਸੇ ਨੂੰ ਰੂਪਮਾਨ ਕਰਨ ਵਿਚ ਖ਼ਾਸ ਮੁਹਾਰਤ ਰੱਖਦਾ ਹੈ। ਗੁਰੂ ਘਰ ਦੀ ਕਵਿਤਾ ਲਿਖਣ ਪੜ੍ਹਨ ਵਾਲੇ ਪੰਜਾਬੀ ਦੇ ਸ਼੍ਰੋਮਣੀ ਕਵੀਆਂ ਦੀ ਪਹਿਲੀ ਕਤਾਰ ਵਿਚ ਖੜਾ, ਕੋਮਲ ਸਮੂਹ ਪੰਥਕ ਕਵੀਆਂ ਦੀ ਕਵਿਤਾ ਦਾ ਆਸ਼ਕ ਹੈ, ਉਪਾਸ਼ਕ ਹੈ, ਪ੍ਰੇਮੀ ਹੈ, ਸ਼ਰਧਾਲੂ ਹੈ। ਦਿਲ ਦੀਆਂ ਡੂੰਘਾਈਆਂ ਚੋਂ ਉਹ ਧਾਰਮਕ ਕਵਿਤਾ ਦੇ ਉਸਰਈਆਂ ਦਾ ਆਦਰ ਮਾਨ ਤੇ ਸਨਮਾਨ ਕਰਕੇ ਬਹੁਤ ਖੁਸ਼ ਹੁੰਦਾ ਹੈ।

ਕੋਮਲ ਜੀ ਦੀ ਜ਼ਿੰਦਗੀ ਦਾ ਮਹੱਤਵ, ਆਸ਼ਾ ਤੇ ਆਦਰਸ਼, ਖਾਲਸਾ ਪੰਥ ਦੇ ਲਾ-ਮਿਸਾਲ ਦੇ ਬਾ-ਕਮਾਲ ਵਿਰਸੇ ਨੂੰ ਉਜਾਗਰ ਕਰਨਾ ਹੈ। ਉਸ ਦੀ ਤਿੱਖੀ, ਤੇਜ-ਤਰਾਰ ਕਲਮ ਤੀਰ ਦਾ ਕੰਮ ਵੀ ਕਰਦੀ ਹੈ ਅਤੇ ਮਲ੍ਹਮ ਵੀ ਲਾਉਂਦੀ ਹੈ। ਸਿੱਖੀ-ਸਿਦਕ ਵਿਚ ਗੜੂੰਦ, ਇਸ ਗੁਰਸਿੱਖ ਸ਼ਾਇਰ ਨੇ ਪੰਜਾਬੀ ਦੇ ਸਾਰੇ ਪ੍ਰਸਿੱਧ ਕਵੀਆਂ ਨੂੰ ਬੰਬਈ ਬੁਲਵਾ ਕੇ ਕਵੀ ਦਰਬਾਰਾਂ ਰਾਹੀਂ ਨਿਸ਼ਕਾਮ ਸੇਵਾ ਕੀਤੀ ਹੈ। ਉਸ ਨੇ ਬੰਬਈ ਵਿਚ 'ਸਿੱਖ ਯੂਥ ਐਸੋਸੀਏਸ਼ਨ' ਵਲੋਂ ਆਯੋਜਤ ਕਵੀ ਦਰਬਾਰਾਂ ਰਾਹੀਂ ਬੰਬਈ ਦੀ ਸੰਗਤ ਨੂੰ ਵੀ ਪੰਜਾਬੀ ਕਵਿਤਾ ਨਾਲ ਜੋੜੀ ਰੱਖਿਆ ਹੈ।

ਮੈਂ ਇਕੋ-ਇਕ ਸ਼ਾਇਦ ਖੁਸ਼ਕਿਸਮਤ ਕਵੀ ਹਾਂ, ਜਿਸ ਨੂੰ ਕੋਮਲ ਜੀ ਨੇ ਸੱਤ ਵਾਰੀਂ ਬੰਬਈ ਵਿਚ ਕਵੀ ਦਰਬਾਰ ਲਈ ਸੱਦਿਆ ਸੀ।

੧੯੯੧ ਵਿਚ ਕੋਮਲ ਜੀ ਬੰਬਈ ਛੱਡ ਕੇ ਪੰਜਾਬ ਆ ਗਏ। ਪੰਜਾਬ ਦੀ ਧਰਤੀ ਦੀ ਪੂਜਾ ਕਰਨ ਵਾਲੇ ਕੋਮਲ ਦਾ ਘਰ ਪੰਜਾਬੀਆਂ ਨੇ ਹੀ ਉਜਾੜ ਦਿੱਤਾ। ਉਨ੍ਹਾਂ ਦਾ ਅਤਿ ਸੁੰਦਰ, ਪਿਆਰਾ ਅਤੇ ਜ਼ਹੀਨ ਡਾਕਟਰ ਸਰਜਨ ਬੇਟਾ, ਰੱਬ ਜਾਣੇ ਕਿਸ ਦੀ ਗੋਲੀ ਦਾ ਨਿਸ਼ਾਨਾ ਬਣ ਗਿਆ। ਕੋਮਲ ਜੀ ਨੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਵਿਚ ਫਿਰ ਵੀ ਕੋਈ ਕਸਰ ਨਾ ਛੱਡੀ। ਉਸ ਨੇ ਪੰਜਾਬ ਵਿਚ ਆ ਕੇ ਕਈ ਪੁਸਤਕਾਂ ਪ੍ਰਕਾਸ਼ਤ ਕੀਤੀਆਂ।

ਹਥਲੀ ਪੁਸਤਕ 'ਵਿਰਸਾ ਖਾਲਸੇ ਦਾ' ਕੋਮਲ ਜੀ ਦੀ ਸਮੁੱਚੀ ਜ਼ਿੰਦਗੀ ਦੀ ਕਮਾਈ ਹੈ। ਉਸਦੀਆਂ ਧਾਰਮਿਕ ਕਵਿਤਾਵਾਂ ਦਾ ਇਕ ਖ਼ੂਬਸੂਰਤ ਗ਼ੁਲਦਸਤਾ ਹੈ। ਇਸ ਕਾਵਿ-ਗ਼ੁਲਦਸਤੇ ਨੂੰ ਸਜਾਉਣ ਲਈ ਕਵੀ ਨੇ ਛੇ ਪ੍ਰਕਾਰ ਦੇ ਮਹਿਕਦੇ, ਟਹਿਕਦੇ, ਰੰਗੀਨ ਤੇ ਹੁਸੀਨ ਫੁੱਲ ਖਾਲਸਾ ਪੰਥ ਦੇ ਇਤਿਹਾਸਕ ਬਗੀਚੇ ਚੋਂ ਬੜੀ ਮਿਹਨਤ, ਸ਼ਰਧਾ ਤੇ ਸਿਦਕ ਨਾਲ ਇਕੱਤਰ ਕੀਤੇ ਹਨ।

ਅਨੇਕਾਂ ਕਲਾ ਸੰਪੂਰਨ, ਗੁਰੂ ਨਾਨਕ ਪਾਤਸ਼ਾਹ ਦਾ ਸਾਰੀ ਮਨੁੱਖਤਾ ਲਈ ਨਾਮ ਜਪਣ, ਵੰਡ ਛਕਣ ਤੇ ਕਿਰਤ ਕਮਾਈ ਦਾ ਸੱਚਾ ਸੁੱਚਾ ਸੰਦੇਸ਼, ਤੱਤੀਆਂ ਤਵੀਆਂ 'ਤੇ ਅਕਾਲ ਪੁਰਖ ਦੇ ਮਿੱਠੇ ਭਾਣੇ ਨੂੰ ਖਿੜੇ ਮੱਥੇ ਪਰਵਾਨ ਕਰਨ ਵਾਲੇ ਗੁਰੂ ਅਰਜਨ ਦੇਵ

ਜੀ ਦੀ ਬੇ-ਮਿਸਾਲ ਸ਼ਹੀਦੀ, ਹਿੰਦੂ-ਧਰਮ ਦੀ ਰਾਖੀ ਲਈ ਤੇ ਜੰਞੂ ਤਿਲਕ ਦੀ ਰਖਸ਼ਾ ਲਈ ਗੁਰੂ ਤੇਗ ਬਹਾਦਰ ਜੀ ਦੀ ਅਲੌਕਿਕ ਤੇ ਅਦੁੱਤੀ ਸ਼ਹਾਦਤ, ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾਉਣ ਵਾਲੇ, ਅਨੇਕਾਂ ਸਿੰਘਾਂ ਸਿੰਘਣੀਆਂ ਦੀਆਂ ਕੁਰਬਾਨੀਆਂ ਦੇ ਦ੍ਰਿਸ਼, ਚੌਹਾਂ ਸਾਹਿਬਜ਼ਾਦਿਆਂ ਦੀਆਂ ਲਾਸਾਨੀ ਸ਼ਹਾਦਤਾਂ, ਅੰਮ੍ਰਿਤ ਦੇ ਅਨੇਕਾਂ ਕ੍ਰਿਸ਼ਮਿਆਂ, ਸਿੱਖੀ ਸਿਦਕ ਦੇ ਜਜ਼ਬਿਆਂ ਨਾਲ ਲਬਰੇਜ਼, ਵਲਵਲਾ ਅੰਗੇਜ਼ ਸ਼ੇਅਰ, ਬੀਰ-ਰਸੀ ਜੈਕਾਰਿਆਂ ਤੇ ਨਗਾਰਿਆਂ ਦੀ ਗੂੰਜ ਵਿਚ ਤੀਰਾਂ, ਤੇਗਾਂ ਤੇ ਢਾਲਾਂ ਦੀ ਛਣਕਾਰ ਵਿਚ ਰਣ ਭੂਮੀ ਨੂੰ ਆਪਣੇ ਲਹੂ ਦਾ ਤਿਲਕ ਲਾਉਣ ਵਾਲੇ, ਅਨ-ਗਿਣਤ ਸੂਰਬੀਰਾਂ ਦੀ ਦਾਸਤਾਨ ਹੈ, ਕੋਮਲ ਜੀ ਦੀਆਂ ਚੋਣਵੀਆਂ ਕਵਿਤਾਵਾਂ ਦਾ ਸੰਗ੍ਰਿਹ-'ਵਿਰਸਾ ਖਾਲਸੇ ਦਾ'।

ਅੰਤ ਵਿਚ ਮੈਂ ਆਪਣੇ ਅਤਿ ਪਿਆਰੇ ਮਿੱਤਰ ਤੇ ਕਾਵਿ ਮੰਚ ਦੇ ਸੁਹਿਰਦ ਸਾਥੀ ਕੋਮਲ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ।

ਯਾਦ ਰੱਖੋ ਮੇਰੇ ਗੁਰਸਿੱਖ ਭਰਾਵੋ ਅਤੇ ਭੈਣੋ ! ਕੇਵਲ ਅਤੇ ਕੇਵਲ ਕਵੀ ਹੀ, ਕੌਮ ਤੇ ਦੇਸ਼ ਦੇ ਅਹਿਸਾਸ ਨੂੰ ਜ਼ਿੰਦਾ ਰੱਖਦਾ ਹੈ । ਸ਼ਾਇਰ ਦਾ ਕੇਵਲ ਸ਼ੇਅਰ ਸਰਕਾਰਾਂ ਦੇ ਤਖ਼ਤੇ ਉਲਟਾਉਣ ਦੀ ਸਮਰੱਥਾ ਰੱਖਦਾ ਹੈ । ਤਾਹੀਓਂ ਤਾਂ ਅੰਮ੍ਰਿਤ ਦੇ ਦਾਤੇ ਤੇ ਸਰਬੰਸ ਦਾਨੀ ਪਿਤਾ ਸ੍ਰੀ ਦਸਮੇਸ਼ ਜੀ ਨੇ ਆਪਣੇ ਸੋਹਣੇ ਦਰਬਾਰ ਵਿਚ ਬਵੰਜਾ ਕਵੀ ਰੱਖ ਕੇ ਸੰਸਾਰ ਭਰ ਦੇ ਕਵੀਆਂ ਦਾ ਅਨੂਠਾ ਸਨਮਾਨ ਕੀਤਾ ਸੀ। ਉਹ ਜਾਣਦੇ ਸਨ ਕਿ ਕਵੀ ਕੌਮ ਦੀ ਜਿੰਦ, ਜਾਨ ਤੇ ਪ੍ਰਾਣ ਹੁੰਦੇ ਹਨ । ਮੇਰਾ ਹੇਠ ਲਿਖਿਆ ਸ਼ੇਅਰ ਕੋਮਲ ਜੈਸੇ ਅਣਖੀਲੇ ਤੇ ਜੋਸ਼ੀਲੇ ਕਵੀ ਦੀ ਜ਼ਿੰਦਗੀ ਦੀ ਪੂਰਨ ਤਰਜਮਾਨੀ ਕਰਦਾ ਹੈ :

ਸੂਲ ਸੁਰਾਹੀਆਂ ਵਰਗਾ ਜੀਣਾ ਕਵੀਆਂ ਦਾ,
ਪੀਂਦੇ ਖੰਜਰ ਪਿਆਲੇ, ਸੌਂਦੇ ਸੱਥਰਾਂ 'ਤੇ।

ਪ੍ਰੀਤਮ ਸਿੰਘ ਕਾਸ਼ਦ

ਐਮ-੪੭੧, ਗੁਰੂ ਹਰਿਕ੍ਰਿਸ਼ਨ ਨਗਰ
ਨਵੀਂ ਦਿੱਲੀ-੧੧੦੦੮੭
੨੯ ਅਪ੍ਰੈਲ ੧੯੯੯

# ਕੁਝ ਸ਼ਬਦ

ਮੁੰਬਈ ਵਾਲੇ ਸੁਪ੍ਰਸਿੱਧ ਪੰਜਾਬੀ ਕਵੀ, ਪੰਜਾਬੀ ਸਟੇਜਾਂ ਦੇ ਮਹਾਂਰਥੀ ਸ. ਵਿਧਾਤਾ ਸਿੰਘ 'ਤੀਰ' ਦੇ ਸ਼ਾਗਿਰਦ, ਸ. ਦਾਨ ਸਿੰਘ 'ਕੋਮਲ' ਮੇਰੇ ਨਿੱਘੇ ਮਿੱਤਰ ਹਨ। ਉਹ ਪਿਛਲੀ ਅੱਧੀ ਸਦੀ ਤੋਂ ਗੁਰਮਤਿ ਅਤੇ ਸਿੱਖ ਇਤਿਹਾਸ ਨੂੰ ਚਿਤਰਦੀਆਂ ਆਪਣੀਆਂ ਕਵਿਤਾਵਾਂ ਰਾਹੀਂ ਸੰਗਤਾਂ ਕੋਲੋਂ ਦਾਦ ਲੈਂਦੇ ਆ ਰਹੇ ਹਨ।

ਆਪਣੇ ਨਾਂ ਦੇ ਅੰਤ੍ਰੀਵ ਅਰਥਾਂ ਨੂੰ ਸਾਕਾਰ ਕਰਦੇ ਹੋਏ ਉਹ ਦਾਨੀ ਹਨ। ਉਨ੍ਹਾਂ ਨੇ ੬੦੦ ਪੁਸਤਕਾਂ ਪੰਜਾਬੀ ਸਾਹਿਤ ਅਕੈਡਮੀ ਦੀ ਰੈਫ਼ਰੈਂਸ ਲਾਇਬ੍ਰੇਰੀ ਲੁਧਿਆਣਾ ਨੂੰ ਭੇਟਾ ਕੀਤੀਆਂ ਹਨ।

ਉਹ ਕੌਲ ਦੇ ਪੱਕੇ ਤੇ ਹਠੀ ਵੀ ਹਨ। ਪੁਸਤਕ 'ਕਵਿਤਾ ਵਿਚ ਪੰਜਾਬ' ਦੀ ਖੋਜ ਕਰਦਿਆਂ, ਉਨ੍ਹਾਂ ਨੇ ਲਗਭਗ ੪੦੦੦ ਪੁਸਤਕਾਂ ਦੇ ਪੰਨੇ ਪਲਟਾਏ। ਜਦ ਪੁਸਤਕ ਛਪ ਕੇ ਵਿਦਵਾਨ ਪਾਠਕਾਂ ਦੇ ਸਾਹਮਣੇ ਆਈ, ਤਾਂ ਉਹ ਅਸ਼-ਅਸ਼ ਕਰ ਉੱਠੇ।

ਪਿੱਛਲੇ ਦਿਨੀਂ ਮੇਰੇ ਸਤਵੀਂ ਪੜ੍ਹਦੇ ਪੋਤੇ ਨੂੰ ਸਕੂਲ ਵਲੋਂ 'ਪਗੜੀ ਦੇ ਗੌਰਵ' ਬਾਰੇ ਕਵਿਤਾ ਦੀ ਲੋੜ ਪਈ ਤਾਂ ਕੋਮਲ ਹੁਰੀਂ ਆ ਬਹੁੜੇ। ਉਨ੍ਹਾਂ ਦੀ ਭਾਰਤੀ ਸੰਸਕ੍ਰਿਤੀ, ਇਤਿਹਾਸ ਤੇ ਸਿੱਖ ਪਰੰਪਰਾ ਨੂੰ ਚਿਤਰਦੀ ਇਕ ਕਵਿਤਾ ਸਕੂਲ ਪ੍ਰਬੰਧਕਾਂ ਨੂੰ ਏਨੀ ਪਸੰਦ ਆਈ ਕਿ ਉਸ ਦੇ ਆਧਾਰ 'ਤੇ ਉਨ੍ਹਾਂ ਨੇ ਇਕ ਕਾਵਿ-ਨਾਟਕ ਹੀ ਤਿਆਰ ਕਰ ਦਿੱਤਾ। ਉਹ ਕਵਿਤਾ ਵੀ ਹੱਥਲੇ ਸੰਗ੍ਰਹਿ ਵਿਚ ਸ਼ਾਮਲ ਹੈ।

ਮੈਨੂੰ ਖੁਸ਼ੀ ਤੇ ਤਸੱਲੀ ਹੈ ਕਿ ਖ਼ਾਲਸਾ ਸਾਜਣਾ ਦੀ ਤ੍ਰੈਸ਼ਤਾਬਦੀ ਦੇ ਸ਼ੁਭ ਅਵਸਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੋਮਲ ਜੀ ਦੀਆਂ ਸਿੱਖ ਵਿਰਸੇ ਸੰਬੰਧੀ ਸਾਂਭਣ ਯੋਗ ਕਵਿਤਾਵਾਂ ਦਾ ਸੰਗ੍ਰਹ ਛਾਪਣ ਦਾ ਉਪਰਾਲਾ ਕਰ ਕੇ ਕਵੀ ਦੀ ਹੌਂਸਲਾ ਅਫ਼ਜ਼ਾਈ ਕੀਤੀ ਹੈ।

ਮੇਰੀ ਅਰਦਾਸ ਹੈ ਕਿ ਵਾਹਿਗੁਰੂ ਕੋਮਲ ਦੀ ਕਲਮ ਨੂੰ ਹੋਰ ਸ਼ਕਤੀ ਬਖ਼ਸ਼ੇ।

ਪ੍ਰੇਮ ਸਿੰਘ ਬਜਾਜ
(ਪ੍ਰਿੰਸੀਪਲ ਰੀਟਾ:)

ਜਨਰਲ ਸਕੱਤਰ
ਅਤੇ ਡਾਇਰੈਕਟਰ ਰੈਫ਼ਰੈਂਸ ਲਾਇਬ੍ਰੇਰੀ
ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ
੧੦ ਮਈ ੧੯੯੯

# ਇਸ ਪੁਸਤਕ ਬਾਰੇ

੧੯੯੯ ਦੇ ਸ਼ੁਰੂ ਵਿਚ ਮੈਂ ਆਪਣੀਆਂ ਚੋਣਵੀਆਂ ਕਵਿਤਾਵਾਂ ਪੁਸਤਕ-ਰੂਪ ਵਿਚ, ਖਾਲਸੇ ਦੀ ਤੀਜੀ ਸਿਰਜਣਾ ਸ਼ਤਾਬਦੀ ਨੂੰ ਸਮਰਪਿਤ ਕਰਨ ਦਾ ਫੈਸਲਾ ਕੀਤਾ ਸੀ। ਉਸ ਅਨੁਸਾਰ ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਜਨਰਲ ਸਕੱਤਰ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਦੀ ਸਲਾਹ ਨਾਲ ਕਵਿਤਾ ਦੇ ਖਰੜੇ ਦੀਆਂ ਦੋ ਕਾਪੀਆਂ ਧਰਮ ਪ੍ਰਚਾਰ ਕਮੇਟੀ ਨੂੰ ਭੇਜ ਦਿੱਤੀਆਂ। ਕਮੇਟੀ ਨੇ ਆਪਣੇ ਮਾਨਯੋਗ ਵਿਦਵਾਨਾਂ ਦੀ ਰਾਏ ਅਤੇ ਸਿਫ਼ਾਰਸ਼ ਨਾਲ, ਇਹ ਕਾਵਿ-ਸੰਗ੍ਰਿਹ 'ਵਿਰਸਾ ਖਾਲਸੇ ਦਾ' ਪ੍ਰਕਾਸ਼ਤ ਕੀਤਾ ਹੈ।

ਇਹ ਮੇਰੀ ਬਾਈਵੀਂ ਪੁਸਤਕ ਹੈ। ਇਸ ਵਿਚਲੀਆਂ ਬਹੁਤੀਆਂ ਕਵਿਤਾਵਾਂ ਮੇਰੀ ਜ਼ਿੰਦਗੀ ਦੀਆਂ ਬਿਹਤਰੀਨ ਰਚਨਾਵਾਂ ਹਨ, ਜੋ ਸਮੇਂ-ਸਮੇਂ ਸਿੰਘ ਸਭਾਵਾਂ ਅਤੇ ਧਾਰਮਿਕ ਸੰਸਥਾਵਾਂ ਵਲੋਂ ਮਨਾਏ ਗਏ ਗੁਰਪੁਰਬਾਂ ਦੇ ਕਵੀ ਦਰਬਾਰਾਂ ਵਿਚ ਮਾਣ ਸਨਮਾਨ ਪ੍ਰਾਪਤ ਕਰ ਚੁੱਕੀਆਂ ਹਨ।

ਇਹ ਕਵਿਤਾਵਾਂ ਸ਼੍ਰੋਮਣੀ ਕਮੇਟੀ ਦੇ ਦੋ ਮਾਸਕ ਪੱਤਰਾਂ ਗੁਰਮਤਿ ਪ੍ਰਕਾਸ਼ ਅਤੇ ਗੁਰਦੁਆਰਾ ਗਜ਼ਟ ਵਿਚ ੧੯੫੭ ਤੋਂ ਛਪਦੀਆਂ ਆ ਰਹੀਆਂ ਹਨ। ਇਸ ਤੋਂ ਬਿਨਾਂ ਪੰਜਾਬ ਅਤੇ ਭਾਰਤ ਦੇ ਹੋਰ ਕਈ ਪ੍ਰਾਂਤਾਂ ਵਿਚ ਛੱਪਦੇ ਮਾਸਕ ਤੇ ਸਪਤਾਹਿਕ ਪੱਤਰਾਂ ਵਿਚ ਵੀ ਛੱਪ ਚੁੱਕੀਆਂ ਹਨ।

ਸਿੱਖ ਇਤਿਹਾਸ ਦੀ ਰੌਸ਼ਨੀ ਵਿਚ, ਗੁਰਮਤਿ ਅਨੁਸਾਰ ਲਿਖੀਆਂ ਇਹ ਕਵਿਤਾਵਾਂ, ਸਿੱਖੀ ਵਿਰਸੇ ਨੂੰ ਉਜਾਗਰ ਕਰਨ ਲਈ ਸਿੱਖ ਧਰਮ ਦੇ ਪਰਚਾਰ ਲਈ ਸਹਾਇਕ ਸਾਬਤ ਹੋਣਗੀਆਂ। ਮੈਨੂੰ ਇਹ ਪੂਰਨ ਆਸ ਹੈ।

ਧਰਮ ਪ੍ਰਚਾਰ ਕਮੇਟੀ (ਸ਼੍ਰੋ: ਗੁ: ਪ੍ਰ: ਕਮੇਟੀ) ਸ੍ਰੀ ਅੰਮ੍ਰਿਤਸਰ ਵਲੋਂ ਇਹ ਪੁਸਤਕ ਪ੍ਰਕਾਸ਼ਤ ਕਰਨ 'ਤੇ ਮੈਨੂੰ ਮਾਣ ਹੈ। ਮੈਂ ਕਮੇਟੀ ਦਾ ਤਹਿ ਦਿਲੋਂ ਧੰਨਵਾਦੀ ਹਾਂ।

ਦਾਨ ਸਿੰਘ ਕੋਮਲ

੪੫੫-ਜੀ, ਭਾਈ ਰਣਧੀਰ ਸਿੰਘ ਨਗਰ
ਲੁਧਿਆਣਾ-੧੪੧੦੦੧ ਫੋਨ-੪੫੦੫੭੦
੫ ਮਈ ੧੯੯੯

ਭਾਗ ਪਹਿਲਾ

# ਗੁਰੂ ਸਾਹਿਬਾਨ-ਦਰਸ਼ਨ

ਧੁਰ ਕੀ ਬਾਣੀ ਦੇ ਗੁਰੂ ਗ੍ਰੰਥ ਅੰਦਰ,
ਦਸਾਂ ਗੁਰੂਆਂ ਦੀ ਬੋਲਦੀ ਆਤਮਾ ਏਂ ।
ਜੇਕਰ ਅੰਦਰਲੀ ਅੱਖ ਦੇ ਨਾਲ ਤੱਕੀਏ,
ਦਿਸਦਾ ਇਦ੍ਹੇ ਵਿਚ ਬੈਠਾ ਪ੍ਰਮਾਤਮਾ ਏਂ ।

## ਗੁਰੂ ਨਾਨਕ ਦਾ ਧਰਮ

ਰਾਜੇ ਰਾਣੇ ਤੇ ਸ਼ਾਹ ਸੁਲਤਾਨ ਸਾਰੇ,
ਕਰਦੇ ਪਰਜਾ ਤੇ ਰਾਜ ਤਲਵਾਰ ਦੇ ਨਾਲ ।
ਪਰ ਗੁਰੂ ਨਾਨਕ ਨੇ ਲੋਕਾਂ ਦੇ ਦਿਲਾਂ ਉਤੇ,
ਰਾਜ ਕੀਤਾ ਸੀ ਬੜੇ ਪਿਆਰ ਦੇ ਨਾਲ ।
ਉਹਦੀ ਪਿਆਰ ਦੀ ਤਾਰ ਸੀ ਜੁੜੀ ਹੋਈ,
ਓਧਰ ਆਪਣੇ ਯਾਰ ਕਰਤਾਰ ਦੇ ਨਾਲ ।
ਏਧਰ ਕਲਯੁੱਗ ਦੇ ਦੁੱਖ ਉਸ ਦੂਰ ਕੀਤੇ ।
ਦਿਲ ਜੋੜ ਕੇ ਸਾਰੇ ਸੰਸਾਰ ਦੇ ਨਾਲ ।
ਉਹਨੇ ਨਿੰਮ੍ਰਤਾ ਨਾਲ ਕ੍ਰੋਧ ਜਿੱਤਿਆ,
ਮਿੱਠਤ ਨਾਲ ਹੰਕਾਰ ਨੂੰ ਵਲ ਲਿਆ ਸੀ ।
ਉਹਨੇ ਪਿਆਰ-ਗਲਵੱਕੜੀ ਪਾ ਕੇ ਤੇ,
ਬਾਹਾਂ ਵਿਚ ਸੰਸਾਰ ਨੂੰ ਵਲ ਲਿਆ ਸੀ ।
ਨਾਨਕ ਗੁਰੂ ਦਾ ਧਰਮ ਹੈ ਬਹੁਤ ਉੱਚਾ,
ਇਹਨੂੰ ਕਿਹਾ ਜਾਂਦਾ ਸਿੱਖ-ਮੱਤ ਵੀ ਏ ।
ਸਿੱਖ-ਮੱਤ ਦਸਦੈ, ਇੱਕ ਪ੍ਰਮਾਤਮਾ ਏ,
ਜੋ ਨਿਰਭਉ, ਨਿਰਵੈਰ ਤੇ ਸੱਤ ਵੀ ਏ ।
ਏਸ ਮੱਤ ਵਿਚ ਨਿੰਮ੍ਰਤਾ, ਦਇਆ, ਧੀਰਜ,
ਜਤ ਸੱਤ ਵੀ ਏ ਗੱਤ ਪੱਤ ਵੀ ਏ ।
ਨੇਕੀ, ਸੇਵਾ ਤੇ ਪਰਉਪਕਾਰ, ਸ਼ਾਂਤੀ,
ਮਿੱਠਤ, ਗੁਣ, ਚੰਗਿਆਈਆਂ ਦਾ ਤੱਤ ਵੀ ਏ ।

ਇਹਦੇ ਵਿਚ ਭੰਡਾਰ ਹੈ, ਗਿਆਨ ਵਾਲਾ
ਤੇ ਗਿਆਨ ਅੰਦਰ, ਜੀਵਨ-ਜੁਗਤ ਵੀ ਏ ।
ਜੀਵਨ-ਜੁਗਤ ਦੇ ਨਾਲ ਇਨਸਾਨ ਬਣਦੈ,
ਜੇ ਇਨਸਾਨ ਬਣੀਏ, ਮਿਲਦੀ ਮੁਕਤ ਵੀ ਏ ।
ਹੱਥੀਂ ਕ੍ਰਿਤ ਕਰਨੀ, ਖਾਣਾ ਵੰਡ ਕੇ ਤੇ,
ਜਪਣਾ ਇੱਕੋ ਹੀ ਇੱਕ ਨਿਰੰਕਾਰ ਹਰਦਮ ।
ਸੰਗਤ ਵਿਚ ਬਹਿਣਾ, ਪੜ੍ਹਨੀ ਗੁਰੂਬਾਣੀ,
ਕਰਨਾ ਬੰਦਿਆਂ ਨਾਲ ਪਿਆਰ ਹਰਦਮ ।
ਬਚ ਕੇ ਕਾਮ ਕ੍ਰੋਧ ਤੇ ਲੋਭ ਮੋਹ ਤੋਂ,
ਢਾਹੁਣੀ ਹਉਮੈ ਦੀ ਪੱਕੀ ਦੀਵਾਰ ਹਰਦਮ ॥
ਮਨ ਜਿੱਤ ਕੇ, ਜੱਗ ਨੂੰ ਜਿੱਤ ਲੈਣਾ,
ਰੱਖਣਾ ਜੋਤਿ ਨੂੰ ਜੋਤਿ ਵਿਚਕਾਰ ਹਰਦਮ ।
ਇਹ ਹੈ ਧਰਮ ਉੱਤਮ, ਇਹ ਹੈ ਸਰਬ-ਸਾਂਝਾ ।
ਇਹਦੇ ਵਿਚ ਵੱਸਦੀ ਚੜ੍ਹਦੀ ਕਲਾ ਵੀ ਏ ।
ਇਸ ਵਿਚ ਏਕਤਾ, ਅਮਨ, ਪਿਆਰ ਭਰਿਆ,
ਇਹਦੇ ਵਿਚ ਸਰਬੱਤ ਦਾ ਭਲਾ ਵੀ ਏ ।
ਨਾਨਕ-ਧਰਮ ਦਸਦੈ, ਇਸ ਸੰਸਾਰ ਅੰਦਰ,
ਹਰ ਇੱਕ ਧਰਮ ਚੰਗਾ ਤੇ ਈਮਾਨ ਚੰਗਾ ।
ਕੋਈ ਫਰਕ ਨਹੀਂ ਰਾਮ, ਰਹੀਮ ਅੰਦਰ,
ਹੈ ਖੁਦਾ ਚੰਗਾ ਤੇ ਭਗਵਾਨ ਚੰਗਾ ।
ਪਰ ਜੋ ਰੱਬ ਦੀ ਖ਼ਲਕ ਨੂੰ ਪਿਆਰ ਕਰਦੈ,
ਹਿੰਦੂ ਉਹੋ ਚੰਗਾ, ਮੁਸਲਮਾਨ ਚੰਗਾ ।
ਐਪਰ ਹਿੰਦੂਆਂ ਮੋਮਨਾਂ ਦੁਹਾਂ ਵਿਚੋਂ,
ਜੀਹਦੇ ਅਮਲ ਚੰਗੇ, ਉਹ ਇਨਸਾਨ ਚੰਗਾ ।
ਇਕ ਅੰਗ੍ਰੇਜ਼ ਲਿਖਦੈ, ਨਾਨਕ-ਧਰਮ ਵਰਗੇ,
ਸਾਡੇ ਕੋਲ ਜੋ ਸਿੱਖੀ-ਸਿਧਾਂਤ ਹੁੰਦੇ ।
ਸਾਰੇ ਜੱਗ ਵਿਚ ਸਾਡਾ ਹੀ ਮਜ਼੍ਹਬ ਹੁੰਦਾ,
ਲੋਕ ਦੁਨੀਆਂ ਦੇ ਸੁਖੀ ਤੇ ਸ਼ਾਂਤ ਹੁੰਦੇ ।

ਨਾਨਕ-ਧਰਮ ਦੀ ਨੀਂਹ ਹੈ ਸੱਚ ਉਤੇ,
ਇਹਦੀ ਕਰਨੀ ਜਿਹਾ ਕਿਤੇ ਵੀ ਕਰਮ ਕੋਈ ਨਾ।
ਔਰਤ ਜ਼ਾਤ ਦੀ ਲਾਜ ਤੇ ਸ਼ਰਮ ਇਹਨੂੰ,
ਜ਼ਾਤ ਪਾਤ, ਪਖੰਡ ਤੇ ਭਰਮ ਕੋਈ ਨਾ,
ਨਾਨਕ ਨਾਮ ਜਹੀ ਕਿਤੇ ਦਵਾ ਕੋਈ ਨਾ।
ਇਹਦੀ ਬਾਣੀ ਜਹੀ ਕਿਤੇ ਵੀ ਮਰ੍ਹਮ ਕੋਈ ਨਾ।
ਸੌ ਹੱਥ ਰੱਸਾ ਤੇ ਸਿਰੇ ਤੇ ਗੰਢ ਲੋਕੋ,
ਨਾਨਕ ਧਰਮ ਵਰਗਾ ਹੋਰ ਧਰਮ ਕੋਈ ਨਾ।
ਸਾਇੰਸ ਸੁੱਖ ਦਿੱਤੇ, ਪਰ ਨਾ ਚੈਨ ਦਿੱਤਾ,
ਸਗੋਂ ਵਧੀ ਤਬਾਹੀ ਤੇ ਜੰਗ ਵੇਖੋ।
ਸਾਬਤ ਕੀਤਾ ਅਮਰੀਕਨਾਂ ਸਿੱਖ ਬਣਕੇ,
ਨਾਨਕ-ਧਰਮ ਹੈ ਸਮੇਂ ਦੀ ਮੰਗ ਵੇਖੋ।
ਅੱਜ ਹਾਲ ਜ਼ਮਾਨੇ ਦਾ ਵੇਖ ਕੇ ਤੇ,
ਪੈਂਦੇ ਮੇਰੇ ਕਲੇਜੇ ਨੂੰ ਸੱਲ ਲੋਕੋ।
ਧੋਖੇ ਈਰਖਾ ਦਾ ਡੰਕਾ ਵੱਜਦਾ ਏ,
ਹਰ ਥਾਂ ਝੂਠ ਦਾ ਖੜਕਦਾ ਟੱਲ ਲੋਕੋ।
ਲੁੱਟ ਪਈ ਹੈ ਸਿਖਰ ਦੁਪਹਿਰ ਵੇਲੇ,
ਬਾਕੀ ਰਾਤ ਦੀ ਨਾ ਪੁੱਛੋ ਗੱਲ ਲੋਕੋ।
ਭ੍ਰਿਸ਼ਟਾਚਾਰ ਸਮਗਲਿੰਗ ਦਾ ਬੋਲਬਾਲਾ,
ਲਹਿੰਦੀ ਪਈ ਇਨਸਾਫ ਦੀ ਖੱਲ ਲੋਕੋ।
ਅਮਨ ਸ਼ਾਂਤੀ ਦੀ ਲੋੜ ਹੈ ਸਾਰਿਆਂ ਨੂੰ,
ਆਓ ਜੀਊਣ ਦਾ ਸਿੱਖ ਲਓ ਵੱਲ ਲੋਕੋ।
ਮੇਰੇ ਖਿਆਲ ਵਿਚ ਸਾਰਿਆਂ ਮਸਲਿਆਂ ਦਾ
ਨਾਨਕ-ਧਰਮ ਹੈ ਇਕੋ ਹੀ ਹੱਲ ਲੋਕੋ।

# ਗੁਰੂ ਨਾਨਕ ਜੀ ਸੁਲਤਾਨ ਪੁਰ ਲੋਧੀ ਵਿਚ

ਭਾਗਾਂ ਵਾਲੀ ਹੈ ਧਰਤਿ ਸੁਲਤਾਨ ਪੁਰ ਦੀ,
ਨਾਨਕ ਗੁਰੂ ਨੇ ਭਾਗ ਸੀ ਲਾਏ ਜਿਥੇ ।
ਆਪਣੀ ਭਰ ਜਵਾਨੀ ਦੀ ਉਮਰ ਵਿਚੋਂ,
ਚੌਦਾਂ ਕੀਮਤੀ ਸਾਲ ਬਿਤਾਏ ਜਿਥੇ ।
ਮੋਦੀਖਾਨੈ ਦਾ ਕੰਮ ਸੰਭਾਲ ਕੇ ਤੇ,
ਸੱਚੀ ਕਿਰਤ ਦੇ ਪੂਰਨੇ ਪਾਏ ਜਿਥੇ ।
ਸੱਚ ਦੱਸ ਕੇ ਤੇ ਮੁਸਲਮਾਨ ਹਿੰਦੂ,
ਸੱਚੇ ਰੱਬ ਦੇ ਰਾਹ ਤੇ ਪਾਏ ਜਿੱਥੇ ।
ਜਿੱਥੇ ਮਿੱਤਰ ਮਰਦਾਨਾ ਸੀ ਆਣ ਮਿਲਿਆ,
ਫੇਰ ਗਈ ਖਰੀਦੀ ਰਬਾਬ ਜਿੱਥੇ ।
ਨਾਨਕ ਗੁਰੂ ਦਾ ਦਿਲੋਂ ਮੁਰੀਦ ਬਣਿਆ,
ਦੌਲਤ ਖਾਨ ਦੀਵਾਨ ਨਵਾਬ ਜਿੱਥੇ ।
ਬਣ ਕੇ ਲੋਧੀ ਸਰਕਾਰ ਦੇ ਨੇਕ ਮੋਦੀ,
ਖੋਲ੍ਹ ਨਾਨਕ ਨੇ ਸੱਚ ਦਾ ਹੱਟ ਦਿੱਤਾ ।
ਰੱਖਿਆ ਪਾਸਕੂ ਨਾ, ਠੂੰਗਾ ਮਾਰਿਆ ਨਾ,
ਪੂਰਾ ਤੋਲਕੇ ਤੇ ਵੇਚ ਵੱਟ ਦਿੱਤਾ ।
ਲੈਣ ਵੇਲੇ ਨਾ ਕਿਸੇ ਤੋਂ ਲਿਆ ਵਾਧੂ,
ਦੇਣ ਵੇਲੇ ਨਾ ਕਿਸੇ ਨੂੰ ਘੱਟ ਦਿੱਤਾ ।
ਲੋੜਵੰਦਾਂ ਦੀ ਵੀ ਕੀਤੀ ਲੋੜ ਪੂਰੀ,
ਤੇ ਸਰਕਾਰ ਨੂੰ ਵੀ ਨਫ਼ਾ ਖੱਟ ਦਿੱਤਾ ।
ਬਾਰਾਂ ਤੀਕ ਗਿਣ ਕੇ ਤੇਰਾਂ ਭੁੱਲ ਜਾਂਦੇ,
ਅੱਗੋਂ ਤੇਰਾ ਹਾਂ, ਤੇਰਾ ਹਾਂ ਬੋਲਦੇ ਰਹੇ ।

ਰਸਦ ਵੰਡਣ ਲਈ ਭੁੱਖਿਆਂ ਨੰਗਿਆਂ ਨੂੰ,
ਤੇਰਾਂ ਤੇਰਾਂ ਦੀਆਂ ਧਾਰਨਾ ਤੋਲਦੇ ਰਹੇ ।
ਪਿਤਾ ਕਾਲੂ ਆ ਨਾਨਕ ਨੂੰ ਕਹਿਣ ਲੱਗਾ,
"ਪੁੱਤਰ ਕੀ ਕਮਾਇਆ ਈ ਦੱਸ ਤਾਂ ਸਹੀ ?
ਸਾਰੇ ਸੁਣੀਂਦੀ ਏ, ਤੇਰੀ ਬੜੀ ਸ਼ੋਭਾ,
ਮੈਂ ਤਲਵੰਡੀਓਂ ਆਇਆ ਈ ਦੱਸ ਤਾਂ ਸਹੀ ?
ਦੱਸ ਬਚੀ ਕਟੌਤੀ 'ਚੋਂ ਜਿਨਸ ਕਿੰਨੀ,
ਕੀ ਤਨਖਾਹੋਂ ਬਚਾਇਆ ਈ ਦੱਸ ਤਾਂ ਸਹੀ ?
ਸ਼ੁਕਰ ਹੈ ਕਿ ਤੂੰ ਵੀ ਕਮਾਉਣ ਸਿਖਿਐਂ,
ਜੋੜੀ ਕਿੰਨੀ ਕੁ ਮਾਇਆ ਈ ਦੱਸ ਤਾਂ ਸਹੀ ?"
ਹੱਸ ਕੇ ਨਾਨਕ ਨੇ ਆਖਿਆ ਪਿਤਾ ਜੀਓ;
"ਲੋਭ ਮੋਹ ਵਿਚ ਤੁਸੀਂ ਤਾਂ ਗ੍ਰਸੇ ਹੋਏ ਓ ।
ਤੁਸੀਂ ਦੌਲਤ ਹੀ ਜ਼ਿੰਦਗੀ ਸਮਝਦੇ ਓ,
ਏਨੇ ਮਾਇਆ ਦੇ ਜਾਲ ਵਿਚ ਫਸੇ ਹੋਏ ਓ ।
ਸੱਚੇ ਨਾਮ ਦਾ ਧਨ ਹੈ ਕੋਲ ਮੇਰੇ,
ਝੂਠੀ ਦੌਲਤ ਵੱਲ ਮੇਰਾ ਖਿਆਲ ਈ ਨਹੀਂ ।
ਕਿਉਂਕਿ ਪਾਪਾਂ ਬਿਨ ਕਦੇ ਨਾ ਹੋਏ ਕੱਠੀ,
ਮੋਇਆਂ ਹੋਇਆਂ ਦੇ ਜਾਂਦੀ ਇਹ ਨਾਲ ਈ ਨਹੀਂ ।
ਏਧਰੋਂ ਔਂਦੀ ਤੇ ਐਧਰ ਨੂੰ ਚਲੀ ਜਾਂਦੀ,
ਟਿਕਣ ਵਾਲਾ ਇਹ ਪਿਤਾ ਜੀ ਮਾਲ ਈ ਨਹੀਂ ।
ਟੁੱਟ ਕੇ ਪ੍ਰਭੂ ਤੋਂ ਮਾਇਆ ਦੇ ਨਾਲ ਜੁੜ ਜਾਂ,
ਪੈਦਾ ਹੁੰਦਾ ਇਹ ਕਦੇ ਸਵਾਲ ਈ ਨਹੀਂ ।
ਭਾਵੇਂ ਮੇਰੇ ਤੇ ਹੋਵੋ ਨਾਰਾਜ਼ ਤੁਸੀਂ,
ਪਰ ਮੈਂ ਉਮਰ ਸਾਰੀ ਜੋੜ ਸਕਦਾ ਨਹੀਂ ।
ਤੁਸਾਂ ਨਾਲੋਂ ਤਾਂ ਪਿਤਾ ਜੀ ਤੋੜ ਸਕਨਾਂ,
ਓਸ ਪਿਤਾ ਨਾਲੋਂ ਤੋੜ ਸਕਦਾ ਨਹੀਂ ।"
ਚੁਗ਼ਲਖ਼ੋਰਾਂ ਨਵਾਬ ਨੂੰ ਸ਼ੱਕ ਪਾਇਆ,
ਮੰਗਿਆ ਨਾਨਕ ਤੋਂ ਗਿਆ ਹਿਸਾਬ ਆਖਰ ।

ਥਾਂ ਘਾਟੇ ਦੇ ਵਾਧਾ ਹੀ ਨਿਕਲਿਆ ਸੀ,
ਪੂਰਾ ਉਤਰਿਆ ਮੇਰਾ ਜਨਾਬ ਆਖਰ ।
ਭਾਵੇਂ ਲੱਖ ਨਵਾਬ ਨੇ ਰੋਕਿਆ ਸੀ,
ਦਿੱਤਾ ਨੌਕਰੀ ਵੱਲੋਂ ਜਵਾਬ ਆਖਰ ।
ਸੱਚੀ ਨੌਕਰੀ ਕਰ ਲਈ ਪ੍ਰਮਾਤਮਾ ਦੀ,
ਕੀਤਾ ਸਮਾਂ ਨਾ ਹੋਰ ਖਰਾਬ ਆਖਰ ।

ਵੇਈਂ ਨਦੀ ਵਿਚ ਫੇਰ ਅਲੋਪ ਹੋ ਗਏ,
ਡੁੱਬਾ ਕਹਿਣ ਲੋਕੀਂ, ਗੱਲ ਗੁੱਝੀ ਸੀ ਇਹ ।
"ਕਦੇ ਰੱਬ ਨੂੰ ਵੀ ਕਿਸੇ ਡੋਬਿਆ ਏ ?"
ਸਿਰਫ ਨਾਨਕੀ ਨੇ ਗੱਲ ਬੁੱਝੀ ਸੀ ਇਹ ।

ਕਿਹਾ ਨਾਨਕ ਨੇ ਨਦੀ ਤੋਂ ਬਾਹਰ ਆ ਕੇ,
"ਚੰਗਾ ਧਰਮ ਤੇ ਚੰਗਾ ਈਮਾਨ ਕਿਹੜੈ ?
ਨਾ ਕੋਈ ਹਿੰਦੂ ਤੇ ਨਾ ਮੁਸਲਮਾਨ ਇਥੈ,
ਦੱਸੋ ਹਿੰਦੂ ਕਿਹੜੇ, ਮੁਸਲਮਾਨ ਕਿਹੜੈ ?
ਇਕ ਰੱਬ ਨੂੰ ਤੁਸਾਂ ਨੇ ਵੰਡਿਆ ਏ,
ਦੱਸੋ ਅੱਲਾ ਕਿਹੜੈ ਤੇ ਭਗਵਾਨ ਕਿਹੜੈ ?
ਚੰਗਾ ਹਿੰਦੂ ਕਿ ਮੋਮਨ ਨਾ ਇਹ ਵੇਖੋ,
ਵੇਖੋ ਦੋਹਾਂ 'ਚੋਂ ਚੰਗਾ ਇਨਸਾਨ ਕਿਹੜੈ ?"

ਇਉਂ ਸੁਲਤਾਨ ਪੁਰ ਵਿਚ ਉਪਦੇਸ਼ ਦੇ ਕੇ,
ਛੱਡ ਆਪਣਾ ਸਾਰਾ ਪਰਵਾਰ ਤੁਰ ਪਏ ।
'ਕੋਮਲ' ਮਿੱਤਰ ਮਰਦਾਨੇ ਨੂੰ ਨਾਲ ਲੈ ਕੇ,
ਸੋਧਣ ਵਾਸਤੇ ਸਾਰਾ ਸੰਸਾਰ ਤੁਰ ਪਏ ।

# ਜਗਤ ਦਾ ਚਾਨਣ-ਮੁਨਾਰਾ
## ਗੁਰੂ ਨਾਨਕ

ਅੰਬਰ ਦੇ ਥਾਲ ਵਿਚ ਤਾਰਿਆਂ ਦੇ ਫੁੱਲ ਪਾ ਕੇ,
ਧਰਤਿ ਕਰੇ ਆਰਤੀ, ਅਸਚਰਜ ਨਜ਼ਾਰਾ ਏ ।
ਜਗ ਮਗ ਜਗ ਮਗ ਸ੍ਰਿਸ਼ਟੀ ਪਈ ਕਰਦੀ ਏ,
ਮੰਗਲ ਪਿਆ ਗੌਂਦਾ ਅੱਜ ਬ੍ਰਹਿਮੰਡ ਸਾਰਾ ਏ ।
ਨੂਰ ਦਾ ਬਿਬਾਣ ਇਕ, ਉਡਦਾ ਗੁਬਾਰੇ ਵਾਂਗੂ,
ਮਾਤ-ਲੋਕ ਵੱਲ ਆਵੇ, ਲਗਦਾ ਪਿਆਰਾ ਏ ।
ਨਾਨਕ ਦੇ ਰੂਪ ਵਿਚ ਕਹਿੰਦੇ ਨੇ ਕਿ ਰੱਬ ਔਣੈਂ,
ਤ੍ਰਿਪਤਾਂ ਦੇ ਘਰ ਉਹਨੇ ਕਰਨਾ ਉਤਾਰਾ ਏ ।

ਪਿੰਡਾਂ ਵਿਚ, ਸ਼ਹਿਰਾਂ ਵਿਚ, ਚੌਂਕਾਂ ਵਿਚ, ਗਲੀਆਂ 'ਚ,
ਉਸੇ ਦੇ ਸੁਆਗਤਾਂ ਦੀ ਹੋ ਰਹੀ ਤਿਆਰੀ ਏ ।
ਟਹਿਕ ਪਈ, ਲੁਕਾਈ ਸਾਰੀ, ਮਹਿਕ ਪਈ ਬਨਾਸਪਤੀ,
ਰੂਹਾਂ ਤਾਈਂ ਚੜ੍ਹੀ ਉਹਦੇ ਨਾਮ ਦੀ ਖ਼ੁਮਾਰੀ ਏ ।
ਕੁੱਲ ਕਾਇਨਾਤ ਅੱਜ ਖੁਸ਼ੀ ਨਾਲ ਨੱਚਦੀ ਏ,
ਹਵਾ 'ਚੋਂ ਆਵਾਜ਼ ਔਂਦੀ, ਬੜੀ ਹੀ ਪਿਆਰੀ ਏ ।
ਬਾ-ਹੋਸ਼, ਬਾ-ਅਦਬ, ਬਾ-ਮੁਲਾਹਜ਼ਾ, ਹੋਸ਼ਿਆਰ,
ਨਾਨਕ ਸੱਚੇ ਪਾਤਸ਼ਾਹ ਦੀ ਆ ਰਹੀ ਸਵਾਰੀ ਏ ।

ਵਿੱਚ ਤਲਵੰਡੀ ਇੱਕ ਤੇਜ਼ ਲਿਸ਼ਕਾਰਾ ਪਿਆ,
ਚਹੁੰ ਕੂਟਾਂ ਵਿਚ ਹੋਇਆ ਨੂਰ ਦਾ ਪਸਾਰਾ ਏ ।
ਭਗਤਾਂ ਤੇ ਦਿਓਤਿਆਂ ਨੇ ਫੁੱਲ ਵਰਸਾ ਕੇ ਕਿਹਾ,
ਧੰਨ ਧੰਨ ਨਾਨਕ ਜੀ, ਅਪਰ ਅਪਾਰਾ ਏ ।
ਟੇਵਾ ਲਾ ਕੇ ਆਖਿਆ ਸੀ ਪ੍ਰੋਹਤ ਹਰਦਿਆਲ ਨੇ,
ਜੱਗ ਉਤੇ ਆਇਆ ਕੋਈ ਰੂਪ ਹੀ ਨਿਆਰਾ ਏ ।
ਕੁੰਡਲੀ ਉਤੇ ਪੱਤਰੀ ਵੀ ਭਰਦੀ ਹੁੰਗਾਰਾ ਏ,
ਆ ਗਿਆ ਨਾਰਾਇਣ ਬਣ ਕਾਲੂ ਦਾ ਦੁਲਾਰਾ ਏ ।

"ਹੈਂ.. ਐਂ.. ਐਂ ਯਾ ਖ਼ੁਦਾ ! ਇਹ ਬੱਚਾ ਪਿਆ ਹੱਸਦੈ"
ਬੋਲੀ ਦਾਈ ਦੌਲਤਾਂ "ਬਈ ਅਲੋਕਾਰ ਬਾਲ ਏ ।"
"ਆਹਾ ਹਾ ! ਇਹ ਰੂਪ ਰੰਗ, ਸੁੰਦਰ ਹੈ ਵੀਰ ਮੇਰਾ"
ਨਾਨਕੀ ਨੇ ਕਿਹਾ "ਮੇਰੀ ਆਤਮਾ ਨਿਹਾਲ ਏ ।"
"ਵਾਹ ਵਾਹ ਵਾਹ ! ਸੁਬਾਹਨ ਤੇਰੀ ਕੁਦਰਤ"
ਕਿਹਾ ਰਾਇ ਬੁਲਾਰ ਨੇ, "ਕਮਾਲ ਏ, ਕਮਾਲ ਏ,
"ਵਧਾਈਆਂ ਓ ਵਧਾਈਆਂ, ਮੁਬਾਰਕਾਂ, ਮੁਬਾਰਕਾਂ
ਕਾਲੂ ਤੇਰੇ ਲਾਲ ਉਤੇ, ਅੱਲਾ ਦਾ ਜਲਾਲ ਏ ।"

ਤਾਰ ਨਹੀਂ, ਸਵਿੱਚ ਨਹੀਂ, ਬਲਬ ਨਹੀਂ, ਕਰੰਟ ਨਹੀਂ,
ਤਦ ਵੀ ਇਹ ਚਾਨਣੇ ਦੇ ਨਾਲ ਭਰਪੂਰ ਏ ।
ਸੂਰਜਾਂ ਤੇ ਬਿਜਲੀਆਂ, ਸਿਤਾਰਿਆਂ ਦੀ ਲੋੜ ਨਹੀਂ,
ਰੱਬੀ ਜੋਤਿ ਇਹਦੇ ਵਿਚ ਜ਼ਾਹਰਾ ਜ਼ਹੂਰ ਏ ।
ਤਦੇ ਇਸ ਚਾਨਣੇ 'ਚ ਠੰਢ ਏ, ਨਿੱਘ ਏ,
ਪਿਆਰ ਏ, ਖਿੱਚ ਏ ਸੁਆਦ ਏ, ਸਰੂਰ ਏ ।
ਚਾਨਣ ਏ ਕਿ ਤੇਜ ਏ, ਤੇਜ ਏ ਕਿ ਨੂਰ ਏ ?
ਨੂਰ ਵਿਚ ਨਾਨਕ ਏ ਕਿ ਨਾਨਕ 'ਚ ਨੂਰ ਏ ?

ਨਾਨਕ ਦੀ ਬਾਣੀ ਦੇਵੇ, ਚਾਨਣਾ ਗਿਆਨ ਵਾਲਾ,
ਓਸੇ ਪ੍ਰਕਾਸ਼ ਦਾ ਹੀ ਨਾਮ ਗੁਰਮਤਿ ਏ ।
ਗੁਰਮਤਿ ਦੱਸਦੀ ਏ, ਮੰਨੋ ਇਕ ਰੱਬ ਨੂੰ,
ਜਿਹੜਾ ਨਿਰਭਉ, ਨਿਰਵੈਰ ਅਤੇ ਸੱਤ ਏ ।
ਧਰਮ ਦੀ ਕਮਾਈ ਕਰੋ, ਨਾਮ ਜਪੋ, ਵੰਡ ਛਕੋ,
ਕਿੰਨਾ ਚੰਗਾ ਉੱਚਾ ਸੁੱਚਾ ਜ਼ਿੰਦਗੀ ਦਾ ਤੱਤ ਏ ।
ਲਾਲੋ ਜਹੇ ਕਿਰਤੀ ਦੇ ਕੋਧਰੇ 'ਚ ਦੁੱਧ ਹੁੰਦਾ,
ਭਾਗੋ ਜਿਹੜੇ ਵਿਹਲੜ ਦੇ ਪੂੜਿਆਂ 'ਚ ਰੱਤ ਏ ।

ਰੱਬ ਦੇ ਸ਼ਰੀਕਾਂ ਤੇ ਪਖੰਡੀਆਂ, ਘੁਮੰਡੀਆਂ ਨੇ,
ਪਾਈਆਂ ਸਨ, ਧਰਮ ਦੀਆਂ ਥਾਂ ਥਾਂ ਤੇ ਵੰਡੀਆਂ ।
ਸੱਚ ਤੇ ਪਿਆਰ ਦੀਆਂ, ਮਾਰ ਕੇ ਚੁਪੇੜਾਂ ਬਾਬੇ,
ਪਾਪ ਤੇ ਜ਼ੁਲਮ ਦੀਆਂ ਗੱਲ੍ਹਾਂ ਆਪ ਚੰਡੀਆਂ ।
'ਤੇਰਾ ਤੇਰਾ' ਆਖ ਕੇ ਜਾਂ ਨਾਮ ਵਾਲੇ ਹੱਟ ਖੋਲ੍ਹੇ,
ਆਪੇ ਸੋਭ ਬੰਦ ਹੋਈਆਂ ਝੂਠ ਦੀਆਂ ਮੰਡੀਆਂ ।
ਝੰਡਾ ਇਕ ਵਾਹਿਗੁਰੂ ਦਾ ਹਰ ਥਾਂ ਤੇ ਗੱਡਿਆ ਜਾਂ,
ਧੋਖੇ ਤੇ ਫਰੇਬ ਦੀਆਂ ਡਿਗ ਪਈਆਂ ਝੰਡੀਆਂ ।

ਨਾਨਕ ਨੇ ਆਖਿਆ, "ਉਏ ਵੇਖ ਮਰਦਾਨਿਆ;
ਪਾਪਾਂ ਵਾਲੀ ਅੱਗ ਸਾੜੇ ਧਰਮ ਦੇ ਗੁਲਾਬ ਨੂੰ ।
ਰਾਜੇ ਬਣੇ ਸ਼ੀਂਹ ਤੇ ਮੁਕੱਦਮ ਨੇ ਕੁੱਤੇ ਏਥੇ,
ਮਾਸ ਲਾਹ ਕੇ ਬੰਦਿਆਂ ਦਾ ਭੁੰਨਦੇ ਕਬਾਬ ਨੂੰ ।
ਏਨੇ ਨਿਰਦਈ ਨੇ ਕਿ ਪਰਜਾ ਦੀਆਂ ਨਾੜਾਂ ਵਿਚੋਂ,
ਕਢ ਕਢ ਪੀਂਦੇ ਨੇ ਉਹ ਲਹੂ ਦੀ ਸ਼ਰਾਬ ਨੂੰ ।
ਪਾਣ-ਪੱਤ ਲਾਹੀ ਜਾਣ, ਸਿਖਰ ਦੁਪਹਿਰ ਏਥੇ,
ਬਦੀ ਬੇ-ਹਯਾਈ ਵਾਲੇ ਪਹਿਨ ਕੇ ਨਕਾਬ ਨੂੰ ।

ਹਸਤੀਆਂ ਕਈ ਭੁੱਖੀਆਂ ਨੇ ਨਾਮ ਦੀ ਖ਼ੁਰਾਕ ਬਿਨਾਂ ।
ਸ਼ਾਂਤਮਈ ਦੇ ਜਲ ਦੀਆਂ ਰੂਹਾਂ ਕਈ ਪਿਆਸੀਆਂ ।
ਅੱਗ ਨੂੰ ਬੁਝਾਏ ਕੌਣ, ਜੱਗ ਠੰਢ ਪਾਏ ਕੌਣ ?
ਪਰਬਤਾਂ ਤੇ ਡੇਰੇ ਲਾ ਲਏ ਸਿੱਧਾਂ ਸੰਨਿਆਸੀਆਂ ।
ਤਦੇ ਹੀ ਮੈਂ ਪਿਤਾ ਪ੍ਰਮਾਤਮਾ ਦੇ ਹੁਕਮ ਨਾਲ ।
ਦੁਨੀਆਂ ਨੂੰ ਸੋਧਣਾ ਹੈ ਕਰ ਕੇ ਉਦਾਸੀਆਂ ।
ਡੰਕਾ ਹੈ ਵਜਾਉਣਾ ਸਾਰੇ ਇਕੋ "ਸਤਿਨਾਮ" ਦਾ ਈ ?
ਮੁਕਤ ਕਰਾਉਣੇ ਜੀਵ ਕੱਟ ਕੇ ਚਉਰਾਸੀਆਂ ।

ਆ ਜਾ ਮਹਿਮਾ ਗਾਈਏ ਉਸ ਸੱਚੇ ਪ੍ਰਮਾਤਮਾ ਦੀ,
ਲਾਇਆ ਜਾ ਸਕਦਾ ਨਹੀਂ, ਜਿਸਦੇ ਹਿਸਾਬ ਨੂੰ ।
ਸੱਚ ਦਾ ਪੈਗ਼ਾਮ ਦਈਏ, ਮਾਤ ਲੋਕ ਵਾਸੀਆਂ ਨੂੰ,
ਇੱਕੋ ਹੀ ਵਿਖਾਈਏ ਰੱਬ ਰਾਜੇ ਤੇ ਨਵਾਬ ਨੂੰ ।
ਦਇਆ ਤੇ ਧਰਮ ਵਾਲਾ, ਆ ਜਾ ਉਪਦੇਸ਼ ਦੇ ਕੇ,
ਜੱਗ 'ਚੋਂ ਮਿਟਾਈਏ ਕੁੱਲ ਜ਼ੁਲਮ ਦੇ ਸ਼ਬਾਬ ਨੂੰ ।
ਅਰਸ਼ਾਂ ਦੇ ਉਤੋਂ ਵੇਖ ਰੱਬੀ-ਬਾਣੀ ਆਈ ਏ,
ਉੱਠ ਮਰਦਾਨਿਆਂ ਤੂੰ ਛੇੜ ਦੇ ਰਬਾਬ ਨੂੰ ।"

ਜਿੱਥੇ ਬਾਬੇ ਚਰਨ ਪਾਏ, ਓਥੋਂ ਅਪਰਾਧ ਮੁੱਕਾ,
ਜੋਗੀਆਂ ਦਾ ਜੋਗ ਗਿਆ, ਸਾਧਾਂ ਦਾ ਵਿਖਾਵਾ ਗਿਆ ।
ਮੁੱਲਾਂ ਭੁੱਲੀ ਬਾਂਗ ਅਤੇ ਕਾਜ਼ੀਆਂ ਨਮਾਜ਼ ਭੁੱਲੀ,
ਹਾਜੀਆਂ ਦਾ ਉੱਡ ਸਾਰਾ ਡੂਮ ਤੇ ਡਰਾਵਾ ਗਿਆ ।
ਮਜ਼੍ਹਬਾਂ ਦੇ ਆਗੂਆਂ ਦਾ ਮੁੱਕ ਸਾਰਾ ਦਾਅਵਾ ਗਿਆ
ਭੇਖੀਆਂ ਦਾ ਭੇਖ ਗਿਆ, ਸਿੱਧਾਂ ਦਾ ਪਹਿਰਾਵਾ ਗਿਆ ।
ਪਾਂਡਿਆਂ ਦੀ ਐਸ਼ ਗਈ, ਪੁਜਾਰੀਆਂ ਦੀ ਪੂਜਾ ਗਈ,
ਬਾਹਮਣਾਂ ਦੀ ਖੀਰ ਗਈ, ਪ੍ਰੋਹਤਾਂ ਦਾ ਚੜ੍ਹਾਵਾ ਗਿਆ ।

"ਨਾ ਏਂ ਕੋਈ ਹਿੰਦੂ ਏਥੇ, ਨਾ ਹੀ ਮੁਸਲਮਾਨ ਏਂ,
ਵੇਖੋ ਕਿੰਨਾ ਉੱਚਾ ਲਾਇਆ ਨਾਨਕ ਨੇ ਨਾਅਰਾ ਏ ।
ਓਹੋ ਮੱਤ ਉੱਚਾ ਜਿਦੇ ਬੰਦਿਆਂ 'ਚ ਨੇਕੀ ਏ,
ਅਮਲਾਂ ਦੇ ਨਾਲ ਬੰਦਾ ਹੁੰਦਾ ਸਚਿਆਰਾ ਏ ।"
ਮੁੱਲਾਂ, ਪਾਂਡੇ, ਸਿੱਧ, ਯੋਗੀ, ਸਾਧੂ, ਪੀਰ ਕਹਿਣ ਲੱਗੇ,
"ਰੱਬ ਦਾ ਸੁਨੇਹਾ ਲੈ ਕੇ ਆਇਆ ਹਲਕਾਰਾ ਏ ।
ਕੂੜ ਵਾਲਾ ਨ੍ਹੇਰ ਮੁੱਕਾ, ਸੱਚ ਵਾਲੀ ਜੋਤਿ ਜਗੀ,
'ਕੋਮਲ' ਗੁਰੂ ਨਾਨਕ ਜੱਗ ਚਾਨਣ-ਮੁਨਾਰਾ ਏ ।

## ਨਾਨਕ-ਧਰਮ ਵਿਚ ਫਲਸਫਾ

ਗੁਰੂ ਨਾਨਕ ਦਾ ਧਰਮ ਹੈ, ਊੱਘਾ ਵਿਚ ਜਹਾਨ ।
ਕਿਉਂਕਿ ਸੱਚ, ਆਚਾਰ ਹੈ, ਇਹਦੇ ਵਿਚ ਪਰਧਾਨ ।
ਇਹ ਇਕ ਅਮਲੀ ਧਰਮ ਹੈ, ਸ਼ੁਭ ਗੁਣਾਂ ਦਾ ਤੱਤ ।
ਉੱਚਾ ਅਤੇ ਮਹਾਨ ਹੈ, ਏਸੇ ਲਈ ਇਹ ਮੱਤ ।
ਗੋਰਖ-ਧੰਧਾ ਨਹੀਂ ਇਹ, ਨਾ ਗੁੰਝਲ ਇਸ ਵਿੱਚ ।
ਸਿੱਧਾ ਸਾਦਾ ਪੱਧਰਾ, ਸਭ ਨੂੰ ਪਾਵੇ ਖਿੱਚ ।
ਇਸ ਵਿਚ ਜੀਵਨ ਜੁਗਤ ਹੈ, ਇਸ ਵਿਚ ਗਿਆਨ-ਭੰਡਾਰ ।
ਇਸ ਦਾ ਅਸਲ ਸਰੂਪ ਹੈ, ਇਉਂ ਗੁਰਮਤਿ ਅਨੁਸਾਰ ।
"ਮਨ ਵਿਚ ਸੱਚਾ ਵਸਾ ਕੇ, ਕਰੇ ਸੱਚ ਦੀ ਕਾਰ ।
ਸਿਰ ਤੋਂ ਝੂਠ ਪਖੰਡ ਦੀ, ਦੇਵੇ ਪੰਡ ਉਤਾਰ ।
ਸਾਧ ਸੰਗਤ ਵਿਚ ਜਾ ਕੇ, ਬੈਠੇ ਨਾਲ ਧਿਆਨ ।
ਕਰੇ ਵਿਚਾਰਾਂ ਇਕ ਹੋ, ਲੱਭੇ ਗੁਣ ਤੇ ਗਿਆਨ ।
ਇੱਕੋ ਹੀ ਨਿਰੰਕਾਰ ਦੀ ਕਰਕੇ ਸਿਫਤ ਸਲਾਹ ।
ਉੱਚੇ ਗਿਆਨ ਅਨੰਦ ਨੂੰ, ਲਵੇ ਸਵਰਗੋਂ ਲਾਹ ।
ਦੁਬਿਧਾ ਕਢੇ ਦਿਲਾਂ 'ਚੋਂ, ਜੁੜੇ ਮਨੁੱਖਤਾ ਸੰਗ ।
ਮਨ ਨੂੰ ਜਿੱਤ ਕੇ ਸਿਖ ਲਓ, ਜੀਊਣ ਮਰਨ ਦਾ ਢੰਗ ।
ਹੱਥੀਂ ਕਰ ਕੇ ਵੰਡ ਛਕੇ, ਜਪੇ ਪ੍ਰਭੂ ਦਾ ਨਾਮ ।
ਹੋਵੇ ਕਿਸੇ ਨੂੰ ਦਾਸ ਨਾ, ਬਣੇ ਨਾ ਕਦੇ ਗੁਲਾਮ ।
ਸੇਵਾ ਕਰੇ ਬੇ-ਗਰਜ਼ ਹੋ, ਹਉਮੈ ਦੇਵੇ ਛੱਡ ।
ਜ਼ਾਤ ਪਾਤ ਦੇ ਭਰਮ ਤੋਂ, ਰਹੇ ਸਦਾ ਹੀ ਅੱਡ ।
ਨਾਮ ਵਿਚ ਲਿਵ-ਲੀਨ ਹੋ, ਜਪੇ ਸਵਾਸ ਸਵਾਸ ।
'ਆਸਾ-ਮਾਹਿ ਨਿਰਾਸ' ਹੋ, ਘਰ ਵਿਚ ਰਹੁ ਉਦਾਸ ।
'ਸਹਿਜ ਯੋਗ' ਹੈ ਇਹੋ ਹੀ, ਗੁਰਮਤਿ ਗਾਡੀ ਰਾਹ ।
ਇਸ ਤੇ ਚਲਕੇ ਮੁਕਤ ਹੋ, ਖੱਟੇ ਜੀਵਨ-ਲਾਹ ।

ਜਨਤਾਵਾਦੀ ਸਤਿਗੁਰੂ, ਨਾਨਕ ਇੱਕੋ ਇੱਕ ।
ਸਹਿਜ ਰੂਪ ਵਿਚ ਕਵੀ ਜੋ, ਵੱਡਾ ਦਾਰਸ਼ਨਿਕ ।
ਉਹਦੀ ਬਾਣੀ ਵਿਚ ਨੇ ਜਿੰਨੇ ਵੀ ਸਿਧਾਂਤ ।
ਬੜੇ ਸੰਖੇਪ ਸਪੱਸ਼ਟ ਨੇ, ਸੌਖੇ, ਸਰਲ, ਸੁਖਾਂਤ ।
ਉੱਚੇ ਡੂੰਘੇ ਭਾਵ ਵੀ, ਦੱਸੇ ਹੈਨ ਸੁਖੈਨ ।
ਜਨ-ਭਾਸ਼ਾ ਵਿਚ ਗਾਏ ਨੇ ਮਿੱਠੇ ਮਿੱਠੇ ਬੈਨ ।
ਇਹ ਨਾਨਕ ਦਾ ਫ਼ਲਸਫ਼ਾ, ਸਿਖ ਧਰਮ ਦਾ ਅੰਗ ।
ਜਿਸ ਨੂੰ ਗਿਆ ਹੈ ਰੱਖਿਆ, ਜੀਵਨ ਦੇ ਅੰਗ ਸੰਗ ।
ਇਹ ਹੈ ਸੱਚਾ ਫ਼ਲਸਫ਼ਾ, ਚੰਗਿਆਈਆਂ ਦੀ ਖਾਣ ।
ਮਾਨੁੱਖਤਾ ਦੀ ਜਿੰਦ ਵਿਚ, ਇਹਦੇ ਨੈਣ ਪ੍ਰਾਣ ।
ਕਵਿਤਾ ਵਾਂਗ ਸਜੀਵ ਇਹ, ਰਾਗ ਨਾਲ ਭਰਪੂਰ ।
ਇਹ ਹੈ ਜੀਉਂਦਾ ਜਾਗਦਾ, ਊਚ ਨੀਚ ਤੋਂ ਦੂਰ ।
ਨਿਰਭਉ ਤੇ ਨਿਰਵੈਰ ਹੈ, ਸ਼ਰਧਾ ਵਾਂਗ ਅਡੋਲ ।
ਆਮ ਸਧਾਰਣ ਜਨਾਂ ਲਈ, ਇਹਦੇ ਬਚਨ ਅਮੋਲ ।
ਹਰ ਇਕ ਦੀ ਇਹ ਟੇਕ ਹੈ, ਸਭ ਲਈ ਸਾਂਝੀ ਥਾਂ ।
ਇਹ ਨਾਨਕ ਦਾ ਫ਼ਲਸਫ਼ਾ, ਇਹਦਾ ਗੁਰਮਤਿ ਨਾਂ ।

# ਗੁਰੂ ਅੰਗਦ ਦੇਵ ਜੀ ਤੇ ਬਾਦਸ਼ਾਹ ਹਮਾਯੂੰ

ਵਿੱਚ ਖਡੂਰ ਗੁਰੂ ਅੰਗਦ ਜੀ, ਸਿੱਖੀ ਦਾ ਪ੍ਰਚਾਰ ਸੀ ਕਰਦੇ।
ਦੁਖੀ ਗਰੀਬਾਂ ਦੇ ਦੁੱਖ ਹਰਦੇ, ਮਾਨੁੱਖਤਾ ਨੂੰ ਪਿਆਰ ਸੀ ਕਰਦੇ।
ਇਕ ਦਿਨ ਜੁੜ ਕੇ ਨਾਲ ਪ੍ਰਭੂ ਦੇ, ਵਿਚ ਸਮਾਧੀ-ਮਗਨ ਸੀ ਬੈਠੇ।
ਕਿੰਜ ਭਲਾ ਸਰਬੱਤ ਦਾ ਹੋਵੇ, ਐਸੀ ਲਾ ਕੇ ਲਗਨ ਸੀ ਬੈਠੇ।
ਉਸ ਵੇਲੇ ਬਾਬਰ ਦਾ ਪੁੱਤਰ, ਇਕ-ਦਮ ਵਿਚ ਦਰਬਾਰ ਦੇ ਆਇਆ।
'ਸ਼ੇਰ ਸ਼ਾਹ ਸੂਰੀ' ਤੋਂ ਜਿਹੜਾ, ਖਾ ਕੇ ਤਾਜ਼ੀ ਹਾਰ ਸੀ ਆਇਆ।
ਰੱਬੀ ਰੰਗ 'ਚ ਮਸਤ ਗੁਰਾਂ ਨੇ, ਪੁੱਛੀ ਉਹਦੀ ਸਾਰ ਨਹੀਂ ਸੀ।
ਸਿੱਖਾਂ ਨੇ ਵੀ ਖ਼ਾਸ ਉਚੇਚਾ, ਕੀਤਾ ਕੋਈ ਸਤਿਕਾਰ ਨਹੀਂ ਸੀ।
ਗੁੱਸੇ ਨਾਲ "ਹਿਮਾਯੂੰ" ਸੜਿਆ, ਦਿਲ ਵਿਚ ਖਾਧੀ ਖ਼ਾਰ ਸੀ ਉਹਨੇ।
ਵਾਰ ਕਰਨ ਲਈ ਸਤਿਗੁਰ ਉਤੇ, ਖਿੱਚ ਲਈ ਤਲਵਾਰ ਸੀ ਉਹਨੇ।
ਗੁਰਸਿੱਖ ਆ ਕੇ ਪੁੱਛਣ ਲੱਗੇ, 'ਕੀਹ ਐਸੀ ਗੱਲ ਹੋਈ ਏ ?'
ਆ ਕੇ ਰੋਹ ਵਿਚ ਕਿਹਾ ਹਮਾਯੂੰ, 'ਤੁਸਾਂ ਨੂੰ ਖ਼ਬਰ ਨਾ ਕੋਈ ਏ ?'
ਪਤਾ ਨਹੀਂ ਏਂ, ਮੈਂ ਕੌਣ ਹਾਂ ? ਮੈਂ ਬਾਬਰ ਦਾ ਬੇਟਾ ਹਾਂ।
ਇਸ ਪੀਰ ਦੀ ਦੀਦ ਲਈ ਮੈਂ, ਆਇਆ ਲੈ ਕੇ ਭੇਟਾ ਹਾਂ।
ਪਰ ਨਾ ਕਿਸੇ ਨੇ ਪੁੱਛਿਆ ਏਥੇ, ਹੋਈ ਆਓ-ਭਾਗਤ ਨਹੀਂ।
ਮੈਂ ਹਾਂ ਸ਼ਹਿਨਸ਼ਾਹ ਦਾ ਪੁੱਤਰ, ਹੋਇਆ ਕੋਈ ਸੁਆਗਤ ਨਹੀਂ।
ਜਾਣੀ ਜਾਣ ਨੇ ਖੋਲ੍ਹ ਸਮਾਧੀ, ਖੀਵੇ ਨੇਤਰ ਖੋਲ੍ਹੇ ਸੀ।
ਨਾਲ ਨਿੰਮ੍ਰਤਾ ਮੁੱਖ ਆਪਣੇ ਤੋਂ, ਬੋਲ ਇਸ ਤਰ੍ਹਾਂ ਬੋਲੇ ਸੀ।
"ਸੁਣ ਸ਼ਹਿਜਾਦੇ; ਮੈਂ ਸਭ ਜਾਣਾਂ, ਤੂੰ ਬਾਬਰ ਦਾ ਜਾਇਆ ਏਂ।
ਪਰ ਹੈਂਕੜ ਵਿਚ ਆ ਕੇ ਏਥੇ, ਲੈਣ ਅਸੀਸਾਂ ਆਇਆ ਏਂ ?
ਇਹ ਦਰ ਸਭਨਾ ਲਈ ਹੈ ਖੁੱਲ੍ਹਾ, ਇਸ ਥਾਂ ਚੱਲਦਾ ਕਹਿਰ ਨਹੀਂ ਏਂ।
ਵੈਰ ਨਾਲ ਕਿਸੇ ਨੂੰ ਏਥੇ, ਮਿਲਦਾ ਕਦੇ ਵੀ ਖ਼ੈਰ ਨਹੀਂ ਏ।
ਕੀ ਇਹ ਤੇਰੀ ਤੇਗ਼ ਓਹੋ ਜੋ, ਰਹੀ ਮਿਆਨ 'ਚ ਲੁੱਕੀ ਸੀ।
ਸ਼ੇਰ ਸ਼ਾਹ ਸੂਰੀ ਤੋਂ ਡਰਦੇ, ਜਿਸ ਨੇ ਸਿਰੀ ਨਾ ਚੁੱਕੀ ਸੀ।

ਅੱਜ ਤੂੰ ਵਾਰ ਫ਼ਕੀਰ ਤੇ ਕਰਨੈਂ ਓਦੋਂ ਵਾਰ ਇਹ ਕਿਥੇ ਸੀ ?
ਰਣ ਵਿਚ ਇਹਦੀ ਲੋੜ ਪਈ, ਜਦ, ਤਦ ਤਲਵਾਰ ਇਹ ਕਿੱਥੇ ਸੀ ?"
ਜਾਣੀ ਜਾਣ ਤੋਂ ਸੁਣ ਕੇ ਸੱਚੀਂ, ਆ ਗਈ ਉਸ ਨੂੰ ਹੋਸ਼ ਅਚਾਨਕ।
ਜਾ ਵੜੀ ਤਲਵਾਰ ਮਿਆਨੇ, ਠੰਢਾ ਹੋ ਗਿਆ ਜੋਸ਼ ਅਚਾਨਕ।
ਹੋ ਸ਼ਰਮਿੰਦਾ ਮਨ ਆਪਣੇ ਨੂੰ, ਸ਼ਰਧਾ ਨਾਲ ਭਿਉਂ ਕੇ ਤੇ
ਲੱਗਾ ਕਰਨ ਸਲਾਮ ਹਮਾਯੂੰ, ਚਰਨਾਂ ਉਤੇ ਨਿਉਂ ਕੇ ਤੇ।
ਆਖਣ ਲੱਗਾ, "ਐ ਵਲੀ-ਅੱਲਾ; ਮੇਰੀ ਭੁੱਲ ਮੁਆਫ਼ ਕਰੋ।
ਮੇਰੇ ਹੱਕ 'ਚ ਦਿਓ ਦੁਆਵਾਂ, ਮੇਰੇ ਸਿਰ ਤੇ ਹੱਥ ਧਰੋ।"
ਆਖ਼ਰ ਵੇਖ ਹਲੀਮੀ ਉਹਦੀ, ਦਿੱਤੇ ਸ਼ੁਭ-ਸੰਦੇਸ਼ ਗੁਰਾਂ।
'ਕੋਮਲ' ਸੱਚ ਤੇ ਧਰਮ, ਨਿਆਂ ਦੇ, ਦਿੱਤੇ ਸੀ ਉਪਦੇਸ਼ ਗੁਰਾਂ।

## ਨਿਥਾਵਿਆਂ ਦੀ ਥਾਂ-ਗੁਰੂ ਅਮਰਦਾਸ ਜੀ

ਅਮਰਦਾਸ ਨੇ ਉਠ ਕੇ ਰਾਤ ਅੱਧੀ,
ਹੋ ਇਕਾਗਰ ਇਕ ਗਾਗਰ ਉਠਾ ਲਈ ਸੀ ।
ਤੁਰ ਪਏ ਨਦੀ ਬਿਆਸ ਵੱਲ ਨਿੱਤ ਵਾਂਗੂੰ,
ਵਾਟ ਪੈਰਾਂ ਵੱਲ ਆਪੇ ਹੀ ਆ ਰਹੀ ਸੀ ।
ਤਿੰਨ ਕੋਹ ਮੁਕਾਅ ਕੇ ਪਲਾਂ ਅੰਦਰ,
ਠੰਢੇ ਜਲ ਅੰਦਰ ਟੁੱਭਾ ਲਾ ਲਿਆ ਸੀ ।
ਫੇਰ ਗਾਗਰ ਪ੍ਰੇਮ ਦੇ ਨਾਲ ਭਰ ਕੇ,
ਉਹਨੂੰ ਮੋਢਿਆਂ ਉਤੇ ਟਿਕਾ ਲਿਆ ਸੀ ।
ਤਿੱਖੀ ਚਾਲ ਉਹ ਤੁਰੇ 'ਖਡੂਰ' ਵੱਲੇ,
ਨਾਮ ਸਿਮਰਦੇ ਮੁੜੇ ਉਹ ਆ ਰਹੇ ਸੀ ।
ਕਿਸੇ ਰੰਗ ਅਗੰਮੀ ਵਿਚ ਲੀਨ ਹੋ ਕੇ,
ਗੁਰ-ਚਰਨਾਂ 'ਚ ਜੁੜੇ ਉਹ ਆ ਰਹੇ ਸੀ ।
ਘਟਾਂ ਕਾਲੀਆਂ, ਜ਼ੋਰ ਦਾ ਮੀਂਹ ਵਰ੍ਹਦਾ,
ਉਤੋਂ ਝੱਖੜ ਵੀ ਕਹਿਰ ਦਾ ਝੁੱਲਿਆ ਸੀ ।
ਬਾਹਰਵਾਰ ਖਡੂਰ ਦੇ ਕੋਲ ਆ ਕੇ,
ਏਨਾ ਨੇਰ੍ਹਾ ਕਿ ਰਾਹ ਹੀ ਭੁੱਲਿਆ ਸੀ ।
ਓਥੇ ਨਾਲ ਹੀ ਘਰ ਜੁਲਾਹੇ ਦਾ ਸੀ,
ਜਿਨ੍ਹੇ ਥਾਂ ਕੁਝ ਖੁੱਲ੍ਹਾ ਹੀ ਛੱਡਿਆ ਸੀ ।
ਖੱਡੀ ਵਾਸਤੇ ਆਪਣੀ ਲੋੜ ਮੂਜਬ,
ਕਿੱਲਾ ਇਕ ਓਥੇ ਉਹਨੇ ਗੱਡਿਆ ਸੀ ।
ਓਸ ਕਿੱਲੇ ਦੇ ਨਾਲ ਟਕਰਾ ਕੇ ਤੇ,
ਠੇਡਾ ਖਾ ਕੇ ਉਹ ਥੱਲੇ ਢਹਿ ਗਏ ਸੀ ।
ਐਪਰ ਗਾਗਰ ਨੂੰ ਸਾਂਭ ਕੇ ਮੋਢਿਆਂ ਤੇ,
ਡਿਗਦੇ ਡਿਗਦੇ ਵੀ ਸੰਭਲ ਕੇ ਬਹਿ ਗਏ ਸੀ ।

ਸੁਣ ਕੇ ਵਾਜ ਜੁਲਾਹੇ ਦੀ ਅੱਖ ਖੁਲ੍ਹੀ,
ਕਹਿਣ ਲੱਗਾ, 'ਜੁਲਾਹੀਏ ਕੀ ਖੜਕਿਆ ਏ ।
ਮੈਨੂੰ ਜਾਪਦਾ ਡਿੱਗਾ ਹੈ ਬਾਹਰ ਕੋਈ,
ਮੇਰਾ ਸੁਣਦਿਆਂ ਕਾਲਜਾ ਧੜਕਿਆ ਏ ।
ਬੂਹਾ ਖੋਲ੍ਹ ਕੇ ਵੇਖ ਖਾਂ ਉੱਠ ਛੇਤੀ,
ਜ਼ਰਾ ਮਾਰ ਝਾਤੀ, ਕੋਈ ਡਿੱਗਿਆ ਏ ।'
ਅੱਗੋਂ ਕਹਿੰਦੀ ਜੁਲਾਹੀ, "ਮੈਂ ਜਾਣਦੀ ਆਂ,
ਹੋਰ ਕੋਈ ਨਹੀਂ, ਓਹੀ ਡਿੱਗਿਆ ਏ ।
ਓਹੋ 'ਅਮਰੂ' ਨਿਥਾਵਾਂ, ਜੋ ਬੇ-ਚੈਨਾ,
ਕਿਸੇ ਵੇਲੇ ਨਹੀਂ, ਜਿਹੜਾ ਆਰਾਮ ਕਰਦਾ ।
ਅੱਧੀ ਰਾਤ ਜੋ ਉੱਠ ਕੇ ਢੋਏ ਪਾਣੀ,
ਕੰਮ ਦਿਨੇ ਰਾਤੀਂ ਸੁਬਹ ਸ਼ਾਮ ਕਰਦਾ ।"
ਅਮਰਦਾਸ ਸੁਭਾਵਕੀ ਬੋਲ ਉਠੇ,
"ਤੂੰ ਤਾਂ ਰਹੀ ਜੁਲਾਹੀ ਹੀ ਯਮਲੀਏ ਨੀ ।
ਗੁਰੂ ਅੰਗਦ ਦੇ ਚਰਨਾਂ ਵਿਚ ਥਾਂ ਮੇਰੀ ।
ਕਿਵੇਂ ਕਹੇ ਨਿਥਾਵਾਂ ਤੂੰ ਕਮਲੀਏ ਨੀ ।"
ਏਨੀ ਆਖ ਕੇ ਤੁਰੇ ਉਹ ਰਾਹ ਆਪਣੇ,
ਜਾ ਕੇ ਪੁੱਜੇ ਸੀ ਗੁਰੂ-ਅਸਥਾਨ ਉਤੇ ।
ਜਾਣੀ ਜਾਣ ਗੁਰ ਅੰਗਦ ਜੀ ਜਾਣ ਗਏ ਸੀ,
ਜੋ ਸੀ ਬੀਤੀ ਮਹਾਨ ਇਨਸਾਨ ਉਤੇ ।
ਕਰ ਇਸ਼ਨਾਨ ਗੁਰ ਦੂਸਰੇ ਕਹਿਣ ਲੱਗੇ,
"ਪੁਰਖਾ ! ਦੱਸ ਜੋ ਰਾਹ 'ਚ ਹੋਈ ਘਟਨਾ ।"
ਅਮਰਦਾਸ ਨੇ ਅੱਗੋਂ ਜਵਾਬ ਦਿੱਤਾ,
"ਮੇਰੇ ਵਾਸਤੇ ਖ਼ਾਸ ਨਾ ਕੋਈ ਘਟਨਾ ।
ਕੋਲ ਪਿੰਡ ਦੇ ਆਣ ਕੇ ਢੱਠਿਆ ਮੈਂ,
ਨ੍ਹੇਰੇ ਵਿਚ ਮੈਨੂੰ ਕੁਝ ਨਾ ਸੁੱਝਿਆ ਸੀ ।
ਕਿਹਾ ਅਮਰੂ ਨਿਥਾਵਾਂ ਜੁਲਾਹੀ ਨੇ ਸੀ ।
ਮੈਨੂੰ ਬਿਨਾਂ ਵੇਖੇ ਉਹਨੇ ਬੁੱਝਿਆ ਸੀ ।

ਕਿਹਾ ਸਹਿਜ-ਸੁਭਾਅ ਮੈਂ, "ਕਮਲੀਏ ਨੀ,
ਮੈਂ ਨਿਥਾਵਾਂ ਨਹੀਂ, ਗੁਰੂ-ਘਰ, ਘਰ ਮੇਰਾ ।
ਦੀਨ ਦੁਨੀ ਦਾ ਸਾਈਂ ਹੈ ਗੁਰੂ ਮੇਰਾ,
ਉਹਦੇ ਚਰਨਾਂ ਦੇ ਵਿਚ ਹੈ ਦਰ ਮੇਰਾ ।"

ਏਨੇ ਵਿਚ ਜੁਲਾਹੇ ਆ ਅਰਜ਼ ਕੀਤੀ,
"ਅਕਲ ਮੇਰੀ ਜੁਲਾਹੀ ਦੀ ਗੁੱਲ ਹੋ ਗਈ ।
ਕਮਲੀ ਹੋਈ ਉਹ ਝੱਲ ਖਲਾਰਦੀ ਏ,
ਸਾਨੂੰ ਬਖਸ਼ ਦੇਵੇ, ਸਾਡੀ ਭੁੱਲ ਹੋ ਗਈ ।"

ਅੰਗਦ ਗੁਰੂ ਜੀ ਬੋਲੇ ਕਿ ਬੜੀ ਮਾੜੀ,
ਅਮਰਦਾਸ ਵਿਰੁੱਧ ਹੈ ਗੱਲ ਹੋ ਗਈ ।
ਪਰ ਇਹ ਨਾਨਕ ਦਾ ਘਰ ਨਿਥਾਵਿਆਂ ਦਾ,
ਜਾ'ਹ ਤੇਰੀ ਜੁਲਾਹੀ ਹੈ ਵੱਲ ਹੋ ਗਈ ।

ਅਮਰਦਾਸ ਵੱਲ ਵੇਖ ਕੇ ਫੇਰ ਹੱਸੇ,
ਖੋਲ੍ਹ ਉਹਦੇ ਲਈ ਦਰ ਤੇ ਘਰ ਦਿੱਤੇ ।
ਮੀਂਹ ਮਿਹਰ ਦਾ ਖੁਲ੍ਹਾ ਵਰਸਾ ਕੇ ਤੇ,
ਉਹਨੂੰ ਇਸ ਤਰ੍ਹਾਂ ਸੀ ਬਾਰਾਂ ਵਰ ਦਿੱਤੇ ;

"ਅਮਰਦਾਸ! ਤੂੰ ਥਾਂ ਨਿਥਾਵਿਆਂ ਦਾ,
ਤੂੰ ਹੈਂ ਅੱਜ ਤੋਂ ਮਾਣ ਨਿਮਾਣਿਆਂ ਦਾ ।
ਤੂੰ ਹੈ ਅੱਜ ਤੋਂ ਓਟ ਨਿਓਟਿਆਂ ਦੀ,
ਤੂੰ ਹੈਂ ਅੱਜ ਤੋਂ ਤਾਣ ਨਿਤਾਣਿਆਂ ਦਾ ।

ਤੂੰ ਨਿਆਸਰਿਆਂ ਦਾ ਵੀ ਆਸਰਾ ਏਂ,
ਤੂੰ ਹੈ ਅੱਜ ਤੋਂ ਪੱਤ ਨਿਪੱਤਿਆਂ ਦੀ ।
ਤੂੰ ਹੈ ਅੱਜ ਤੋਂ ਧਿਰ ਨਧਿਰਿਆਂ ਦੀ ।
ਤੂੰ ਹੈ ਅੱਜ ਤੋਂ ਗੱਤ ਨਿਗੱਤਿਆਂ ਦੀ ।

ਧੀਰਜ ਤੂੰ ਹੈ 'ਕੋਮਲ' ਨਿ-ਧੀਰਜਾਂ ਦੀ,
ਭੰਨਣ ਘੜਨ ਵਾਲਾ ਤੂੰ ਸਮਰੱਥ ਪੁਰਖਾ ।
ਗਈ ਬਹੋੜ ਏਂ ਤੂੰ, ਬੰਦੀ-ਛੋੜ ਏਂ ਤੂੰ,
ਸੱਭੋ ਜੀਵਕਾ ਹੈ ਤੇਰੇ ਹੱਥ ਪੁਰਖਾ ।"

## ਗੁਰੂ ਰਾਮ ਦਾਸ ਜੀ ਦੀ ਸੇਵਾ

ਸੇਵਾ 'ਜੇਠੇ' ਦੀ ਵੇਖ ਸ਼ਰੀਕ ਬੋਲੇ,
ਹੋ ਗਈ ਹੱਦ ਹੁਣ ਚੁੱਪ ਨਹੀਂ ਰਹਿ ਸਕਦੇ ।
ਸੋਢੀ ਖੱਤਰੀ ਨਾਮ ਦੀ ਕੁਲ ਉੱਚੀ,
ਲਾਈ ਲਾਜ ਤੂੰ, ਅਸੀਂ ਨਹੀਂ ਸਹਿ ਸਕਦੇ ।
ਤੰਗ ਆਏ ਹਾਂ ਲੋਕਾਂ ਦੇ ਮਿਹਣਿਆਂ ਤੋਂ,
ਪਰ੍ਹੇ ਵਿਚ ਵੀ ਅਸੀਂ ਨਹੀਂ ਬਹਿ ਸਕਦੇ ।
ਐਸਾ ਅਣਖ ਨੇ ਸਾਨੂੰ ਸਵਾਲ ਪਾਇਆ,
ਨਾ ਕੁਝ ਕਰ ਸਕਦੇ, ਨਾ ਕੁਝ ਕਹਿ ਸਕਦੇ ।
ਰਹੋ ਸੁਹਰਿਆਂ ਘਰ ਬੇਸ਼ਕ ਭਾਵੇਂ,
ਉਲਟੀ ਗੱਲ ਪਰ ਅਸਾਂ ਨਹੀਂ ਹੋਣ ਦੇਣੀ ।
ਹੁਣ ਤੋਂ ਤੈਨੂੰ ਮਜ਼ਦੂਰ ਦੇ ਵਾਂਗ ਏਥੇ,
ਅਸਾਂ ਟੋਕਰੀ ਏਦਾਂ ਨਹੀਂ ਢੋਣ ਦੇਣੀ ।

ਕਿਹਾ ਜੇਠੇ ਨੇ, ਤੁਸੀਂ ਇਹ ਆਖਦੇ ਓ,
ਏਥੇ ਕਦਰ ਨਾ ਤੁਸਾਂ ਦੇ ਭਾਈ ਦੀ ਏ ।
ਇਹ ਵੀ ਕਹਿੰਦੇ ਓ, ਸੁਹਰਿਆਂ ਘਰ ਰਹਿ ਕੇ,
ਸੇਵਾ ਕਰੀਦੀ ਨਹੀਂ, ਕਰਵਾਈਦੀ ਏ ।
'ਅਮਰਦਾਸ ਜੀ' ਮੇਰੇ ਨੇ ਗੁਰੂ ਸੱਚੇ,
ਏਥੇ ਗੱਲ ਨਾ ਸਹੁਰੇ ਜਵਾਈ ਦੀ ਏ ।
ਦਾਸ ਇਨ੍ਹਾਂ ਦਾ ਬਣਨ 'ਚ ਖੁਸ਼ੀ ਮੈਨੂੰ,
ਹੋਰ ਲੋੜ ਨਾ ਕਿਸੇ ਵਡਿਆਈ ਦੀ ਏ ।
ਕੁੜਮਾਚਾਰੀ ਦੀ ਗੱਲ ਹੋ ਤੁਸੀਂ ਕਰਦੇ,
ਮੈਂ ਪਾਬੰਦ ਨਹੀਂ ਇਨ੍ਹਾਂ ਪਾਬੰਦੀਆਂ ਦਾ ।
ਗੁਰੂ-ਘਰ ਵਿਚ ਉੱਕਾ ਲਿਹਾਜ਼ ਕੋਈ ਨਹੀਂ,
ਭਾਈਚਾਰੇ ਤੇ ਸਾਕਾਂ ਸਨਬੰਧੀਆਂ ਦਾ ।

ਤਨ ਮਨ ਆਪਣਾ ਗੁਰੂ ਨੂੰ ਸੌਂਪਿਆ ਮੈਂ,
ਮੇਰੀ ਪੱਤ ਏਹੋ, ਮੇਰੀ ਲਾਜ ਏਹੋ ।
ਇਹ ਜੋ ਸਿਖ ਸੇਵਕ ਸੇਵਾਦਾਰ ਸੱਭੇ,
ਮੇਰਾ ਭਾਈਚਾਰਾ ਤੇ ਸਮਾਜ ਏਹੋ ।
ਢੋਵਾਂ ਪਾਣੀ ਤੇ ਪੱਖੇ ਦੀ ਕਰਾਂ ਸੇਵਾ,
ਮੇਰੀ ਰਸਮ ਏਹੋ ਤੇ ਰਿਵਾਜ ਏਹੋ ।
ਗੁਰੂ-ਚਰਨਾਂ ਵਿਚ ਮਿਲੀ ਏ ਥਾਂ ਜਿਹੜੀ,
ਮੇਰੇ ਲਈ ਤ੍ਰਿਲੋਕੀ ਦਾ ਰਾਜ ਏਹੋ ।
ਸਹੁਰਾ-ਘਰ ਮੇਰਾ ਜਿਸ ਨੂੰ ਸਮਝਦੇ ਹੋ,
ਮੈਨੂੰ ਅਸਲ ਵਿਚ 'ਹਰੀ ਦਾ ਘਰ' ਦਿੱਸਦੈ ।
ਏਸ ਘਰ ਵਿਚ ਜਦੋਂ ਮੈਂ ਕਰਾਂ ਸੇਵਾ,
ਮੈਨੂੰ ਸਾਹਮਣੇ ਮੁਕਤੀ ਦਾ ਦਰ ਦਿਸਦੈ ।

ਸੇਵਾ ਕੰਮ ਉੱਚਾ ਸੇਵਾ ਕੰਮ ਸੁੱਚਾ,
ਕੰਮ ਹੋਰ ਕੋਈ ਨਾ ਇਹਦੇ ਤੁੱਲ ਦਾ ਏ ।
ਤਾਹੀਓਂ ਸਿਰ ਤੇ ਗਾਰੇ ਦੀ ਟੋਕਰੀ ਵੀ,
ਮੇਰੇ ਵਾਸਤੇ ਛੱਤ੍ਰ ਇਹ ਝੁੱਲਦਾ ਏ ।
ਭਾਵ ਸੇਵਾ ਦਾ ਜਿਸਨੇ ਸਮਝਿਆ ਨਹੀਂ,
ਉਹ ਇਸ ਗੱਲ ਨੂੰ ਉੱਕਾ ਹੀ ਭੁੱਲਦਾ ਏ ।
ਲੱਭ ਪਵੇ ਜੇ ਕੁੰਜੀ ਗਿਆਨ ਵਾਲੀ,
ਤਾਂ ਫਿਰ ਭੇਤ ਵਾਲਾ ਤਾਲਾ ਖੁੱਲ੍ਹਦਾ ਏ ।
ਰਵ੍ਹਾਂ 'ਰਾਮ' ਦਾ ਦਾਸ, ਅਰਦਾਸ ਮੇਰੀ,
ਏਹੋ ਮੰਗ ਮੈਂ ਦਿਨੇ ਤੇ ਰਾਤ ਮੰਗਾਂ ।
ਰਹਿ ਕੇ ਵਿਚ ਗਰੀਬੀ ਤੇ ਨਿੰਮ੍ਰਤਾ ਦੇ,
ਮੰਗਾਂ ਜਦੋਂ ਵੀ ਸੇਵਾ ਦੀ ਦਾਤ ਮੰਗਾਂ ।

ਸੇਵਾ ਸੇਵਾ ਵਿਚ ਬੜਾ ਹੈ ਫਰਕ ਹੁੰਦਾ,
ਹੁੰਦੀ ਸੇਵਾ ਵੀ ਕਈ ਪਰਕਾਰ ਦੀ ਏ ।

ਇਕ ਸੇਵਾ ਜੋ ਕਰੀਦੀ ਮਾਪਿਆਂ ਦੀ,
ਇਕ ਸੇਵਾ ਜੋ ਪਤੀ ਲਈ ਨਾਰ ਦੀ ਏ ।
ਇਕ ਸੇਵਾ ਜੋ ਕੌਮ ਦਾ ਭਲਾ ਕਰਦੀ,
ਇਕ ਸੇਵਾ ਜੋ ਦੇਸ਼-ਪਿਆਰ ਦੀ ਏ ।
ਐਪਰ ਸਭਨਾਂ ਤੋਂ ਉੱਤਮ ਹੈ ਲੋਕ-ਸੇਵਾ,
ਜਾਂ ਫਿਰ ਸੇਵਾ ਜੋ ਗੁਰੂ-ਦਰਬਾਰ ਦੀ ਏ ।
ਜਾਨਾਂ ਵਾਰੀਆਂ ਸੇਵਾ ਲਈ ਸੇਵਕਾਂ ਨੇ,
ਤਾਹੀਓਂ ਸੇਵਾ ਨੂੰ ਜੱਗ ਨੇ ਮੰਨਿਆ ਏ ।
ਸੇਵਾ ਘੱਟ ਨਹੀਂ ਰੱਬ ਦੀ ਬੰਦਗੀ ਤੋਂ,
ਸੇਵਾਦਾਰਾਂ ਨੇ ਰੱਬ ਨੂੰ ਬੰਨ੍ਹਿਆ ਏ ।

ਮੇਰੇ ਵੀਰਨੋ ! ਰੱਖਣ ਲਈ ਨੱਕ ਉੱਚਾ,
ਐਵੇਂ ਆਓ ਨਾ ਜ਼ਾਤੀ-ਘੁਮੰਡ ਅੰਦਰ ।
ਆਓ ਬਾਹਰ ਅਗਿਆਨ-ਹਨੇਰ ਵਿਚੋਂ,
ਬੈਠੋ ਗਿਆਨ ਦੇ ਤੇਜ਼ ਪਰਚੰਡ ਅੰਦਰ ।
ਬਚਣਾ ਚਾਹੋ ਜੇ ਦੂਈ ਦੀ ਅੱਗ ਕੋਲੋਂ,
ਬਹਿ ਜੋ ਆ ਕੇ ਪ੍ਰੇਮ ਦੀ ਠੰਢ ਅੰਦਰ ।
ਤਨੋਂ ਮਨੋਂ ਹੋ ਕੇ ਕਰੋ ਗੁਰੂ-ਸੇਵਾ,
ਮੇਰੇ ਵਾਂਗ ਵੱਸੋ ਸੱਚਖੰਡ ਅੰਦਰ ।
ਗੁਰੂ-ਸੇਵਾ ਤੋਂ ਰੂਹ ਨੂੰ ਮਿਲੇ ਸ਼ਾਂਤੀ,
ਏਹੋ ਮਨ ਦੀ ਮੈਲ ਉਤਾਰਦੀ ਏ ।
ਸੇਵਾ ਬੰਦੇ ਨੂੰ ਰੱਬ ਦਾ ਰਾਹ ਦੱਸੇ,
ਸੇਵਾ ਜਨਮ ਤੇ ਮਰਨ ਸਵਾਰਦੀ ਏ ।"

## ਗੁਰੂ ਅਰਜਨ ਦੇਵ ਜੀ : ਮੀਆਂ ਮੀਰ ਨੂੰ

ਮੀਆਂ ਮੀਰ ! ਮੇਰਿਆ ਯਾਰਾ !
ਕਿਉਂ ਗ਼ਮਗੀਨ ਤੂੰ ਹੋਇਆ ਏਂ ।
ਚਿਹਰਾ ਤੇਰਾ ਦੱਸ ਰਿਹਾ ਏ,
ਹੁਣੇ ਹੁਣੇ ਤੂੰ ਰੋਇਆ ਏਂ ।
ਅੱਗ 'ਚ ਬੈਠਾ ਵੇਖ ਕੇ ਮੈਨੂੰ,
ਦੁੱਖ ਤੂੰ ਮੇਰਾ ਜਰ ਨਹੀਂ ਸਕਿਆ ।
ਦੁਨੀਆਂ ਕੋਲੋਂ ਉੱਚਾ ਹੋ ਕੇ,
ਦਿਲ ਨੂੰ ਕਾਬੂ ਕਰ ਨਹੀਂ ਸਕਿਆ ।
ਏਡਾ ਵੱਡਾ ਪੀਰ ਤੂੰ ਹੋ ਕੇ,
ਰੱਖੀ ਦਿਲ ਵਿਚ ਧੀਰ ਨਹੀਂ ਏਂ।
ਦੱਸ ਖਾਂ ਮੈਨੂੰ ਕੀ ਤੂੰ ਓਹੋ,
ਸਾਈਂ ਮੀਆਂ ਮੀਰ ਨਹੀਂ ਏਂ ?
ਦੁਨੀਆਂਦਾਰ ਨੂੰ ਦੁੱਖ ਹੁੰਦੇ ਨੇ,
ਫ਼ਿਕਰ ਨਾ ਕਦੇ ਫ਼ਕੀਰ ਨੂੰ ਹੁੰਦਾ ।
ਰੱਬ ਦੇ ਨਾਲ ਪ੍ਰੀਤੀ ਜਿਸ ਦੀ,
ਦੁੱਖ ਨਹੀਂ ਓਦ੍ਹੇ ਸਰੀਰ ਨੂੰ ਹੁੰਦਾ ।
ਦੁੱਖ ਤਾਂ ਔਂਦੇ ਜਾਂਦੇ ਰਹਿੰਦੇ,
ਦੁੱਖੜੇ ਜਿਸਮ ਦੇ ਕੱਪੜੇ ਨੇ ।
ਜਿਸਮ ਨਾਲ ਇਹ ਖ਼ਤਮ ਨੇ ਹੁੰਦੇ,
ਰੂਹ ਨੂੰ ਕਦੇ ਨਾ ਅੱਪੜੇ ਨੇ ।
ਹਰਖ, ਸੋਗ ਤੇ ਦੁਖ ਸੁਖ ਸਾਰੇ,
ਤਨ ਤੀਕਰ ਨੇ ਸੀਮਤ ਮਿੱਤਰਾ ।
ਉੱਚੀ ਸੁੱਚੀ ਰੂਹ ਦੇ ਅੱਗੇ,
ਇਹਨਾਂ ਦੀ ਨਹੀਂ ਕੀਮਤ ਮਿੱਤਰਾ ।

ਤੇਰੀ ਸ਼ਕਤੀ ਦਾ ਮੈਂ ਭੇਤੀ,
ਠੀਕ ਤੂੰ ਕਹਿਰ ਲਿਆ ਸਕਨੈਂ ।
ਦਿੱਲੀ ਅਤੇ ਲਾਹੌਰ ਦੋਹਾਂ ਨੂੰ,
ਚਾਹਵੇਂ ਤਾਂ ਟਕਰਾ ਸਕਨੈਂ ।
ਪਰ ਐ ਦੋਸਤ ! ਏਥੇ ਕੋਈ,
ਕਰਾਮਾਤ ਨਾਂਹ ਕਰਨੀ ਏਂ ।
ਕਿਉਂਕਿ ਅਗਨੀ ਜ਼ੁਲਮ ਸਿਤਮ ਦੀ,
ਸ਼ਾਂਤੀ ਨਾਲ ਮੈਂ ਜਰਨੀ ਏਂ ।
ਮੈਨੂੰ ਮਾਣ ਕਿ ਜੱਗ ਵਿਚ ਮੇਰਾ,
ਤੇਰੇ ਵਰਗਾ ਮਿੱਤਰ ਹੈ ।
ਪਰ ਮੈਂ ਕੰਮ ਜੋ ਕਰਦਾ ਪਿਆ ਹਾਂ
ਕੰਮ ਇਹ ਬੜਾ ਪਵਿੱਤਰ ਹੈ ।
ਪਰ-ਉਪਕਾਰ ਕਦੇ ਨਹੀਂ ਹੁੰਦਾ,
ਕੁਰਬਾਨੀ ਦੇ ਯੱਗ ਬਿਨਾਂ ।
ਯੱਗ ਨਹੀਂ ਹੁੰਦਾ ਹਵਨ ਬਿਨਾਂ
ਤੇ ਹਵਨ ਨਹੀਂ ਹੁੰਦਾ ਅੱਗ ਬਿਨਾਂ ।
ਅੱਗ ਬਿਨ ਭੋਜਨ ਪੱਕ ਨਹੀਂ ਸਕਦਾ,
ਅੱਗ ਜ਼ਿੰਦਗੀ ਦਾ ਤੱਤ੍ਵ ਹੈ ।
ਅੱਗ ਪਵਿੱਤਰ ਮੰਨੀ ਹੋਈ ਏ
ਅਗਨੀ ਬੜੀ ਮਹੱਤਵ ਹੈ ।
ਕਾਮ, ਕ੍ਰੋਧ, ਲੋਭ, ਮੋਹ, ਹਉਮੈ
ਇਹ ਨਦੀਆਂ ਨੇ ਅੱਗ ਦੀਆਂ ।
ਅੰਦਰੋਂ ਨੇ ਜੋ ਸਾੜਦੀਆਂ,
ਤੇ ਬਾਹਰੋਂ ਠੰਢੀਆਂ ਲੱਗਦੀਆਂ ।
ਇਹਨਾਂ ਪੰਜਾਂ ਅੱਗਾਂ ਅੰਦਰ,
ਸੜਦਾ ਕੁੱਲ ਸੰਸਾਰ ਪਿਐ ।
ਪਰ ਮੇਰਾ ਦਿਲ ਅਗਨੀ ਅੰਦਰ,
ਜਗਤ-ਜਲੰਦਾ ਠਾਰ ਰਿਹੈ ।

ਹਵਨ-ਯੱਗ ਵਿਚ ਮੈਂ ਆਹੂਤੀ,
ਦੇ ਰਿਹਾ ਹਾਂ, ਤਨ ਫ਼ਾਨੀ ਦੀ ।
ਸਿੱਖ ਧਰਮ ਵਿਚ ਧਰਦਾ ਪਿਆਂ ਮੈਂ,
ਨੀਂਹ ਨਵੀਂ ਕੁਰਬਾਨੀ ਦੀ ।
ਤੱਤੀ ਤਵੀ ਦੀ ਤਪਸ਼ ਇਹ ਤੱਤੀ,
ਵੇਖਣ ਨੂੰ ਸੰਗੀਨ ਏਂ ਲਗਦੀ ।
ਐਪਰ ਪ੍ਰਭੂ ਦੇ ਭਾਣੇ ਅੰਦਰ,
ਮੈਨੂੰ ਬੜੀ ਰੰਗੀਨ ਏਂ ਲਗਦੀ ।
ਲੋਹ ਜਾਪਦੀ ਗੋਦ ਪ੍ਰਭੂ ਦੀ,
ਮਸਤੀ ਅੰਦਰ ਬੈਠਾਂ ਮੈਂ ।
ਜਿਸ ਘਰ ਦੀ ਤੂੰ ਨੀਂਹ ਧਰੀ ਸੀ,
ਉਸ ਹਰਿਮੰਦਰ ਬੈਠਾਂ ਮੈਂ।
ਮੇਰੇ ਮਨ ਵਿਚ ਠੰਢਕ ਏਨੀ,
ਬਰਫ਼ ਦੇ ਘਰ ਵਿਚ ਬੈਠਾ ਹਾਂ ।
ਲਗਦਾ ਏ ਮੈਂ ਅੰਮ੍ਰਿਤਸਰ ਦੇ,
ਸੀਤਲ-ਸਰ ਵਿਚ ਬੈਠਾ ਹਾਂ ।
ਅੱਗ ਤੇ ਇਸ਼ਕ ਦੀ ਖੇਡ ਪੁਰਾਣੀ,
ਅੱਜ ਮੈਂ ਕਰਨੀ ਪੂਰੀ ਹੈ ।
ਕਿਉਂਕਿ ਮੇਰੇ ਮਨ ਦੇ ਅੰਦਰ,
ਭਰਿਆ ਸਿਦਕ ਸਬੂਰੀ ਹੈ ।
ਸਿਮਰਨ ਨਾਲ ਆਤਮਾ ਮੇਰੀ,
ਸ਼ਕਤੀ-ਸ਼ਾਲੀ ਹੋਈ ਏ ।
ਤਦੇ ਅੱਗ ਮੈ ਸੜਦੇ ਜੱਗ ਦੀ,
ਆਪਣੇ ਵਿਚ ਸਮੋਈ ਏ ।
ਠੰਢ ਤੇ ਸ਼ਾਂਤੀ ਮਿਲੇ ਜਗਤ ਨੂੰ,
ਦਿਲ ਕਰਦਾ ਉਪਕਾਰ ਪਿਐ ।
ਮੈਨੂੰ ਤੇਵੀ ਬੱਸ ਓਹੋ ਭਾਵੇ,
ਜੋ ਕਰਦਾ ਕਰਤਾਰ ਪਿਐ ।

ਮੇਰੇ ਦੋਸਤ ! ਯਾਦ ਹੈ ਤੈਨੂੰ ?
ਪੁੱਛਿਆ ਸੀ ਤੂੰ ਇਕ ਦਿਨ ਮੈਨੂੰ ।
ਬਾਣੀ ਦੀ ਇਕ ਤੁਕ ਦੀ ਜਦ ਕਿ,
ਸਮਝ ਨਹੀਂ ਸੀ ਆਈ ਤੈਨੂੰ ।
ਉਸ ਵੇਲੇ ਮੈਂ ਕਿਹਾ ਸੀ ਤੈਨੂੰ,
ਸਮਾਂ ਅਜੇਹਾ ਆਵੇਗਾ ।
ਜਦ ਇਸ ਤੁਕ ਦਾ ਮਤਲਬ ਤੈਨੂੰ,
ਸਾਫ਼ ਸਮਝ ਲਗ ਜਾਵੇਗਾ ।
ਅੱਜ ਉਹ ਸਮਾਂ ਹੈ ਆਇਆ ਸੱਜਣਾ,
ਅਰਥ ਉਸ ਤੁਕ ਦੇ ਸਿੱਖ ਲੈ ਤੂੰ ।
ਉਹ ਤੁਕ ਫੇਰ ਦੁਹਰਾਉਂਦਾ ਹਾਂ ਮੈਂ,
ਦਿਲ ਦੇ ਉਪਰ ਲਿੱਖ ਲੈ ਤੂੰ ।
ਸੂਹੀ ਰਾਗ 'ਚ ਚੌਥੇ ਸਤਿਗੁਰ,
ਇਹ ਤੁਕ ਹੈ ਜੀ ਇੰਜ ਫੁਰਮਾਈ :
"ਤਨ ਮਨੁ ਕਾਟਿ ਕਾਟਿ ਸਭੁ ਅਰਪੀ
ਵਿਚਿ ਅਗਨੀ ਆਪੁ ਜਲਾਈ ।"
ਏਸ ਵਾਕ ਦਾ ਅਰਥ ਵੇਖ ਲੈ,
ਆਪਾ ਭੇਟ ਚੜ੍ਹਾਈ ਜਾਨਾਂ ।
ਤਨ ਮਨ ਆਪਣਾ ਕੱਟ ਕੱਟ ਕੇ,
ਅੱਗ ਦੇ ਵਿਚ ਜਲਾਈ ਜਾਨਾਂ ।
ਕਰ ਕੇ ਅਮਲ ਮੈਂ ਦੇਹ ਆਪਣੀ ਤੇ,
ਦੱਸਿਆ ਭੇਤ ਇਲਾਹੀ ਹੈ ।
ਗੁਰਬਾਣੀ ਦਿਆਂ ਸ਼ਬਦਾਂ ਵਿਚ,
ਹਕੀਕਤ ਹੈ, ਸੱਚਾਈ ਹੈ ।
ਮੇਰੇ ਵਾਂਗੂ 'ਕੋਮਲ' ਬਣ ਕੇ,
ਨਾਲ ਖੁਦਾ ਦੇ ਜੁੜ ਜਾ ਸਾਈਆਂ ।
ਮੰਨ ਕੇ ਓਸ ਸਾਹਿਬ ਦਾ ਭਾਣਾ,
ਹੱਸਦਾ ਹੱਸਦਾ ਮੁੜ ਜਾ ਸਾਈਆਂ ।

* * *

# ਸਬਰ ਤੇ ਜਬਰ ਦੀ ਜੰਗ

ਅਰਜਨ ਗੁਰੂ ਏਧਰ, ਪ੍ਰਿਥੀ ਚੰਦ ਓਧਰ,
ਮੀਆਂ ਮੀਰ ਏਧਰ, ਜਹਾਂਗੀਰ ਓਧਰ ।
ਬਾਬਾ ਬੁੱਢਾ ਏਧਰ, ਚੰਦੂ ਲਾਲ ਓਧਰ,
ਏਧਰ ਰੱਬੀ ਫ਼ਕੀਰ, ਬੇ-ਪੀਰ ਓਧਰ ।
ਭਾਈ ਗੁਰਦਾਸ ਏਧਰ, ਸੁਲਹੀ ਖਾਨ ਓਧਰ,
ਏਧਰ ਸੇਵਕ ਤੇ ਸ਼ਾਹੀ ਵਜ਼ੀਰ ਓਧਰ ।
ਸ਼ਰਧਾਵਾਨ ਏਧਰ, ਮੁਗ਼ਲ ਫੌਜ ਓਧਰ,
ਏਧਰ ਸੰਗਤ, ਮਸੰਦ ਅਮੀਰ ਓਧਰ ।
ਏਧਰ ਸੁੱਖਾਂ ਦੀ ਮਣੀ ਤੇ ਅੱਗ ਓਧਰ,
ਏਧਰ ਮਾਲਾ ਤੇ ਖੂੰਨੀ ਸ਼ਮਸ਼ੀਰ ਓਧਰ ।
ਏਧਰ ਦਿਲ 'ਕੋਮਲ' ਸਹਿਣ-ਸ਼ੀਲਤਾ ਦੇ,
ਕਹਿਰੀ ਤਿੱਖੇ ਤੁਅੱਸਬ ਦ ਤੀਰ ਓਧਰ ।
ਸੇਵਾ, ਸਿਮਰਨ, ਸੱਚਾਈ ਤੇ ਸਿਦਕ ਏਧਰ,
ਝੂਠੇ ਅਦਲ ਦੀ ਜ਼ੁਲਮੀ ਜ਼ੰਜੀਰ ਓਧਰ ।
ਐਸੀ ਸਬਰ ਤੇ ਜਬਰ ਦੀ ਜੰਗ ਲੱਗੀ,
ਹੋਈ ਹੱਦ ਏਧਰ ਤੇ ਅਖੀਰ ਓਧਰ ।

ਦਿਨ ਜੇਠ ਦੇ, ਗਰਮੀ ਦੀ ਅੱਤ ਹੋਈ,
ਲਾਲੋ ਲਾਲ ਸੂਰਜ, ਤੀਰ ਕੱਸ ਰਿਹੈ ।
ਧਰਤੀ ਲੋਹੀ ਲਾਖੀ, ਅੰਬਰ ਤਪ ਰਿਹੈ,
ਤੱਤੀ ਤਵੀ ਉਤੇ ਗੁਰੂ ਹੱਸ ਰਿਹੈ ।
ਭੜ ਭੜ ਪੈਣ ਭਾਂਬੜ, ਸੜ ਸੜ ਲੋਹ ਸਾੜੇ,
ਧੜ ਧੜ ਰੇਤ ਪੈਂਦੀ, ਗਾ ਉਹ ਜੱਸ ਰਿਹੈ ।
ਬਲ ਬਲ ਪੈਣ ਲਾਟਾਂ, ਜਲ ਜਲ ਤਨ ਉਠੇ,
ਢਲ ਢਲ ਪਵੇ ਚਰਬੀ, ਭਾਣਾ ਦੱਸ ਰਿਹੈ ।

ਰਗ ਰਗ ਸੇਕ ਪੁੱਜੇ, ਦਗ ਦਗ ਕਰੇ ਫਿਰ ਵੀ,
ਜਗ ਮਗ ਜੋਤਿ ਜਗਦੀ, ਨੂਰ ਲੱਸ ਰਿਹੈ ।
ਖੌਰੇ ਅੱਗ ਸੀ ਉਹਦੇ ਵਿਚ ਵੱਸ ਰਹੀ,
ਜਾਂ ਉਹ ਆਪ ਸੀ ਅੱਗ ਵਿਚ ਵੱਸ ਰਿਹੈ ।
ਕਿੰਨਾ ਬਲ ਹੈਸੀ ਉਹਦੀ ਆਤਮਾ 'ਚ,
ਕਿੰਨਾ ਚਿਹਰੇ ਤੇ ਨੂਰੀ ਜਲਾਲ ਡਿੱਠਾ ।
ਅੱਗ ਖੇਡਦੀ ਇਸ਼ਕ ਦੇ ਨਾਲ ਵੇਖੀ,
ਇਸ਼ਕ ਖੇਡਦਾ ਅੱਗ ਦੇ ਨਾਲ ਡਿੱਠਾ ।

ਰੁੱਖ ਧਰਮ ਦਾ ਲਾ ਜਿਸ ਛਾਂ ਕੀਤੀ,
ਓਹੋ ਤਵੀ ਉਤੇ ਬੈਠਾ ਸੜੀ ਜਾਵੇ ।
ਠੰਢ ਪਾਓਣ ਲਈ ਤਾਲ ਬਣਾਏ ਜਿਨ੍ਹੇ,
ਓਹੋ ਅੱਗ ਅੰਦਰ ਬੈਠਾ ਕੜ੍ਹੀ ਜਾਵੇ ।
ਜਿਨ੍ਹੇ ਲੋਕਾਂ ਨੂੰ ਸੁੱਖਾਂ ਦੀ ਮਣੀ ਦਿੱਤੀ,
ਓਹੋ ਜਿੰਦ ਨੂੰ ਦੁੱਖਾਂ ਵਿੱਚ ਜੜੀ ਜਾਵੇ ।
ਸੜ ਸੜ ਆਪ ਸੰਸਾਰ ਨੂੰ ਕਰੇ ਚਾਨਣ,
ਫੁੱਲ-ਝੜੀ ਵਾਂਗੂੰ ਐਪਰ ਝੜੀ ਜਾਵੇ ।
ਭਰ ਕੇ ਸੀਤਲਤਾ, ਆਪਣੀ ਆਤਮਾ 'ਚ,
ਇੱਕ ਮਨ ਹੋ ਕੇ ਬਾਣੀ ਪੜ੍ਹੀ ਜਾਵੇ ।
ਸ਼ਾਂਤਮਈ ਦਾ ਹੱਥ ਹਥਿਆਰ ਲੈ ਕੇ,
ਜਬਰ ਸਿਤਮ ਦੇ ਨਾਲ ਉਹ ਲੜੀ ਜਾਵੇ ।
ਜਿਸਮ ਫ਼ਾਨੀ ਤਾਂ ਸਾੜਿਆ ਜਾ ਸਕਦੈ,
ਐਪਰ ਆਤਮਾ ਨੂੰ ਕੌਣ ਸਾੜ ਸਕਦੈ ।
ਜਿਦ੍ਹੀ ਰੂਹ ਹੀ ਪ੍ਰਭੂ ਨਾਲ ਜੁੜੀ ਹੋਵੇ,
ਦੱਸੋ ਉਹਦਾ ਕੀ ਕੋਈ ਵਿਗਾੜ ਸਕਦੈ ।

ਕਰਾਮਾਤ ਨੂੰ ਨਿਰਾ ਹੀ ਕਹਿਰ ਦੱਸ ਕੇ,
ਰੱਬੀ ਰਜ਼ਾ ਕਹਿ, ਕਰ ਕਮਾਲ ਸੁਟਿਆ ।
ਲਛਮੀ ਬਣੀ ਦਾਸੀ, ਸ਼ਕਤੀ ਚਰਨ ਚੁੰਮੇ,
ਫਿਰ ਵੀ ਵਾਰ ਉਸ ਜਾਹੋ-ਜਲਾਲ ਸੁਟਿਆ ।
ਗਰਮ ਕਰਨ ਲਈ ਕੌਮ ਦਾ ਖ਼ੂੰਨ ਠੰਢਾ,
ਰੇਤ ਨਾਲ ਉਸ ਰੱਤ ਨੂੰ ਬਾਲ ਸੁਟਿਆ ।
ਘੜਨ ਵਾਸਤੇ ਸਿੱਖੀ ਦੀ ਰੂਪ-ਰੇਖਾ,
ਬਹਿ ਕੇ ਲੋਹ ਤੇ ਚਰਬੀ ਨੂੰ ਢਾਲ ਸੁਟਿਆ ।
ਹਿੰਦ ਦੀ ਅਣਖ ਨੂੰ ਕਿਤੇ ਉਬਾਲ ਆ ਜਾਇ,
ਇਸ ਲਈ 'ਕੋਮਲ' ਸਰੀਰ ਉਬਾਲ ਸੁਟਿਆ ।
ਗਾਲਣ ਵਾਸਤੇ ਜ਼ੁਲਮ ਦੀ ਜੜ੍ਹ ਉਹਨੇ,
ਆਪਣੀ ਦੇਹ ਨੂੰ ਦੇਗ ਵਿਚ ਗਾਲ ਸੁਟਿਆ ।
ਸਬਰ ਜਿੱਤਿਆ, ਜਬਰ ਦੀ ਹਾਰ ਹੋਈ,
ਪੰਚਮ ਪਾਤਸ਼ਾਹ ਜਦੋਂ ਕੁਰਬਾਨ ਹੋਇਆ ।
ਓਦੋਂ ਬੱਝਾ ਸੀ ਮੁੱਢ ਸ਼ਹਾਦਤਾਂ ਦਾ,
'ਕੋਮਲ' ਸਿੱਖੀ ਵਿਚ ਕਾਜ ਮਹਾਨ ਹੋਇਆ ।

# ਧਰਮ ਤੇ ਰਾਜਨੀਤੀ ਜੋੜਨ ਵਾਲੇ
# ਗੁਰੂ ਹਰਿਗੋਬਿੰਦ ਜੀ

ਗੁਰ ਛੇਵੇਂ ਯੋਧੇ ਹਰਿਗੋਬਿੰਦ,
ਜਦ ਬੈਠੇ ਸਨ ਗੁਰ-ਗੱਦੀ ਤੇ ।
ਉਹ ਵਾਰਸ ਬਣ ਕੇ ਬੈਠੇ ਸਨ,
ਆਪਣੇ ਹੀ ਵਿਰਸੇ ਜੱਦੀ ਤੇ ।
ਤਦ ਬਾਬਾ ਬੁੱਢਾ ਜੀ ਹੱਥੋਂ,
ਉਨ੍ਹਾਂ ਪਹਿਨ ਲਈਆਂ ਤਲਵਾਰਾਂ ਦੋ ।
ਇੱਕ ਮੀਰੀ ਦੀ, ਇਕ ਪੀਰੀ ਦੀ,
ਆ ਮਿਲ ਪਈਆਂ ਤਲਵਾਰਾਂ ਦੋ ।
ਜੋ ਸਿਆਸਤ ਉਦੋਂ ਨਿਖਸਮੀ ਸੀ,
ਤੇ ਜਿਹੜੀ ਉਦੋਂ ਅਭਾਗਣ ਸੀ ।
ਉਸ ਨੂੰ ਲਾ ਕੇ ਲੜ ਧਰਮ ਦੇ,
ਕੀਤਾ ਗੁਰਾਂ ਸੁਹਾਗਣ ਸੀ ।
ਸਿੱਖ-ਸੰਗਤ, ਜੁੜੀ ਅਕਾਲ ਤਖ਼ਤ,
ਤੇ ਰਿਹਾ ਨਾ ਕੋਈ ਉਹਲੇ ਸੀ ।
ਫਿਰ ਲਾ ਕੇ ਚੋਟ ਨਗਾਰੇ ਤੇ,
ਗੁਰੂ ਹਰਿਗੋਬਿੰਦ ਇਉਂ ਬੋਲੇ ਸੀ ।
"ਜੇ ਸਿੱਖੋ ! ਭੇਟਾ ਕਰਨੀ ਏਂ,
ਤਾਂ ਵਧੀਆ ਸ਼ਸਤਰ ਭੇਟ ਕਰੋ ।
ਅੱਜ ਤੁਸੀਂ ਜਵਾਨੀ ਭੇਟ ਕਰੋ,
ਘੋੜੇ ਤੇ ਅਸਤਰ ਭੇਟ ਕਰੋ ।
ਅੱਜ ਮੇਰੀ ਖੁਸ਼ੀ ਜੇ ਚਾਹੁੰਦੇ ਓ,
ਤਾਂ ਚੰਗੇ ਘੋੜ-ਸਵਾਰ ਬਣੋ ।
ਨਿੱਤ ਪਹਿਨੋ ਸ਼ਸਤਰ ਬਸਤਰ ਵੀ,
ਤੇ ਚੰਗੇ ਸਿਪਾਹ-ਸਾਲਾਰ ਬਣੋ ।

ਫੜ ਨੇਜ਼ੇ, ਤੀਰਾਂ, ਤੇਗਾਂ ਨੂੰ
ਜਾ ਜੰਗਲਾਂ ਵਿਚ ਸ਼ਿਕਾਰ ਕਰੋ ।
ਕਰ ਕਸਰਤ ਬਣੋ ਨਰੋਏ ਵੀ,
ਤੇ ਤਕੜੇ ਜਿਸਮ ਤਿਆਰ ਕਰੋ ।
ਨੇਜ਼ਾਬਾਜ਼ੀ, ਜੰਗੀ ਖੇਡਾਂ,
ਸਿੱਖ ਲੌ ਜੰਗ ਦੇ ਢੰਗ ਓ ਸਿੱਖੋ ।
ਤਨਾਂ ਮਨਾਂ ਦੇ ਅੰਦਰ ਭਰ ਲਓ,
ਸ਼ਕਤੀ ਦੇ ਸਭ ਰੰਗ ਓ ਸਿੱਖੋ ।
ਅੰਗ ਅੰਗ ਮਜ਼ਬੂਤ ਬਣਾ ਕੇ,
ਕਰ ਦਿਓ ਦੁਨੀਆਂ ਦੰਗ ਜਵਾਨੋ ।
ਨਾਲ ਅਣਖ ਦੇ ਜੀਵੋ ਜਾਗੋ,
ਇਹੋ ਸਮੇਂ ਦੀ ਮੰਗ ਜਵਾਨੋ ।
ਸਿਰ ਸੋਹਣੇ ਦਸਤਾਰੇ ਬੰਨ੍ਹੋ,
ਸਿੱਖੀ ਸ਼ਾਨ ਬਣਾ ਕੇ ਚੱਲੋ ।
ਸੀਨੇ ਆਪਣੇ ਤਾਣ ਕੇ ਚੱਲੋ,
ਧੌਣਾਂ ਨੂੰ ਅਕੜਾ ਕੇ ਚੱਲੋ ।
ਜ਼ਾਲਮ ਕੋਈ ਤਲਵਾਰ ਜਾਂ ਚੁੱਕੇ,
ਫੜਕਣ ਤੁਸਾਂ ਦੇ ਡੌਲੇ ਸਿੱਖੋ ।
ਮਜ਼ਲੂਮਾਂ ਦਾ ਖ਼ੂਨ ਜਾਂ ਡੁੱਲ੍ਹੇ,
ਖ਼ੂਨ ਤੁਹਾਡਾ ਖੌਲੇ ਸਿੱਖੋ ।
ਨਿਰਬਲ ਹੋਣਾ ਬੜਾ ਗੁਨਾਹ ਏਂ,
ਕਾਇਰ ਹੋਣਾ ਪਾਪ ਹੈ ਵੱਡਾ ।
ਜ਼ੁਲਮ ਦੇ ਅੱਗੇ ਝੁਕਦੇ ਰਹਿਣਾ,
ਸਮਝੋ ਇਕ ਸਰਾਪ ਹੈ ਵੱਡਾ ।
ਕਮਜ਼ੋਰਾਂ ਤੇ ਬੇ-ਅਣਖਾਂ ਨੂੰ,
ਕਰਦਾ ਸਮਾਂ ਮੁਆਫ਼ ਨਹੀਂ ਏਂ ।
ਮੀਰੀ ਨਾਲ ਜੇ ਪੀਰੀ ਨਹੀਂ ਏਂ,
ਹੋ ਸਕਦਾ ਇਨਸਾਫ਼ ਨਹੀਂ ਏ ।

ਜਦੋਂ ਤੀਕ ਇਹ ਸਿਤਮ ਨਹੀਂ ਮਿਟਦਾ,
ਜਦੋਂ ਤੀਕ ਹੈ ਬਾਬਰ-ਵਾਣੀ ।
ਤੇਗ ਜ਼ੁਲਮ ਦੀ ਬੰਦ ਕਰਨ ਲਈ,
ਤੁਸਾਂ ਵੀ ਹੈ ਤਲਵਾਰ ਉਠਾਣੀ ।
ਇਸ ਲਈ ਜਿਹੜੀ ਜ਼ੁਲਮ ਨੂੰ ਸੋਧੇ,
ਚਾਹੀਦੀ ਹੈ ਉਹੋ ਭਵਾਨੀ ।
ਜਿਹੜੀ ਕੰਮ ਕੌਮ ਦੇ ਆਵੇ,
ਚਾਹੀਦੀ ਹੈ ਓਹੋ ਜਵਾਨੀ ।
ਜਦ ਤੀਕਰ ਤੁਸੀਂ ਮੌਤੋਂ ਡਰਦੇ,
ਤਦ ਤੀਕਰ ਤੁਸੀਂ ਜੀ ਨਹੀਂ ਸਕਦੇ ।
ਜੇਕਰ ਜ਼ਿੰਦਗੀ ਮਾਣ ਲਵੋ ਤਾਂ,
ਫੇਰ ਤੁਸੀਂ ਕਰ ਕੀ ਨਹੀਂ ਸਕਦੇ ।
ਮੌਤ ਨੂੰ ਜਦੋਂ ਵੰਗਾਰੋਗੇ ਤਾਂ,
ਨੱਸ ਜਾਵੇਗੀ ਚਿੰਤਾ ਭਾਰੀ ।
ਉੱਡ ਜਾਵੇਗਾ ਡਰ ਭਉ ਅੰਦਰੋਂ,
ਮਰ ਜਾਵੇਗੀ ਮੌਤ ਨਕਾਰੀ ।
ਅੱਗ ਦੇ ਕੁਝ ਚੰਗਿਆੜੇ ਮਿਲਕੇ,
ਜੰਗਲ ਨੂੰ ਅੱਗ ਲਾ ਸਕਦੇ ਨੇ ।
ਪਾਣੀ ਕਤਰਾ ਕਤਰਾ ਮਿਲਕੇ,
ਹੜ੍ਹ ਦੀ ਸ਼ਕਲ ਬਣਾ ਸਕਦੇ ਨੇ ।
ਤੁਸੀਂ ਤਾਂ ਹੋ ਇਨਸਾਨ ਉਚੇਰੇ,
ਜੀਅ ਸਕਦੇ ਹੋ, ਮਰ ਸਕਦੇ ਹੋ ।
ਬਣ ਕੇ ਕੌਮ ਦੇ ਤੁਸੀਂ ਸਿਪਾਹੀ,
ਜੋ ਚਾਹੋ ਸੋ ਕਰ ਸਕਦੇ ਹੋ ।
ਤੁਸੀਂ ਤਾਂ ਸਿੱਖ ਹੋ, ਗੁਰੂ ਜਿਨ੍ਹਾਂ ਦਾ,
ਸਾੜਿਆ ਗਿਆ ਸੀ ਤਵੀ ਦੇ ਉਤੇ ।
ਪਤੈ ਤੁਹਾਨੂੰ ਜ਼ੁਲਮ ਜੋ ਹੋਇਐ,
ਓਸ ਮਹਾਨ ਕਵੀ ਦੇ ਉਤੇ ।

ਮੌਤ ਵਿਚ ਹੈ ਜੀਵਨ-ਪਦਵੀ,
ਜੀਵਨ ਸਫਲਾ ਕਰਨਾ ਸਿੱਖੋ ।
ਮਰਨ ਵਿਚ ਹੀ ਪਰਮ-ਅਨੰਦ ਹੈ,
ਇਸ ਲਈ ਸਿੱਖੋ ! ਮਰਨਾ ਸਿੱਖੋ ।

ਕਵੀਓ ! ਰੱਬੀ-ਦਾਤ ਹੈ ਕਵਿਤਾ,
ਲਿਖਦੇ ਜਾਓ, ਜੋਸ਼ੀਲੀਆਂ ਵਾਰਾਂ ।
ਇੱਟਾਂ ਬਣਕੇ ਕੰਮ ਆਉਂਦੇ ਹੋ,
ਕੌਮ ਦੀਆਂ ਜਦ ਬਣਨ ਦੀਵਾਰਾਂ ।

ਰਚਦੇ ਹੋ ਜਦ ਸਮੇਂ ਦੀ ਕਵਿਤਾ,
ਦਿੰਦੇ ਬਦਲ ਤੁਸੀਂ ਤਕਦੀਰਾਂ ।
ਉੱਠ ਕੇ ਮੁਰਦੇ, ਮਰਦ ਨੇ ਬਣਦੇ,
ਫੜ ਲੈਂਦੇ ਨੇ ਹੱਥ ਸ਼ਮਸ਼ੀਰਾਂ ।

ਪੜ੍ਹਕੇ ਸ਼ੇਅਰ ਪਰੇਰੋ ਏਦਾਂ,
ਠੰਢੇ ਲਹੂ ਗਰਮਾਵਣ ਆਪੇ ।
ਕੱਪੜੇ ਤਨੋਂ ਉਤਾਰਨ ਵਾਂਗੂੰ,
ਖੱਲਾਂ ਲੋਕ ਲੁਹਾਵਣ ਆਪੇ ।

ਕੁਚਲੀ ਹੋਈ ਏ ਕੌਮ ਤੁਹਾਡੀ,
ਮਿੱਧਿਆ ਹੋਇਐ ਪੰਜਾਬ ਤੁਹਾਡਾ ।
ਮੁੜਕੇ ਪੈਰਾਂ ਉਤੇ ਖੜ੍ਹ ਜਾਇ,
ਵਾਪਸ ਆਏ ਸ਼ਬਾਬ ਤੁਹਾਡਾ ।

ਸੁਣੋ ਢਾਡੀਓ ! ਗਾਓ ਗੱਜ ਕੇ,
ਤੁਸੀਂ ਵੀ ਬੀਰ-ਰਸ ਦੀਆਂ ਵਾਰਾਂ ।
ਬੋਲ ਤੁਹਾਡੇ ਬਣਨ ਵੰਗਾਰਾਂ,
ਸੁਰਾਂ ਤੇ ਸਾਜ਼ ਬਣਨ ਲਲਕਾਰਾਂ ।

ਠੱਪ ਠੱਪ ਕਰ ਕੇ ਤੁਹਾਡੀਆਂ ਢੱਡਾਂ,
ਸੁੱਤੀ ਕੌਮ ਨੂੰ ਟੁੰਬ ਜਗਾਵਣ ।
ਸਾਰੰਗੀ, ਗਜ਼ ਅਤੇ ਘੁੰਗਰੂ,
ਕੁਰਬਾਨੀ ਦਾ ਚਾਅ ਚੜ੍ਹਾਵਣ ।

ਸ਼ਾਂਤੀ, ਸੇਵਾ, ਭਗਤ-ਕਮਾਈ,
ਭਗਤਾਂ ਬੇ-ਪਰਵਾਹਾਂ ਦੀ ਏ ।
ਤਖ਼ਤ, ਕਿਲ੍ਹੇ ਤੇ ਝੰਡੇ, ਫੌਜਾਂ,
ਇਹੋ ਨਿਸ਼ਾਨੀ ਸ਼ਾਹਾਂ ਦੀ ਏ।

ਕੱਲ੍ਹ ਦੇ ਜ਼ੁਲਮ ਨੂੰ ਠੱਲਿਆ ਅੱਜ ਨੇ,
ਅੱਜ ਨੂੰ ਚੰਗੀ ਭਲਕ ਮਿਲੇਗੀ ।
ਖ਼ਲਕ ਜਦੋਂ ਬਣ ਜਾਊ ਸੰਗਤ,
ਖ਼ਾਲਕ ਦੀ ਤਦ ਝਲਕ ਮਿਲੇਗੀ ।

ਏਦਾਂ ਸਤਿਗੁਰ ਹਰਿਗੋਬਿੰਦ ਨੇ,
ਜਨਤਾ ਨੂੰ ਉਤਸ਼ਾਹ ਸੀ ਦਿੱਤਾ ।
ਸਿੱਖਾਂ ਦੇ ਸਿਰ ਉਤੋਂ ਸਾਰਾ,
ਡਰ, ਭਉ ਉਹਨਾਂ ਲਾਹ ਸੀ ਦਿੱਤਾ ।

ਬੱਸ ਫਿਰ ਕੀ ਸੀ, ਗੁਰ-ਦਰਬਾਰੇ,
ਹੋ ਗਏ ਸਿੱਖ ਜਵਾਨ ਜਮ੍ਹਾਂ ਸੀ ।
ਆਏ ਕਈ ਹਥਿਆਰ ਤੇ ਘੋੜੇ,
ਜੰਗ ਦੇ ਹੋਏ ਸਾਮਾਨ ਜ਼ਮ੍ਹਾਂ ਸੀ ।

ਭਗਤੀ ਨੂੰ ਜਾਂ ਸ਼ਕਤੀ ਮਿਲ ਗਈ,
ਚੰਗਾ ਜੁੜਿਆ ਜੋੜ ਨਵਾਂ ਸੀ ।
ਸ਼ਾਂਤੀ ਤੇ ਕੁਰਬਾਨੀ ਮਗਰੋਂ,
ਰਾਹ ਓਹੋ, ਪਰ ਮੋੜ ਨਵਾਂ ਸੀ ।

ਨਾਲ ਸ਼ਾਂਤਮਈ ਜੁੜੀ ਬੀਰਤਾ,
ਮਾਲਾ ਤੇ ਤਲਵਾਰ ਜੁੜੀ ਸੀ ।
ਸਿੱਖ ਧਰਮ ਦੇ ਨਾਲ ਸਿਆਸਤ,
ਆ ਕੇ ਪਹਿਲੀ ਵਾਰ ਜੁੜੀ ਸੀ ।

ਲੱਗੀ ਚੋਟ ਨਗਾਰੇ ਉਤੇ,
ਧਮਕ ਪਈ ਵਿਚ ਦਿੱਲੀ ਸੀ ।
ਝੰਡਾ ਜਾਂ ਲਹਿਰਾਇਆ ਉੱਚਾ,
ਕੁੱਲ ਹਕੂਮਤ ਹਿੱਲੀ ਸੀ ।

ਰਚਿਆ 'ਤਖ਼ਤ ਅਕਾਲ' ਵੇਖ ਕੇ,
ਮੁਗ਼ਲ ਮੀਰ ਸੀ ਕੰਬ ਗਿਆ ।
ਸ਼ਕਤੀ ਵੇਖ ਕੇ ਹਰਿਗੋਬਿੰਦ ਦੀ,
ਜਹਾਂਗੀਰ ਸੀ ਕੰਬ ਗਿਆ ।
'ਕੋਮਲ' ਧਰਮ ਦੇ ਨਾਲ ਸਿਆਸਤ,
ਚਲਦੀ ਰਹੀ ਏ, ਚਲਦੀ ਰਹੇਗੀ ।
ਸਿੱਖੀ ਦੀ ਫੁੱਲਵਾੜੀ ਹਰਦਮ,
ਫੁੱਲਦੀ ਰਹੀ ਏ, ਫਲਦੀ ਰਹੇਗੀ ।

# ਗੁਰੂ ਹਰਿਰਾਇ ਜੀ

ਸੱਤਵੇਂ ਸਤਿਗੁਰ ਸਤਿ ਰੂਪ ਸਨ, ਸਤਿ ਕਰਤਾਰ ਜਪਾਂਦੇ।
ਸੱਚ ਧਰਮ ਦੀ ਸਿੱਖਿਆ ਦਿੰਦੇ, ਸਿੱਖੀ ਸ਼ਾਨ ਵਧਾਂਦੇ।
ਉਸ ਵੇਲੇ ਲਾਹੌਰ ਦਾ ਹੈਸੀ, "ਦਾਰਾ" ਵਾਇਸਰਾਇ।
ਉਸ ਨੇ ਸੁਣਿਆ ਸਿੱਖਾਂ ਦੇ ਨੇ, ਗੁਰੂ ਦੇਵ ਹਰਿਰਾਇ।
ਦਰਸ਼ਨ ਖ਼ਾਤਰ ਚਲ ਕੇ ਆਇਆ, ਹੋਇਆ ਸੀ ਪ੍ਰਭਾਵਤ।
ਗੁਰ-ਘਰ ਦਾ ਸ਼ਰਧਾਲੂ ਬਣਿਆ, ਅੱਖੀਂ ਵੇਖ ਸਖ਼ਾਵਤ।
ਨੇਕ-ਨੀਯਤ ਵਿਦਵਾਨ ਸੀ ਦਾਰਾ, ਵਲ ਛਲ ਵੱਲੋਂ ਕੋਰਾ।
ਰਾਜਨੀਤੀ ਦਾ ਉਹਦੇ ਅੰਦਰ, ਇਕ ਵੀ ਨਹੀਂ ਸੀ ਭੋਰਾ।
"ਔਰੰਗਾ" ਚਾਲਾਕ ਬੜਾ ਸੀ, ਚਾਲਬਾਜ਼ ਸੀ ਪੱਕਾ।
ਨਹੀਂ ਸੀ ਡਰਦਾ ਕਰਨ ਲੱਗਿਆਂ, ਜ਼ੁਲਮ ਜ਼ੋਰ ਤੇ ਧੱਕਾ।
ਸਕੇ ਭਰਾਵਾਂ ਨਾਲ ਓਸ ਨੇ, ਬਹੁਤ ਬੁਰੀ ਸੀ ਕੀਤੀ।
ਦਾਰਾ ਨੂੰ ਵੀ ਮਾਰ ਕੇ ਉਹਨੇ, ਤਾਕਤ ਸੀ ਹੱਥ ਲੀਤੀ।
ਸ਼ਾਹ ਜਹਾਨ ਪਿਤਾ ਆਪਣੇ ਨੂੰ, ਬੰਦੀ ਓਸ ਬਣਾਇਆ।
ਫਿਰ ਦਿੱਲੀ ਦੇ ਤਖ਼ਤ ਦੇ ਉਤੇ, ਕਬਜ਼ਾ ਓਸ ਜਮਾਇਆ।
ਗੁਰੂ ਹਰਿਰਾਇ ਵਿਰੁੱਧ ਸ਼ਿਕਾਇਤਾਂ, ਕੋਲ ਉਦ੍ਹੇ ਜਦ ਗਈਆਂ।
ਤਦ ਓਥੇ ਗੁਰ-ਘਰ ਦੀ ਉਸਤਤਿ, ਕੀਤੀ ਸਿੱਖਾਂ ਕਈਆਂ।
ਗੁਰ ਨਾਨਕ ਦੀ ਗੱਦੀ ਦੀ ਜਦ, ਸਿਫ਼ਤ ਸੁਣੀ ਔਰੰਗੇ।
ਉਸ ਗੱਦੀ ਤੇ ਸਤਵੇਂ ਗੁਰ ਦੇ, ਕੰਮ ਸੁਣੇ ਜਾਂ ਚੰਗੇ।
ਨਾਨਕ-ਧਰਮ ਸੰਬੰਧੀ ਉਹਨੇ, ਹੋਰ ਜਾਨਣਾ ਚਾਹਿਆ।
ਇਸ ਲਈ ਉਹਨੇ ਸਤਿਗੁਰੂ ਨੂੰ, ਵਿਚ ਦਰਬਾਰ ਬੁਲਾਇਆ।
ਪੁੱਜਾ ਦਿੱਲੀ ਦੇ ਦਰਬਾਰੋਂ, ਸੱਦਾ ਗੁਰ-ਦਰਬਾਰੇ।
ਪਰ ਸਤਿਗੁਰ ਨੇ ਸੋਚ ਲਿਆ ਸੀ, ਉਸ ਫ਼ੁਰਮਾਨ ਦੇ ਬਾਰੇ।
ਵੱਡੇ ਪੁੱਤਰ ਰਾਮਰਾਇ ਨੂੰ, ਆਪਣੇ ਕੋਲ ਬੁਲਾ ਕੇ।
ਧਰਮ ਸੰਬੰਧੀ ਬਹੁਤ ਜ਼ਰੂਰੀ, ਗੱਲਾਂ ਕੁਝ ਸਮਝਾ ਕੇ।
ਕਿਹਾ, ਦਿਲੀ ਦਰਬਾਰ 'ਚ ਬੇਟਾ, ਮੇਰੀ ਵਲੋਂ ਜਾਣਾ।
ਸ਼ਾਹ ਤੋਂ ਰਤਾ ਕਾਂਪ ਨਹੀਂ ਖਾਣੀ, ਉੱਕਾ ਨਾ ਘਬਰਾਣਾ।

ਸਿੱਖੀ ਦਿਆ ਅਸੂਲਾਂ ਦੀ ਨਾ, ਕਰਨੀ ਕਦੇ ਉਲੰਘਣਾ।
ਗੁਰ-ਘਰ ਦੇ ਸਨਮਾਨ ਦੀ ਖ਼ਾਤਰ, ਸੱਚ ਤੋਂ ਕਦੇ ਨਾ ਸੰਗਣਾ।
ਅੰਗ ਸੰਗ ਕਰਤਾਰ ਤੁਹਾਡੇ, ਨਹੀਂ ਕਿਸੇ ਤੋਂ ਡਰਨਾ।
ਗੁਰ ਨਾਨਕ ਦੀ ਗੱਦੀ ਦਾ, ਅਪਮਾਨ ਕਦੇ ਨਾ ਕਰਨਾ।
ਜੋ ਕੁਝ ਪੁੱਛੇ ਸ਼ਾਹ ਤੁਹਾਥੋਂ, ਸੱਚੋ ਸੱਚ ਉਚਰਿਓ।
ਬਚਨ ਤੁਹਾਡੇ ਸਫਲ ਹੋਣਗੇ, ਕਰਾਮਾਤ ਨਾ ਕਰਿਓ।
ਮੰਨਕੇ ਉਹਨੂੰ ਨਾਨਕ-ਘਰ ਦਾ, ਪ੍ਰਤੀਨਿੱਧ ਵਿਅੱਕਤੀ।
ਦਿੱਲੀ ਨੂੰ ਘਲ ਦਿੱਤਾ, ਉਹਨੂੰ, ਦੇ ਕੇ ਪੂਰੀ ਸ਼ਕਤੀ।
ਜਾਂਦਿਆਂ ਹੀ ਉਸ ਸ਼ਾਹ ਨੂੰ ਦੱਸੇ, ਚਮਤਕਾਰ ਨਿਆਰੇ।
ਕਈ ਕਮਾਲ, ਕ੍ਰਿਸ਼ਮੇ, ਕੌਤਕ, ਕਰਤਬ ਅਤੇ ਨਜ਼ਾਰੇ।
ਸ਼ਾਹ ਦੀ ਖੁਸ਼ੀ ਵਾਸਤੇ ਉਹਨੇ, ਬਦਲ ਦਿਤੀ ਗੁਰਬਾਣੀ।
ਏਦਾਂ ਤੋੜ ਕੇ ਗੁਰ-ਮਰਯਾਦਾ, ਕੀਤੀ ਸੀ ਮਨ-ਭਾਣੀ।
ਵੇਖ ਵੇਖ ਕੇ ਕਰਾਮਾਤ ਨੂੰ, ਖੁਸ਼ ਹੋ ਗਿਆ ਔਰੰਗਾ।
'ਰਾਮਰਾਇ' ਨੂੰ ਮੰਨ ਲਿਆ ਉਸ, ਵਲੀ ਮਹਾਨ ਇਕ ਚੰਗਾ।
ਪਰ ਸਤਿਗੁਰ ਨੇ 'ਰਾਮਰਾਇ' ਦੀ, ਵੇਖੀ ਜਦ ਮਨ-ਮਰਜ਼ੀ
ਵੇਖੇ ਬਦਲੇ ਤੌਰ ਓਸ ਦੇ, ਵੇਖੀ ਜਦ ਖ਼ੁਦਗਰਜ਼ੀ।
ਕਰ ਦਿੱਤਾ ਬੇ-ਦਖਲ ਸਿਖੀਓਂ, ਉਸ ਨੂੰ ਮੂੰਹ ਨਾ ਲਾਇਆ।
ਗੁਰ-ਘਰ ਦੀ ਸਭ ਸ਼ਕਤੀ ਖੋਹ ਕੇ, ਸੰਗਤ ਨੂੰ ਫੁਰਮਾਇਆ।
"ਜਿਸ ਨੇ ਆਪਣੀ ਜ਼ਿੰਮੇਵਾਰੀ, ਉੱਕੀ ਨਹੀਂ ਪਛਾਣੀ।
ਜਿਸ ਨੇ ਆਪਣੀ ਗ਼ਰਜ਼ ਵਾਸਤੇ, ਬਦਲ ਦਿੱਤੀ ਗੁਰਬਾਣੀ।
ਓਸ ਕਪੁੱਤਰ ਦਾ ਨਹੀਂ ਉੱਕਾ, ਇਸ ਘਰ ਵਿਚ ਟਿਕਾਣਾ।
ਮੇਰੇ ਨਾ ਉਹ ਮੱਥੇ ਲੱਗੇ, ਮੈਂ ਨਹੀਂ ਮੂੰਹ ਲਗਾਣਾ।"
ਗੁਰ-ਗੱਦੀ ਦੇ ਯੋਗ ਜਾਣਿਆ, ਆਖ਼ਰ ਪੁੱਤਰ ਨਿੱਕਾ।
ਆਪਣੇ ਹੱਥੀਂ ਲਾਇਆ ਉਹਨੂੰ ਗੁਰ ਗੱਦੀ ਦਾ ਟਿੱਕਾ।
'ਕੋਮਲ' ਹਰਿਕ੍ਰਿਸ਼ਨ ਨੂੰ ਉਹਨਾਂ ਦੇ ਦਿੱਤੀ ਗੁਰਿਆਈ।
ਏਦਾਂ ਰੱਖੀ ਕਾਇਮ ਗੁਰਾਂ ਨੇ, ਗੁਰ-ਘਰ ਦੀ ਵਡਿਆਈ।

# ਸ੍ਰੀ ਗੁਰੂ ਹਰਿਕ੍ਰਿਸ਼ਨ ਜੀ

ਸਿੱਖ ਧਰਮ ਨੇ ਸਿੱਧ ਕੀਤਾ ਏ, ਬਾਲ-ਗੁਰੂ ਵੀ ਹੋ ਸਕਦੈ।
ਜਿਹੜਾ ਨ੍ਹੇਰੇ ਹਿਰਦਿਆਂ ਅੰਦਰ, ਕਰ ਗਿਆਨ ਦੀ ਲੋ ਸਕਦੈ।

ਤਾਹੀਓਂ ਸਤਵੇਂ ਨਾਨਕ ਜੋ ਸ਼ਨ, ਜਾਨਣਹਾਰ ਸ੍ਰਿਸ਼ਟੀ ਦੇ।
ਜਾਣੂੰ ਸਨ ਓਹ ਹਰਿਕ੍ਰਿਸ਼ਨ ਦੀ, ਦੀਰਘ ਦਿੱਬ ਦ੍ਰਿਸ਼ਟੀ ਦੇ।

ਉਹਨਾਂ ਆਪਣੇ ਨਿੱਕੇ ਪੁੱਤਰ, ਪੰਜ ਸਾਲ ਦੇ ਬਾਲਕ ਨੂੰ।
ਗੁਰੂ ਬਣਾ ਕੇ ਗੱਦੀ ਦਿੱਤੀ, ਅਸਲੀ ਵਾਰਸ ਮਾਲਕ ਨੂੰ।

ਬਚਪਨ ਵਿਚ ਹੀ 'ਹਰਿਕ੍ਰਿਸ਼ਨ' ਦੇ, ਕੌਤਕ ਵੱਡਿਆਂ ਵਾਲੇ ਸਨ।
ਦੂਰੋਂ ਨੇੜਿਓਂ ਕੁੱਲ ਸ਼ਰਧਾਲੂ, ਜੁੜਦੇ ਆਣ ਦੁਆਲੇ ਸਨ।

ਜਿਸ ਨੇ ਆ ਕੇ ਦਰਸ਼ਨ ਕੀਤੇ, ਉਹਦੇ ਦੁੱਖੜੇ ਦੂਰ ਹੋਏ।
ਜਿਸ ਨੂੰ ਛੁਹ ਪ੍ਰਾਪਤ ਹੋ ਗਈ, ਉਹਦੇ ਰੋਗ ਕਾਫੂਰ ਹੋਏ।

ਵਧ ਗਈ ਸ਼ਰਧਾ, ਹੋਈ ਮਾਨਤਾ, ਵਧਿਆ ਸਿੱਖੀ ਘੇਰਾ ਸੀ।
ਛੋਟੀ ਉਮਰੇ ਅਠਵੇਂ ਗੁਰੂ ਦਾ, ਫੈਲਿਆ ਜੱਸ ਬਥੇਰਾ ਸੀ।

ਲਾਲ ਚੰਦ ਪੰਡਤ ਨੇ ਸੁਣ ਲਈ, ਸਤਿਗੁਰ ਦੀ ਵਡਿਆਈ ਸੀ।
ਉਸ ਹੰਕਾਰੀ, ਅੰਦਰੋਂ ਏਦਾਂ, ਬੋਲ ਪਈ ਪੰਡਤਾਈ ਸੀ।

"ਬੱਚਾ ਹੁੰਦਾ ਗਿਆਨਵਾਨ ਨਹੀਂ, ਹੋ ਸਕਦਾ ਅਵਤਾਰ ਨਹੀਂ।
ਬਾਲਕ ਕੋਈ ਗੁਰੂ ਬਣ ਜਾਵੇ, ਮੈਂ ਮੰਨਣ ਨੂੰ ਤਿਆਰ ਨਹੀਂ।"

ਵੇਖ ਮਾਨਤਾ ਹਰਿਕ੍ਰਿਸ਼ਨ ਦੀ, ਉਹ ਸੁਣ ਕੋਲੇ ਹੋਇਆ ਸੀ।
ਵਿਦਵਤਾ ਦੀ ਹੈਂਕੜ ਅੰਦਰ, ਜੀਊਂਦਾ ਹੀ ਉਹ ਮੋਇਆ ਸੀ।

ਆਖਣ ਲੱਗਾ, "ਸ੍ਰੀ ਕ੍ਰਿਸ਼ਨ" ਨੇ ਗੀਤਾ ਆਪ ਉਚਾਰੀ ਸੀ।
ਦੁਆਪੁਰ ਦਾ ਉਹ 'ਕ੍ਰਿਸ਼ਨ ਮੁਰਾਰੀ' ਜਿਸ ਨੇ ਦੁਨੀਆ ਤਾਰੀ ਸੀ।

ਨਾਮ ਕ੍ਰਿਸ਼ਨ ਭਗਵਾਨ ਤੋਂ ਵੱਡਾ, ਜਿਸ ਨੇ ਨਾਮ ਰਖਾਇਆ ਏ ।
ਬਾਲ-ਰੂਪ ਵਿਚ ਗੁਰੂ ਹੋਣ ਦਾ, ਡੰਕਾ ਖ਼ੂਬ ਵਜਾਇਆ ਏ ।

ਅੱਜ ਉਹ ਕ੍ਰਿਸ਼ਨ ਦੀ ਗੀਤਾ ਦੇ ਹੀ, ਕਰ ਕੇ ਅਰਥ ਵਿਖਾ ਦੇਵੇ ।
ਜੇ ਉਹ ਸਚਮੁੱਚ ਗੁਰੂ ਹੈ ਪੂਰਾ, ਗਿਆਨ ਦਾ ਮੀਂਹ ਵਰ੍ਹਾ ਦੇਵੇ ।"

ਸੁਣ ਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਨੇ, ਪੰਡਤ ਤਾਈਂ ਬੁਲਾਇਆ ਸੀ।
ਤੋੜਨ ਲਈ ਹੰਕਾਰ ਓਸ ਦਾ, ਏਸ ਤਰ੍ਹਾਂ ਫ਼ੁਰਮਾਇਆ ਸੀ ।

"ਪੰਡਤ ਜੀ ਜੇ ਸਾਡੀ ਮੰਨੋ, ਤੁਸਾਂ ਨੂੰ ਨੇਕ ਸਲਾਹ ਦੇਵਾਂ ।
ਮਨ-ਮਰਜ਼ੀ ਦਾ ਬੰਦਾ ਲਿਆਓ, ਗੀਤਾ-ਅਰਥ ਕਰਾ ਦੇਵਾਂ ।"

ਇਹ ਸੁਣ ਕੇ ਤੇ ਲਾਲੂ ਪੰਡਤ, ਡਾਢਾ ਖ਼ੁਸ਼ੀ 'ਚ ਆਇਆ ਸੀ।
ਤੇ ਉਹ ਗੂੰਗਾ ਝੀਵਰ ਛੱਜੂ, ਭਾਲ ਕੇ ਨਾਲ ਲਿਆਇਆ ਸੀ ।

ਛੱਜੂ ਝੀਵਰ ਉਤੇ ਸਤਿਗੁਰ, ਮਿਹਰ ਦੀ ਨਜ਼ਰ ਟਿਕਾਈ ਸੀ ।
ਨਾਲੇ ਉਹਨਾਂ ਸੋਟੀ ਉਹਦੇ, ਸਿਰ ਦੇ ਨਾਲ ਛੁਹਾਈ ਸੀ ।

ਛੱਜੂ ਹੋਰਾਂ ਗੀਤਾ ਪੜ੍ਹ ਕੇ, ਹਰ ਇਕ ਅਰਥ ਸੁਣਾ ਦਿੱਤਾ ।
ਲਾਲੂ ਪੰਡਤ ਹੋਰਾਂ ਨੂੰ ਉਸ, ਚੱਕਰਾਂ ਦੇ ਵਿਚ ਪਾ ਦਿੱਤਾ।

ਜੋ ਪੁੱਛਿਆ ਸੋ ਦੱਸਿਆ ਗੂੰਗੇ, ਸ਼ਾਸਤਰ ਅਰਥ ਸੁਣਾਏ ਸਨ ।
ਨਿਰ-ਹੰਕਾਰ ਹੋ ਪੰਡਤ ਹੋਰੀਂ, ਸਿੱਧੇ ਰਾਹ ਤੇ ਆਏ ਸਨ ।

ਗੁਰੂ ਹਰਿਕ੍ਰਿਸ਼ਨ ਦੀ ਸੋਟੀ ਅੰਦਰ, ਇਹੋ ਜਿਹੀ ਸਮਰੱਥਾ ਸੀ ।
ਲਾਲ ਚੰਦ ਨੇ ਗੁਰ-ਚਰਨਾਂ ਤੇ,ਆਪ ਟੇਕਿਆ ਮੱਥਾ ਸੀ ।

'ਕੋਮਲ' ਸਿੱਖ ਗੁਰੂ ਦਾ ਬਣਿਆ, ਉਹ ਸੇਵਕ ਸ਼ਰਧਾਲੂ ਸੀ ।
ਧੰਨ ਸ੍ਰੀ ਗੁਰੂ 'ਹਰਿਕ੍ਰਿਸ਼ਨ' ਜੀ, ਪੂਰਨ ਗੁਰੂ ਦਿਆਲੂ ਸੀ ।

## ਨੌਵਾਂ ਗੁਰੂ ਲਾਧੋ ਰੇ

ਅਠਵੇਂ ਗੁਰੂ ਨੇ ਕਿਹਾ ਕਿ ਗੁਰੂ ਨੌਵਾਂ,
ਬਾਬਾ ਲੱਭ ਲੋ ਜਾ ਬਕਾਲੇ ਅੰਦਰ।
ਸੁਣਦੇ ਸਾਰ ਹੀ ਸੋਢੀ ਕੁਝ ਹੋਏ ਕੱਠੇ,
ਬਹਿ ਗਏ ਮੰਜੀਆਂ ਡਾਹ ਬਕਾਲੇ ਅੰਦਰ।

ਵਾਰਸ ਗੁਰੂ ਘਰ ਦੇ ਬਣੇ ਬਾਈ ਪੂਰੇ,
ਆਪਣੇ ਆਪ ਹੀ ਗੁਰੂ ਕਹਾਉਣ ਲੱਗ ਪਏ।
ਹੱਕਦਾਰ, ਗੁਰ-ਗੱਦੀ ਦੇ ਬਣ ਆਪੇ,
ਭੋਲੇ ਸਿੱਖਾਂ ਤੋਂ ਭੇਟਾ ਉਗਰਾਉਣ ਲੱਗ ਪਏ।

'ਧੀਰ ਮਲ' ਸੀ ਗੁਰੂਆਂ ਦੀ ਅੰਸ਼ ਵਿਚੋਂ,
ਇਸ ਲਈ ਉਹਦੀ ਸੀ ਗੱਦੀ ਮਹਾਨ ਚੱਲ ਪਈ।
ਉਹਦੇ ਕੋਲ ਸੀ ਬੀੜ "ਗ੍ਰੰਥ" ਜੀ ਦੀ,
ਇਸ ਲਈ ਉਹਦੀ ਸੀ ਚੰਗੀ ਦੁਕਾਨ ਚੱਲ ਪਈ।

ਉਹਨਾਂ ਦਿਨਾਂ ਵਿਚ ਹੀ ਨੌਵੇਂ ਗੁਰੂ ਅੱਗੇ,
'ਮੱਖਣ ਸ਼ਾਹ' ਲੁਬਾਣੇ ਅਰਦਾਸ ਕੀਤੀ।
ਗੁਰਾਂ ਡੁੱਬਦਾ ਜਹਾਜ਼ ਬਚਾਅ ਉਹਦਾ,
ਸੇਵਕ ਆਪਣੇ ਦੀ ਪੂਰੀ ਆਸ ਕੀਤੀ।

ਮੱਖਣ ਸ਼ਾਹ ਵਪਾਰੀ ਨੇ ਸ਼ੁਕਰ ਕੀਤਾ,
ਸੁੱਖੀ ਹੋਈ ਉਹ ਸੁੱਖਣਾ ਲਾਹੁਣ ਚੱਲਿਆ।
ਪੰਜ ਸੌ ਮੋਹਰਾਂ ਤੇ ਨਾਲ ਦਸਵੰਧ ਲੈ ਕੇ,
ਨੌਵੇਂ ਗੁਰੂ ਦੀ ਭੇਟ ਚੜ੍ਹਾਉਣ ਚੱਲਿਆ।

ਜਾ ਕੇ ਵਿਚ ਬਕਾਲੇ ਦੇ ਕੀ ਡਿੱਠਾ,
ਕਈ ਗੁਰੂ ਸਨ ਬੈਠੇ ਗਦੇਲਿਆਂ ਤੇ।
ਬਣੇ ਫੱਬੇ ਸਨ ਤਕੜੀਆਂ ਦੇਹਾਂ ਵਾਲੇ,
ਲਾਲੀ ਚੜ੍ਹੀ ਹੋਈ ਸੀ ਉਹਨਾਂ ਵਿਹਲਿਆਂ ਤੇ।

ਫਰਜ਼ੀ ਗੱਦੀਆਂ ਤੇ ਭੇਖੀ ਗੁਰੂ ਬੈਠੇ,
ਸਿਰਾਂ ਉਤੇ ਸਨ ਚੌਰ ਮਸੰਦ ਕਰਦੇ ।
ਸਾਧ ਸੰਗਤ ਨੂੰ ਲੱਭਾ ਨਾ ਗੁਰੂ ਅਸਲੀ,
ਨਕਲੀ ਗੁਰੂ ਸਨ ਮੌਜ ਅਨੰਦ ਕਰਦੇ ।
ਮੇਲਾ ਗੁਰੂਆਂ ਦਾ ਲੱਗਿਆ ਵੇਖ ਕੇ ਤੇ,
ਮੱਖਣ ਸ਼ਾਹ ਨੇ ਕਿਹਾ, "ਕੀ ਕਰਾਂ ਹੁਣ ਮੈਂ ?
ਕਿਹੜੇ ਗੁਰੂ ਨੂੰ ਮੱਥਾ ਮੈਂ ਜਾ ਟੇਕਾਂ ?
ਕਿਹੜੇ ਗੁਰੂ ਅੱਗੇ ਭੇਟਾ ਧਰਾਂ ਹੁਣ ਮੈਂ ?
ਮਨ ਵਿਚ ਸੋਚਦਾ ਕਿ ਜਾਣੀ ਜਾਣ ਓਹੋ,
ਜਿਹੜਾ ਦਿਲ ਦੀ ਬੁਝ ਉਮੰਗ ਲਏਗਾ ।
ਓਸੇ ਗੁਰੂ ਨੂੰ ਸਮਝਾਂਗਾ ਮੈਂ ਸੱਚਾ,
ਪੂਰੀ ਪੰਜ ਸੌ ਮੋਹਰ ਜੋ ਮੰਗ ਲਏਗਾ ।"
ਹਰ ਇਕ ਗੁਰੂ ਅੱਗੇ, ਦੋ ਦੋ ਰੱਖ ਮੋਹਰਾਂ,
ਮੱਥਾ ਟੇਕਿਆ ਪਰ ਨਾ ਧਰਵਾਸ ਹੋਈ ।
ਮੰਗੀ ਕਿਸੇ ਅਮਾਨਤ ਨਾ ਆਪਣੀ ਸੀ,
ਇਸ ਲਈ ਆਤਮਾ ਉਹਦੀ ਬੇ-ਆਸ ਹੋਈ ।
ਮੱਖਣ ਸ਼ਾਹ ਲੁਬਾਣੇ ਫਿਰ ਪੁੱਛ ਕੀਤੀ
'ਏਥੇ ਹੋਰ ਵੀ ਸੋਢੀ ਕੁਝ ਵੱਸਦੇ ਨੇ ?'
ਕਿਸੇ ਆਖਿਆ, "ਭੋਰੇ ਦੇ ਵਿਚ ਬੈਠਾ,
ਇਕ 'ਤੇਗਾ ਫ਼ਕੀਰ' ਵੀ ਦਸਦੇ ਨੇ ।"
ਉਹਦੀ ਚਾਹ ਸੀ ਕਿ ਸੱਚਾ ਗੁਰੂ ਮਿਲ ਜਾਏ,
ਸੁਣਦੇ ਸਾਰ ਉਹ ਭੋਰੇ ਵੱਲ ਨੱਸਿਆ ਸੀ
ਜਾ ਕੇ ਵੇਖਿਆ ਭੋਰੇ ਦੇ ਵਿਚ ਬੈਠਾ ।
ਰਾਜ ਰਿਸ਼ੀ ਇਕ ਕਰਦਾ ਤਪੱਸਿਆ ਸੀ ।
ਚਰਨਾਂ ਵਿਚ ਉਹ ਰੱਖ ਕੇ ਦੋ ਮੋਹਰਾਂ,
ਮੱਥਾ ਟੇਕਣ ਲਈ ਸਿਰ ਝੁਕਾਉਣ ਲੱਗਾ ।
ਬਾਬਾ ਤਪੀ ਉਹ ਮੁਸਕਰਾ ਕੇ ਤੇ,
ਅੱਗੋਂ ਨਿੰਮ੍ਰਤਾ ਨਾਲ ਫੁਰਮਾਉਣ ਲੱਗਾ ।

"ਵਾਹ ! ਸੱਜਣ ! ਚੜ੍ਹਾ ਕੇ ਦੋ ਮੋਹਰਾਂ,
ਚੰਗੀ ਆਪਣੀ ਸੁੱਖਣਾ ਲਾਹੁਣ ਲੱਗੈਂ ।
ਪੰਜ ਸੌ ਮੋਹਰ ਤੇ ਨਾਲੇ ਦਸਵੰਧ ਸੁਖ ਕੇ,
ਭਾਈ ! ਸਾਡੀ ਅਮਾਨਤ ਦਬਾਉਣ ਲੱਗੈਂ ?

ਬੰਨੇ ਲਾਉਣ ਲਈ ਅਸਾਂ ਜਹਾਜ਼ ਤੇਰਾ,
ਮੋਢਾ ਦਿੱਤਾ ਸੀ ਨਾਲ ਧਿਆਨ ਤੱਕ ਲੈ ।"
ਏਨੀ ਆਖ ਕੇ ਮੋਢੇ ਤੋਂ ਲਾਹ ਕੱਪੜਾ,
ਕਹਿਣ ਲੱਗੇ ਕਿ "ਆਹ ਨਿਸ਼ਾਨ ਤੱਕ ਲੈ" ।

ਮੱਖਣ ਸ਼ਾਹ ਦੀ ਖੁਸ਼ੀ ਦੀ ਹੱਦ ਮੁੱਕੀ,
ਗੁਰੂ ਚਰਨਾਂ ਤੇ ਧੌਣ ਝੁਕਾਈ ਉਹਨੇ ।
ਫੇਰ ਚੜ੍ਹ ਕੋਠੇ ਪੱਲਾ ਫੇਰਿਆ ਸੀ,
"ਗੁਰੂ ਲਾਧੋ ਰੇ" ਦਿੱਤੀ ਦੁਹਾਈ ਉਹਨੇ ।

ਅੱਠਵੇਂ ਗੁਰੂ ਦੇ ਬਚਨ ਸੀ ਸੱਚ ਹੋ ਗਏ,
ਬਾਬਾ ਪਿਆ ਸੀ ਨਿੱਤਰ ਬਕਾਲੇ ਵਿਚੋਂ ।
ਸੁਣ ਕੇ ਗੁਰੂ ਬਨਾਉਟੀ ਸਭ ਨੱਸ ਉਠੇ,
ਸਾਰੇ ਹੋਏ ਸੀ ਤਿੱਤਰ ਬਕਾਲੇ ਵਿਚੋਂ ।

ਚੜ੍ਹਿਆ "ਤੇਗ ਬਹਾਦਰ" ਸੀ ਵਾਂਗ ਸੂਰਜ,
ਵਾਂਗ ਤਾਰਿਆਂ ਦੇ ਦੰਭੀ ਲੁੱਕ ਗਏ ਸਨ ।
ਨੌਵੀਂ ਜੋਤਿ ਗੁਰੂ ਨਾਨਕ ਦੀ ਹੋਈ ਪ੍ਰਗਟ,
ਜਿਦ੍ਹੇ ਚਰਨਾਂ 'ਚ ਸਿੱਖ ਸਭ ਝੁੱਕ ਗਏ ਸਨ ।

## ਬਾਬਾ ਬਕਾਲੇ ਵਾਲਾ

ਭੋਰੇ ਵਿਚ ਸਤਾਈ ਕੁ ਸਾਲ ਬਹਿ ਕੇ,
ਕੀਤੀ 'ਬਾਬੇ' ਨੇ ਘੋਰ ਤਪੱਸਿਆ ਸੀ ।
ਪ੍ਰਗਟ ਹੋ ਕੇ 'ਬਕਾਲੇ' ਵਿਚ ਗੁਰੂ ਨੌਵਾਂ,
ਸਿੱਖਾਂ ਸੇਵਕਾਂ ਦੇ ਦਿਲੀਂ ਵੱਸਿਆ ਸੀ ।
ਪਹਿਲੇ ਗੁਰੂਆਂ ਦੇ ਵਾਂਗ ਪ੍ਰਚਾਰ ਕਰਕੇ,
ਪਰਉਪਕਾਰ ਕਰਨਾ ਓਹਨੇ ਦੱਸਿਆ ਸੀ ।
ਪਰ ਔਰੰਗੇ ਨੂੰ ਸਿੱਖੀ ਇਹ ਚੁੱਭਦੀ ਸੀ,
ਕਿਉਂਕਿ ਵਿਚ ਤੁਅੱਸਬ ਜੂ ਫਸਿਆ ਸੀ ।

ਉਹਨੂੰ ਗੁੱਸਾ ਸੀ ਗੁਰੂ ਤੇ ਏਸ ਗੱਲ ਦਾ,
ਲੋਕ ਕਹਿਣ ਕਿਉਂ ਇਹਨੂੰ ਮਲਾਹ ਸੱਚਾ ।
ਕੀ ਮੈਂ ਹਿੰਦ ਦਾ ਹਾਂ ਸ਼ਹਿਨਸ਼ਾਹ ਝੂਠਾ ?
ਇਹਨੂੰ ਆਖਦੇ ਨੇ ਪਾਤਸ਼ਾਹ ਸੱਚਾ ।

ਤਖ਼ਤ ਤਾਜ ਦਾ ਭਾਵੇਂ ਹਾਂ ਮੈਂ ਮਾਲਿਕ,
ਗੁਰ-ਗੱਦੀ ਨਾਲ ਇਦ੍ਹਾ ਸੰਬੰਧ ਵੀ ਏ ।
ਮੈਂ ਤਾਂ ਪਰਜਾ ਤੋਂ ਜ਼ੋਰੀ ਹਾਂ ਟੈਕਸ ਲੈਂਦਾ,
ਮਿਲਦਾ ਆਪੇ ਹੀ ਇਹਨੂੰ ਦਸਵੰਧ ਵੀ ਏ ।
ਮੈਨੂੰ ਇਸ ਤੋਂ ਬਗਾਵਤ ਦੀ ਬੋ ਆਵੇ,
ਚਾਹੇ ਕੋਲ ਮੇਰੇ ਸਭ ਪ੍ਰਬੰਧ ਵੀ ਏ ।
ਇਹਦੇ ਭੌਰਿਆਂ ਤੋਂ ਐਪਰ ਪਤਾ ਲਗਦੈ,
ਏਸ ਫੁੱਲ ਵਿਚ ਅਜਬ ਸੁਗੰਧ ਵੀ ਏ ।

ਉਹਨੇ ਹਿੰਦੂਆਂ ਦੇ ਨੱਕ ਦਮ ਕਰਕੇ,
ਮੁਸਲਮਾਨ ਬਣਾਉਣ ਦੀ ਨੀਤ ਕਰ ਲਈ ।
ਮੰਦਰ ਢਾਹ ਮਸੀਤਾਂ ਬਣਾ ਦਿੱਤੀਆਂ,
ਹੱਥੀਂ ਮਜ਼ਬ ਦੀ ਮਿੱਟੀ ਪਲੀਤ ਕਰ ਲਈ ।
ਰੋਏ ਪੰਡਤ ਕਸ਼ਮੀਰ ਦੇ ਗੁਰੂ ਜੀਓ ।
"ਸਾਡੇ ਧਰਮ ਦਾ ਮਹਿਲ ਹੁਣ ਢਹਿ ਗਿਆ ਏ ।
ਖ਼ੂੰਨ ਅਣਖ ਦਾ ਸਾਡੀਆਂ ਅੱਖੀਆਂ ਚੋਂ ।
ਸਾਰਾ ਵਹਿੰਦਿਆਂ ਵਹਿੰਦਿਆਂ ਵਹਿ ਗਿਆ ਏ ।
ਟਿੱਕਾ ਘਸਦਿਆਂ ਘਸਦਿਆਂ ਘਸ ਗਿਆ ਏ,
ਜੰਞੂ ਲਹਿੰਦਿਆਂ ਲਹਿੰਦਿਆਂ ਲਹਿ ਗਿਆ ਏ ।
ਕੁੱਲ ਧਰਮ ਰੁਪੱਈਏ 'ਚੋਂ ਇਕ ਪੈਸਾ,
ਬੱਸ ਹੁਣ ਰਹਿੰਦਿਆਂ ਰਹਿੰਦਿਆਂ ਰਹਿ ਗਿਆ ਏ ।"
ਸੁਣੀ ਗੁਰਾਂ ਫਰਿਆਦ ਤਾਂ ਕਹਿਣ ਲੱਗੇ,
"ਬੱਸ ਹੁਣ ਤੁਸਾਂ ਨੂੰ ਨਹੀਂ ਮੈਂ ਰੋਣ ਦੇਣਾ ।
ਜਾਓ ! ਅੱਜ ਤੋਂ ਤੁਸਾਂ ਦੀ ਬਾਂਹ ਫੜ ਲਈ,
ਹੁਣ ਤੋਂ ਜ਼ੁਲਮ ਨਹੀਂ ਤੁਸਾਂ ਤੇ ਹੋਣ ਦੇਣਾ ।"
ਉਹਨੇ ਆਖਿਆ "ਜੀਵੋ ਤੇ ਜੀਣ ਦੇਵੋ",
ਉਹਦੇ ਵਿਚ ਇਕ ਸ਼ਕਤੀ ਰੂਹਾਨੀ ਆ ਗਈ ।
ਉਸ ਨਿਰਭੈ, ਨਿਰਵੈਰ, ਮਹਾਤਮਾ ਦੇ,
ਚਿਹਰੇ ਉਤੇ ਇਕ ਜੋਤਿ ਨੂਰਾਨੀ ਆ ਗਈ ।
ਐਸਾ ਉਹਨੂੰ ਸ਼ਹੀਦੀ ਦਾ ਰੰਗ ਚੜ੍ਹਿਆ,
ਬੁਢੇ ਵਾਰੇ ਸੀ ਉਹਨੂੰ ਜਵਾਨੀ ਆ ਗਈ ।

ਆਪਣੇ ਆਪ ਉਹ ਮੌਤ ਵਿਆਹੁਣ ਤੁਰਿਆ,
ਉਹਦੇ ਪੈਰਾਂ ਦੇ ਵਿਚ ਰਵਾਨੀ ਆ ਗਈ ।"

ਉਹਨੇ ਸਿੱਖਾਂ ਦੇ ਦਿਲਾਂ ਵਿਚ ਭਰੀ ਸ਼ਕਤੀ,
ਬੁੱਢੀ ਉਮਰੇ ਵੀ ਜਜ਼ਬਾ ਜਵਾਨ ਦੇ ਕੇ ।
ਉਹਨੇ ਹਿੰਦੂਆਂ ਦੀ ਮੁਰਦਾ ਕੌਮ ਨੂੰ ਸੀ,
ਜੀਵਨ-ਦਾਨ ਦਿੱਤਾ ਬਲੀਦਾਨ ਦੇ ਕੇ ।

ਕੀਤਾ 'ਤੇਗ ਬਹਾਦਰ' ਕਮਾਲ ਸਾਕਾ,
ਜਿਹੜਾ ਸਾਡਿਆਂ ਦਿਲਾਂ ਵਿਚ ਵੱਸਦਾ ਏ ।
ਟਿੱਕਾ ਰੱਖਿਆ, ਖ਼ੂੰਨ ਦਾ ਲਾ ਟਿੱਕਾ,
ਦਿੱਤਾ ਸਿੱਖੀ ਨੂੰ ਟਿੱਕਾ ਉਸ ਜੱਸ ਦਾ ਏ ।
ਦਿੱਲੀ ਸ਼ਹਿਰ ਦੇ ਚਾਂਦਨੀ ਚੌਂਕ ਅੰਦਰ,
ਸੀਸ ਗੰਜ ਵੀ ਇਹੋ ਹੀ ਦੱਸਦਾ ਏ ।
ਐਸੀ ਦਿੱਤੀ ਕੁਰਬਾਨੀ ਕਿ ਜੱਗ ਰੋਂਦੇ,
ਐਪਰ ਮਰਨ ਵਾਲਾ ਸਗੋਂ ਹੱਸਦਾ ਏ ।

ਜਿਵੇਂ ਦਾਦੇ ਨੇ ਸ਼ਹਿਰ 'ਲਾਹੌਰ' ਅੰਦਰ
ਹੱਸ ਕੇ ਦਿੱਤੀ ਸ਼ਹਾਦਤ ਕਮਾਲ ਕੀਤੀ ।
ਉਹਦੇ ਪੋਤੇ ਨੇ ਦਿੱਤੀ ਕੁਰਬਾਨੀ ਸੀ ਜੋ,
ਉਹਦੀ ਕਿਸੇ ਨਹੀਂ ਕਾਇਮ ਮਿਸਾਲ ਕੀਤੀ ।

## ਨੌਵੇਂ ਪਾਤਸ਼ਾਹ ਵੱਲੋਂ ਔਰੰਗਜ਼ੇਬ ਨੂੰ

ਔਰੰਗਜ਼ੇਬ ! ਇਹ ਖੂਬ ਮੈਂ ਸਮਝਦਾ ਹਾਂ,
ਚੜ੍ਹਿਆ ਹੋਇਆ ਏ ਮਜ਼੍ਹਬੀ ਜਨੂੰਨ ਤੈਨੂੰ ।
ਐਪਰ ਪਰਜਾ ਨੂੰ ਦੁੱਖ ਪਚਾਉਣ ਵਾਲੇ,
ਘੜਨੇ ਚਾਹੀਦੇ ਨਹੀਂ ਕਾਨੂੰਨ ਤੈਨੂੰ ।
ਕਤਲ ਕਰੇਂ ਜੋ ਲੱਖਾਂ ਨਿਰਦੋਸ਼ ਹਿੰਦੂ,
ਕੀ ਇਹ ਜਾਪਣ ਨਾ ਬੰਦੇ ਦੀ ਜੂਨ ਤੈਨੂੰ ।
ਭਲਾ ਦੱਸ ਖਾਂ ਰੱਬੀ ਦਰਗਾਹ ਅੰਦਰ,
ਮੁਆਫ਼ ਹੋਣਗੇ ਸਾਰੇ ਹੀ ਖ਼ੂਨ ਤੈਨੂੰ ?

ਪਾਤਸ਼ਾਹਾਂ ਦਾ ਕੰਮ ਹੈ ਸੁਖ ਦੇਣਾ,
ਪਰ ਤੂੰ ਪੱਟੀ ਕੋਈ ਉਲਟੀ ਹੀ ਪੜ੍ਹੀ ਹੋਈ ਏ ।
ਕਵ੍ਹਾਂ ਸ਼ਾਹ ਕਿ ਤੈਨੂੰ ਕਸਾਈ ਆਖਾਂ,
ਤਿੱਖੀ ਛੁਰੀ ਤੂੰ ਸ਼ਰਾ ਦੀ ਫੜੀ ਹੋਈ ਏ ।

ਮੁੱਲਾਂ ਕਾਜ਼ੀਆਂ ਦੇ ਪਿੱਛੇ ਲੱਗਿਆ ਏਂ,
ਕੰਮ ਔਣਾ ਨਹੀਂ ਖੋਟਿਆਂ ਸਿੱਕਿਆਂ ਨੇ ।
ਲਾਲੀ ਖ਼ੂੰਨ ਦੀ ਚਮਕੇਗੀ ਹਿੰਦ ਅੰਦਰ,
ਏਥੋਂ , ਉੱਡ ਜਾਣਾ ਰੰਗਾਂ ਫਿੱਕਿਆਂ ਨੇ।
ਮੇਰੇ ਖੂਨ ਦੇ ਇਕ ਇਕ ਕਤਰੇ 'ਚੋਂ,
ਰੂਪ ਧਾਰਨਾ ਮੇਰੇ ਲਡਿੱਕਿਆਂ ਨੇ ।
ਉੱਜੜ ਜਾਣਾ ਏਂ ਕੁਫ਼ਰ ਦਾ ਰਾਜ ਤੇਰਾ,
ਰਹਿਣਾ ਜੰਞੂਆਂ, ਬੋਦੀਆਂ, ਟਿੱਕਿਆਂ ਨੇ ।
ਨਵੀਂ ਕੌਮ ਇਕ ਉਠੇਗੀ ਹਿੰਦੂਆਂ ਚੋਂ,

ਜਿਨ੍ਹੇ ਏਸੇ ਹੀ ਭਾਰਤ ਵਿਚ ਵੱਸਣਾ ਏਂ ।
ਓਸ ਕੌਮ ਦੀ ਬੀਰਤਾ ਵੇਖ ਕੇ ਤੇ,
ਤੇਰੀ ਕੌਮ ਨੇ ਕਾਬਲ ਨੂੰ ਨੱਸਣਾ ਏ ।

ਔਰੰਗਜ਼ੇਬ ! ਫਰੇਬ ਦੇ ਨਾਲ ਜੇ ਤੂੰ,
ਸ਼ਹਿਨਸ਼ਾਹ ਅਖਵਾਇਆ ਤਾਂ ਕੀ ਹੋਇਆ ?
ਲੱਖਾਂ ਜੀਆਂ ਦੇ ਦਿਲ ਉਜਾੜਕੇ ਤੇ,
ਦਿਲ ਆਪਣਾ ਵਸਾਇਆ ਤਾਂ ਕੀ ਹੋਇਆ ?
ਆਪਣੀ ਮਰਜ਼ੀ ਦਾ ਮਜ਼੍ਹਬ ਬਣਾ ਕੇ ਤੇ,
ਜੇਕਰ ਡੰਕਾ ਵਜਾਇਆ ਤਾਂ ਕੀ ਹੋਇਆ ?
ਜ਼ੋਰ, ਜਬਰ ਦੀ ਤੇਜ਼ ਤਲਵਾਰ ਲੈ ਕੇ,
ਜੇ ਇਸਲਾਮ ਫੈਲਾਇਆ ਤਾਂ ਕੀ ਹੋਇਆ ?

ਜਬਰ ਨਾਲ ਜੋ ਮਜ਼੍ਹਬ ਫੈਲਾਇਆ ਜਾਵੇ,
ਬਹੁਤਾ ਚਿਰ ਨਹੀਂ ਉਹ ਲੰਘਾ ਸਕਦਾ ।
ਸੇਵਾ, ਸਿਮਰਨ ਤੇ ਸਿਦਕ, ਸਚਾਈ ਬਾਝੋਂ
ਕੋਈ ਮਜ਼੍ਹਬ ਨਹੀਂ ਮਜ਼੍ਹਬ ਅਖਵਾ ਸਕਦਾ ।

ਪਹਿਲੀ ਗੱਲ ਤੂੰ ਕਹੀ ਕਿ ਬਣਾਂ ਮੋਮਨ,
ਨਹੀਂ ਮੰਨਜ਼ੂਰ, ਸਮਝਾਉਣ ਦੀ ਲੋੜ ਕੋਈ ਨਹੀਂ ।
ਜਾਨੋਂ ਵੱਧ ਪਿਆਰਾ ਹੈ ਧਰਮ ਮੈਨੂੰ,
ਤੇਰੇ ਦੀਨ ਵਿਚ ਆਉਣ ਦੀ ਲੋੜ ਕੋਈ ਨਹੀਂ ।
ਦੂਜੀ ਗੱਲ ਕਿ ਦੱਸਾਂ ਮੈਂ ਕਲਾ ਕੋਈ,
ਕਰਾਮਾਤ ਵਿਖਾਉਣ ਦੀ ਲੋੜ ਕੋਈ ਨਹੀਂ ।
ਤੇਰੇ ਆਖੇ ਮੈਂ ਰੱਬ ਦੇ ਉਲਟ ਚੱਲਾਂ,
ਮੈਨੂੰ ਕਹਿਰ ਵਰਤਾਉਣ ਦੀ ਲੋੜ ਕੋਈ ਨਹੀਂ ।
ਤੀਜੀ ਗੱਲ ਜੋ ਕਹੀ ਤੂੰ ਮੌਤ ਵਾਲੀ,
ਇਹ ਕਬੂਲ ਮੈਨੂੰ, ਮੈਂ ਪਰਵਾਨ ਕਰਦਾਂ ।

ਸ਼ਰ੍ਹਾ ਵਾਸਤੇ ਤੂੰ ਅਸੂਲ ਵਾਰੇਂ,
ਮੈਂ ਅਸੂਲ ਤੋਂ ਜਾਨ ਕੁਰਬਾਨ ਕਰਦਾਂ ।

ਔਰੰਗਜ਼ੇਬ ! ਇਕ ਤਿੱਖੀ ਜਿਹੀ ਧਾਰ ਵਾਲੀ,
ਪੱਕੇ ਲੋਹੇ ਦੀ ਤੇਗ ਮੰਗਵਾ ਲੈ ਤੂੰ ।
ਪਤਲਾ ਕਾਗਜ਼ ਵਲ੍ਹੇਟ ਕੇ ਓਸ ਉਤੇ,
ਕੱਚੇ ਧਾਗੇ ਦੇ ਨਾਲ ਬੰਨ੍ਹਵਾ ਲੈ ਤੂੰ ।
ਸਭ ਤੋਂ ਵੱਡਾ ਬਲਵਾਨ ਜੱਲਾਦ ਸੱਦ ਕੇ,
ਉਹਦੇ ਹੱਥ ਵਿਚ ਤੇਗ ਫੜਾ ਲੈ ਤੂੰ ।
ਫੇਰ ਓਸ ਕੋਲੋਂ ਮੇਰੀ ਧੌਣ ਉਤੇ,
ਪੂਰੇ ਜ਼ੋਰ ਦੀ ਵਾਰ ਕਰਵਾ ਲੈ ਤੂੰ ।

ਜੇ ਨਾ ਤੰਦ ਟੁੱਟੇ, ਨਾ ਹੀ ਫਟੇ ਕਾਗਜ਼,
ਸਮਝੀਂ ਤੇਰੀ ਤਲਵਾਰ ਨਹੀਂ ਕੱਟ ਸਕਦੀ ।
'ਕੋਮਲ' 'ਤੇਗ ਬਹਾਦਰ' ਹੈ ਨਾਂ ਮੇਰਾ,
ਮੈਨੂੰ ਤੇਗ਼ ਧਾਰ ਨਹੀਂ ਕੱਟ ਸਕਦੀ ।

# ਗੁਰੂ ਤੇਗ ਬਹਾਦਰ ਦੀ ਸ਼ਹਾਦਤ

ਅੱਜ ਫੇਰ ਦਿੱਲੀ ਸ਼ਹਿਰ ਵਿਚ,
ਡੌਂਡੀ ਹੈ ਪਿੱਟੀ ਜਾ ਰਹੀ ।
ਸੁਣਿਆ ਏ ਚਾਂਦਨੀ ਚੌਂਕ ਵਿਚ,
ਕਹਿਰੀ ਹਨੇਰੀ ਆ ਰਹੀ ।
ਆ ਜਾਓ ! ਜਿਸ ਨੇ ਵੇਖਣਾ,
ਅੱਜ ਕੋਤਵਾਲੀ ਸਾਹਮਣੇ ।
ਲਓ ਕਤਲ ਹੁੰਦਾ ਵੇਖ ਲੌ,
ਸਿੱਖਾਂ ਦਾ ਵਾਲੀ ਸਾਹਮਣੇ ।
ਦਿੱਲੀ ਦਾ ਦਿਲ ਹੈ ਰੋ ਰਿਹਾ,
ਸਿੱਖਾਂ ਦੇ ਦਿਲ ਪਿਆ ਹੌਲ ਹੈ ।
ਕਿਉਂਕਿ ਗਿਰਾਇਆ ਜਾ ਰਿਹਾ,
ਸਿੱਖ ਧਰਮ ਦਾ ਅੱਜ ਧੌਲ ਹੈ ।
ਕੁਝ ਸੁਣ ਕੇ ਕੁੜ੍ਹਦੇ ਜਾ ਰਹੇ,
ਕੁਝ ਘਰੀਂ ਮੁੜਦੇ ਜਾ ਰਹੇ ।
ਕੁਝ ਸੁਣ ਕੇ ਨੱਠੇ ਆ ਰਹੇ,
'ਕੱਠੇ ਹੋ ਜੁੜਦੇ ਜਾ ਰਹੇ ।
ਸੀ ਭੀੜ ਏਨੀ ਵਧ ਗਈ,
ਇਕ ਮੇਲਾ ਜਿਹਾ ਸੀ ਲੱਗਿਆ ।
ਪਹਿਲਾਂ ਵੀ ਏਸੇ ਜਗ੍ਹਾ ਤੇ,
ਸੀ ਹੜ੍ਹ ਲਹੂ ਦਾ ਵੱਗਿਆ ।
ਓਸੇ ਹੀ ਥਾਂ ਇਕ ਸੰਤ ਨੂੰ,
ਪਿੰਜਰੇ ਚੋਂ ਆਂਦਾ ਗਿਆ ਏ ।
ਚਿਹਰੇ ਦੇ ਉਤੇ ਸਵੱਰਨ-ਚੱਕਰ,
ਜਗ-ਮਗਾਂਦਾ ਪਿਆ ਏ ।

ਇਸ਼ਨਾਨ ਕੀਤਾ ਸੂਰਮੇਂ,
ਤੇ ਬੋਹੜ ਥੱਲੇ ਬਹਿ ਗਏ ।
ਤੌਬਾ ਹੀ ਤੌਬਾ ਕਰਨ ਲੋਕੀਂ,
ਦਿਲਾਂ ਵਿਚ ਨੇ ਡਹਿ ਗਏ ।
ਔਹ ਹੱਟਾ ਕੱਟਾ ਆ ਗਿਆ,
"ਜਲਾਲ ਦੀਨ" ਜੱਲਾਦ ਹੈ ।
ਜਿਸ ਹੱਥ ਤਿੱਖੀ ਧਾਰ ਦਾ,
ਇਕ ਚਮਕਦਾ ਫ਼ੌਲਾਦ ਹੈ ।
ਔਹ ਕਾਜ਼ੀ "ਵਹਾਬ ਉੱਲਾ",
ਆ ਖੜ ਗਿਆ ਵਿਚਕਾਰ ਹੈ ।
ਤੇ ਫ਼ਤਵਾ ਪੜ੍ਹਨ ਦੇ ਵਾਸਤੇ,
ਉਹ ਹੋ ਗਿਆ ਤਈਆਰ ਹੈ ।
ਓਹ ਪੁੱਛਦਾ ਏ ਗੁਰਾਂ ਨੂੰ,
"ਕਿਉਂ ਦੁੱਖੜੇ ਹੋ ਸਹਿ ਰਹੇ !
ਹੂਰਾਂ ਤੇ ਜੰਨਤ ਛੱਡ ਕੇ,
ਕਿਉਂ ਮੌਤ ਮੁੱਲ ਹੋ ਲੈ ਰਹੇ !
ਮੰਨ ਲੋ ਜੇ ਦੀਨ-ਮੁਹੰਮਦੀ,
ਜੰਨਤ ਪੁਚਾਏ ਜਾਓਗੇ ।
ਨਹੀਂ ਤਾਂ ਹੈ ਮੌਤ ਸਾਹਮਣੇ,
ਹੁਣੇਂ ਹੀ ਮੁਕਾਏ ਜਾਓਗੇ ।"
ਕਹਿੰਦੇ ਗੁਰੂ ਜੀ "ਗੱਲ ਤੂੰ,
ਮਗਰੋਂ ਜੋ ਆਖੀ ਠੀਕ ਹੈ ।
ਸਾਨੂੰ ਓਹੋ ਮੰਨਜ਼ੂਰ ਹੈ,
ਪੱਥਰ ਦੇ ਉਤੇ ਲੀਕ ਹੈ ।"
ਚੱਲ ਜੱਲਾਦਾ! ਤਿਆਰ ਹੋ,
ਕਰ ਆਪਣੇ ਤੂੰ ਕੰਮ ਨੂੰ ।
ਜੋ ਗ੍ਰਾਹਕ ਸਾਡੇ ਚੰਮ ਦਾ,
ਕਹਿ ਦੇ 'ਉਹ ਸਾਂਭੇ ਚੰਮ ਨੂੰ,

ਓਹ ਸ਼ਾਹਿਨਸ਼ਾਹ ਔਰੰਗਜ਼ੇਬ,
ਜੋ ਆਦਮੀ ਖ਼ੂੰਖ਼ਾਰ ਹੈ ।
ਲਖਾਂ ਬਿਦੋਸ਼ੇ ਜੀਆਂ ਦਾ
ਸਿਰ ਜਿਸਦੇ ਲਹੂ ਸਵਾਰ ਹੈ ।
ਇਹ ਸਿਰ ਝੁਕੇ ਜਦ ਰੱਬ ਨੂੰ,
ਤੂੰ ਲਾਹ ਮਿਰਾ ਇਹ ਸਰ ਲਵੀਂ ।
ਮੈਂ ਕਾਰ ਆਪਣੀ ਕਰਾਂਗਾ,
ਤੂੰ ਕਾਰ ਆਪਣੀ ਕਰ ਲਵੀਂ ।"
ਹੈਂ ਸ਼ੁਰੂ ਕੀਤਾ 'ਜਪੁਜੀ',
ਤੇ ਭੋਗ ਪਾਇਆ ਸਤਿਗੁਰਾਂ ।
ਫਿਰ ਆਖ ਕੇ ਧੰਨ ਵਾਹਿਗੁਰੂ,
ਸਿਰ ਨੂੰ ਨਿਵਾਇਆ ਸਤਿਗੁਰਾਂ ।
'ਤੇਗ਼' ਤੇ ਔਹ ਤੇਗ਼ ਚੱਲੀ,
ਵੇਖਦਾ ਪਿਆ ਜੱਗ ਹੈ ।
ਔਰ ਸਿਰ ਪਿਆ ਹੈ ਵੱਖਰਾ,
ਔਹ ਧੜ ਪਿਆ ਅਲੱਗ ਹੈ ।
ਏਧਰ ਇਸ ਖ਼ਾਕੀ ਫ਼ਰਸ਼ ਤੇ,
ਸਾਰੇ ਹੀ ਹੈ ਹੈ ਹੋ ਗਈ ।
ਓਧਰ ਉਸ ਨੀਲੇ ਅਰਸ਼ ਤੇ,
'ਕੋਮਲ' ਜੀ ਜੈ ਜੈ ਹੋ ਗਈ ।

## ਮਰਦ ਅਗੰਮੜਾ

ਏਸ ਜੱਗ ਤੇ ਸ੍ਰੀ ਦਸਮੇਸ਼ ਵਰਗੀ,
ਘਾਲ ਸਕਦਾ ਕਦੇ ਵੀ ਘਾਲ ਕੋਈ ਨਹੀਂ ।
ਜਿਹੜਾ ਬਾਲ ਵਾਰੇ, ਐਸਾ ਪਿਤਾ ਕੋਈ ਨਹੀਂ ।
ਜਿਹੜਾ ਪਿਤਾ ਵਾਰੇ ਐਸਾ ਬਾਲ ਕੋਈ ਨਹੀਂ ।

ਵੱਸਦੇ ਰਸਦੇ ਨਗਰ ਅਨੰਦਪੁਰ ਨੂੰ,
ਆਣ ਘੱਤਿਆ ਘੇਰਾ ਸੀ ਸ਼ਾਹੀ ਫ਼ੌਜਾਂ ।
ਜਿੱਤ ਸਕੇ ਨਾ ਸ੍ਰੀ ਦਸਮੇਸ਼ ਜੀ ਨੂੰ
ਜ਼ੋਰ ਲਾਇਆ ਬਥੇਰਾ ਸੀ ਸ਼ਾਹੀ ਫ਼ੌਜਾਂ ।

ਨਿਕਲ ਤੁਰੇ ਜਾਂ ਕਿਲ੍ਹੇ ਅਨੰਦਪੁਰ ਚੋਂ,
ਕਸਮਾਂ ਖਾਧੀਆਂ ਨੂੰ ਜ਼ਾਲਮ ਭੁੱਲ ਗਏ ਸਨ ।
ਪੈ ਗਏ ਟੁੱਟ ਕੇ ਵਾਂਗ ਸ਼ਿਕਾਰੀਆਂ ਦੇ,
ਮਾਰਨ ਵਾਸਤੇ ਸਿੰਘਾਂ ਨੂੰ ਤੁੱਲ ਗਏ ਸਨ ।

ਕਲਗ਼ੀਧਰ ਏਧਰ, ਸ਼ਾਹੀ-ਦਲ ਓਧਰ,
ਏਧਰ ਸਿੰਘ ਸੂਰੇ, ਹੁਕਮਰਾਨ ਓਧਰ ।,
ਬਲੀ ਬੀਰ ਏਧਰ, ਨੌਜਵਾਨ ਓਧਰ,
ਸਿਰਲੱਥ ਏਧਰ, ਖ਼ਬੀ ਖ਼ਾਨ ਓਧਰ ।
ਸਿਦਕਵਾਨ ਏਧਰ, ਬੇ-ਜ਼ੁਬਾਨ ਓਧਰ,
ਜੇ ਇਨਸਾਨ ਏਧਰ ਤੇ ਸ਼ੈਤਾਨ ਓਧਰ ।
ਲੱਥਣ ਘਾਣ ਏਧਰ, ਲਹੂ ਲੁਹਾਨ ਓਧਰ,
ਮਾਰੋ ਮਾਰ ਏਧਰ ਤੇ ਤੂਫ਼ਾਨ ਓਧਰ ।

ਮੱਚੇ ਘੋਰ ਘਮਸਾਣ ਵਿਚ ਗੁਰੂ ਦਸਵੇਂ,
ਨਾਲ ਤੀਰਾਂ ਦੇ ਵੈਰੀ ਸੀ ਡੰਗ ਸੁੱਟੇ ।
ਐਸੇ ਹੱਥ ਵਿਖਾਏ ਉਸ ਜ਼ਾਲਮਾਂ ਨੂੰ,
ਸੂਰਬੀਰ ਯੋਧੇ ਕਰ ਦੰਗ ਸੁੱਟੇ ।

ਪੱਤਾ ਪੱਤਾ ਵੈਰੀ, ਜ਼ੱਰਾ ਜ਼ੱਰਾ ਦੁਸ਼ਮਣ,
ਫਿਰ ਵੀ ਦਿਲ ਨੂੰ ਓਸ ਡੁਲਾਇਆ ਨਹੀਂ ਸੀ ।
ਭਾਵੇਂ ਮੀਂਹ ਵਰ੍ਹਿਆ ਤੀਰਾਂ ਗੋਲੀਆਂ ਦਾ,
ਨਿੱਤ ਨੇਮ ਨੂੰ ਤਾਂ ਵੀ ਖੁੰਝਾਇਆ ਨਹੀਂ ਸੀ ।

ਸ਼ਾਹੀ ਫੌਜ ਪਿੱਛੇ, ਸਰਸਾ ਨਦੀ ਅੱਗੇ,
ਕਈ ਰੁੜ੍ਹ ਗਏ, ਹੋ ਬੇ-ਹਾਲ ਕਿਧਰੇ ।
ਚਾਲੀ ਸਿੰਘ, ਸਤਿਗੁਰ, ਵੱਡੇ ਲਾਲ ਕਿਧਰੇ,
ਮਾਤਾ ਗੁਜਰੀ ਤੇ ਨਿੱਕੇ ਲਾਲ ਕਿਧਰੇ ।

ਐਸੀ ਬਿਪਤਾ ਤੇ ਕਸ਼ਟਾਂ ਦੇ ਸਮੇਂ ਅੰਦਰ,
ਗੁਰਾਂ, ਸਾਹਵੇਂ ਚਮਕੌਰ ਦੀ ਗੜ੍ਹੀ ਵੇਖੀ ।
ਉਹਦੇ ਵਿਚ ਜਾਂ ਸਿੰਘਾਂ ਦੇ ਨਾਲ ਘਿਰ ਗਏ,
ਮੀਲਾਂ ਤੀਕ ਬਾਹਰ ਫੌਜ ਖੜੀ ਵੇਖੀ ।

ਦਸ ਲੱਖ ਫੌਜ ਨੇ ਘੇਰਿਆ ਚਾਲੀਆਂ ਨੂੰ,
ਸੋਚੋ ਕਿੰਨੀ ਇਹ ਕਠਿਨ ਸਮੱਸਿਆ ਸੀ ।
ਜਿਗਰਾ ਰੱਖ ਕੇ ਫੇਰ ਵੀ ਲੜੀ ਜਾਣਾ,
ਇਹ ਵੀ ਬੜੀ ਇਕ ਵੱਡੀ ਤਪੱਸਿਆ ਸੀ ।
ਸਵਾ ਲੱਖ ਨਾਲ ਇਕ ਲੜਾ ਕੇ ਤੇ,

ਉਹਨੇ ਜੋਹਰ ਕਮਾਲ ਦਾ ਦੱਸਿਆ ਸੀ ।
ਅੱਖਾਂ ਸਾਮਹਣੇ ਰਣ-ਮੈਦਾਨ ਅੰਦਰ,
ਮਰਦੇ ਪੁੱਤਰਾਂ ਨੂੰ ਵੇਖ ਹੱਸਿਆ ਸੀ ।

ਉਹ ਵੀ ਸਮਾਂ ਫਿਰ ਆਇਆ, ਕਿ ਜਿਸ ਵੇਲੇ,
ਸਿੰਘ ਇਕ ਵੀ ਰਿਹਾ ਸੀ ਨਾਲ ਕੋਈ ਨਾ ।
'ਨੀਲਾ' ਰਿਹਾ ਕੋਈ ਨਾ,ਰਿਹਾ 'ਬਾਜ਼' ਕੋਈ ਨਾ,
ਰਹੀ ਫੌਜ ਕੋਈ ਨਾ, ਰਿਹਾ ਮਾਲ ਕੋਈ ਨਾ ।
'ਗੁਜਰੀ' ਮਾਤ ਕੋਈ ਨਾ, 'ਜੀਤਾਂ' ਨਾਲ ਕੋਈ ਨਾ,
ਚੌਹਾਂ ਬੱਚਿਆਂ 'ਚੋਂ ਰਿਹਾ ਬਾਲ ਕੋਈ ਨਾ ।
ਫਿਰ ਵੀ ਯਾਰ ਦੇ ਸੱਥਰ ਨੂੰ ਕਿਹਾ ਚੰਗਾ,
ਰੱਖਿਆ ਦਿਲ ਵਿਚ ਬਿਨਾਂ ਅਕਾਲ ਕੋਈ ਨਾ ।

ਏਨੇ ਕਸ਼ਟ ਝੱਲੇ ਫਿਰ ਵੀ ਝੁਕਿਆ ਨਾ,
ਹੋਇਆ ਕਿਸੇ ਦਾ ਕਦੇ ਅਧੀਨ ਨਹੀਂ ਸੀ ।
ਭਾਵੇਂ ਸ਼ਾਹ ਤੋਂ ਹੋਇਆ ਫ਼ਕੀਰ ਸੀ ਉਹ,
ਐਪਰ ਕਿਸੇ ਦੀ ਮੰਨੀ ਉਸ ਈਨ ਨਹੀਂ ਸੀ ।

ਓਸ ਜਿਹਾ ਕੋਈ ਹੋਇਆ ਨਾ ਮਰਦ ਸੂਰਾ,
ਓਸ ਜਿਹਾ ਕੋਈ ਸਰਬੰਸ-ਦਾਨੀ ਹੀ ਨਹੀਂ ।
'ਕੋਮਲ' ਕਵੀ ਦੀ ਕਲਮ ਵੀ ਆਖਦੀ ਏ,
ਗੋਬਿੰਦ ਸਿੰਘ ਜੀ ਦਾ ਕੋਈ ਸਾਨੀ ਹੀ ਨਹੀਂ ।

## ਦਸਮੇਸ਼ ਗੁਰੂ ਜੀ ਦਾ ਹੋਇਆ ਨਾ ਕੋਈ ਸਾਨੀ

ਗੁਜਰੀ ਦਾ ਚਾਨਣਾ ਸੀ, ਇਕ ਮੂਰਤੀ ਇਲਾਹੀ।
ਉਹ ਪਾਤਸ਼ਾਹ ਸੀ ਦਸਵਾਂ, ਦਰਵੇਸ਼ ਤੇ ਸਿਪਾਹੀ।
ਉਹ ਸਿਦਕ ਦਾ ਸੀ ਪੁਤਲਾ, ਤੇ ਸੱਚ ਦਾ ਉਹ ਰਾਹੀ।
ਦਰਦੀ ਮਾਨੁਖੱਤਾ ਦਾ, ਉਹ ਜ਼ੁਲਮ ਲਈ ਤਬਾਹੀ।
ਖ਼ੰਜਰ ਪਿਆਲਾ ਉਹਦਾ, ਤੇ ਸੂਲ ਸੀ ਸੁਰਾਹੀ।
ਉਹ ਦੇਸ਼-ਭਗਤ ਸੱਚਾ, ਉਸ ਮੌਤ ਸੀ ਵਿਆਹੀ।
ਉਸਨੂੰ ਝੁਕਾ ਨਾ ਸੱਕੀ, ਮੁਗਲਾਂ ਦੀ ਸ਼ਹਿਨਸ਼ਾਹੀ।
ਉਸ ਜ਼ਿੰਮੇਵਾਰੀ ਧੁਰ ਦੀ, ਸੀ ਪੂਰੀ ਤਰ੍ਹਾਂ ਨਿਭਾਹੀ।
ਸੁਣ ਲੌ ਇਹ ਅਮਰ-ਗਾਥਾ, ਇਤਿਹਾਸ ਦੀ ਜ਼ਬਾਨੀ।
ਦਸਮੇਸ਼ ਗੁਰੂ ਜੀ ਦਾ, ਹੋਇਆ ਨਾ ਕੋਈ ਸਾਨੀ।

ਨੌ ਸਾਲ ਦੇ ਜਾਂ ਹੋਏ, ਨੌਵੇਂ ਗੁਰੂ ਦੇ ਜਾਏ।
ਤਾਂ ਨੌਵੇਂ ਗੁਰੂ-ਪਿਤਾ ਦੇ, ਦਰ 'ਤੇ ਸਵਾਲੀ ਆਏ।
ਕਸ਼ਮੀਰ ਦੇ ਉਹ ਪੰਡਤ, ਸੀ ਜ਼ੁਲਮ ਦੇ ਸਤਾਏ।
ਉਹ ਤਿਲਕ, ਜੰਞੂ, ਬੋਦੀ, ਲੁਕਾ ਲੁਕਾ ਲਿਆਏ।
ਤਕ ਕੇ ਉਨ੍ਹਾਂ ਦੀ ਹਾਲਤ, ਬੋਲੇ ਗੋਬਿੰਦ ਰਾਏ।
'ਮੇਰੀ ਪਿਤਾ ਜੀ ਰਾਏ, ਹੋਵੇ ਤੁਸੀਂ ਸਹਾਏ।
ਹੈ ਮਹਾਂ-ਪੁਰਖ ਕਿਹੜਾ, ਅੱਜ ਤੁਸਾਂ ਦੇ ਸਿਵਾਏ।
ਜੋ ਹਿੰਦਵਾਇਣ ਰੱਖੇ, ਤੇ ਧਰਮ ਨੂੰ ਬਚਾਏ।'
ਦਿੱਲੀ ਨੂੰ ਤੋਰ ਦਿੱਤਾ ਜਿਸ ਪਿਤਾ ਸੀ ਨੂਰਾਨੀ।
ਓਹੋ ਜਿਹੇ ਬਾਲ ਵਰਗਾ, ਹੋਇਆ ਨਾ ਕੋਈ ਸਾਨੀ।

ਪਹਿਲੀ ਵਿਸਾਖ ਦੀ ਸੀ, ਸੰਗਤ ਬੁਲਾਈ ਭਾਰੀ ।
ਇਕ ਨਵੀਂ ਕਾਰ ਕੀਤੀ, ਸੀ ਜੱਗ ਤੋਂ ਨਿਆਰੀ ।
ਚੰਡੀ ਮਿਆਨੋਂ ਕੱਢੀ, ਪੰਜਾਂ ਨੇ ਜਿੰਦ ਵਾਰੀ ।
ਪੰਜਾਂ ਦੀ ਕਾਇਆ ਪਲਟੀ, ਤਕਦੀਰ ਸੀ ਸਵਾਰੀ ।
ਦੇ ਖੰਡੇ ਧਾਰ ਅੰਮ੍ਰਿਤ, ਪੰਜਾਂ ਨੂੰ ਵਾਰੀ ਵਾਰੀ ।
ਪੰਜਾਂ ਨੂੰ ਅਮਰ ਕੀਤਾ, ਬਖਸ਼ੀ ਸਵੈ-ਸਰਦਾਰੀ ।
ਪੰਜਾਂ ਨੂੰ ਪੰਥ ਕਹਿ ਕੇ, ਦਿੱਤੀ ਖ਼ੁਦਾਈ ਸਾਰੀ ।
ਪੰਜਾਂ ਤੋਂ ਫੇਰ ਮੰਗੀ, ਅੰਮ੍ਰਿਤ ਦੀ ਦਾਤ ਪਿਆਰੀ ।
ਕੋਈ ਆਪੇ ਗੁਰੂ ਤੋਂ ਚੇਲਾ, ਬਣਿਆ ਨਾ ਦੋਹ ਜਹਾਨੀ ।
ਗੋਬਿੰਦ ਗੁਰ ਦਾ ਜੱਗ ਤੇ, ਹੋਇਆ ਨਾ ਕੋਈ ਸਾਨੀ ।

ਪਾਇਆ ਜਾਂ ਸ਼ਾਹੀ ਫੌਜਾਂ, ਆਨੰਦਪੁਰ ਨੂੰ ਘੇਰਾ ।
ਸਤਿਗੁਰ ਨੇ ਸਣੇ ਸਿੱਖਾਂ, ਲਾਇਆ ਕਿਲ੍ਹੇ 'ਚ ਡੇਰਾ ।
ਦੁਸ਼ਮਣ ਨੇ ਛੇ ਮਹੀਨੇ, ਸੀ ਘੇਰਿਆ ਚੁਫੇਰਾ ।
ਐਪਰ ਨਾ ਜਿੱਤ ਸਕੇ, ਲਾਇਆ ਸੀ ਬਲ ਬਥੇਰਾ ।
ਡੋਲੇ ਸੀ ਸਿੱਖ ਭੁੱਖੇ, ਭਾਵੇਂ ਸਮਾਂ ਲੰਮੇਰਾ ।
ਸਤਿਗੁਰ ਨਾ ਈਨ ਮੰਨੇ, ਕਿੰਨਾ ਸੀ ਵੱਡਾ ਜੇਰਾ ।
ਸੂਰਜ ਦੇ ਵਾਂਗ ਫਿਰ ਵੀ ਚਮਕਦਾ ਸੀ ਚੇਹਰਾ ।
ਕਿਉਂਕਿ ਗੁਰੂ ਨੂੰ ਬੱਧਾ, ਅਕਾਲ ਨੇ ਸੀ ਸੇਹਰਾ ।
ਦਿਲ ਵਿਚ ਸੀ ਰੱਬ ਜਿਸ ਦੇ, ਤੇ ਹੱਥ 'ਚ ਭਵਾਨੀ ।
ਐਸੇ ਗੋਬਿੰਦ ਗੁਰ ਦਾ, ਹੋਇਆ ਨਾ ਕੋਈ ਸਾਨੀ ।

ਬਾਹਰ ਕਿਲ੍ਹੇ ਦੇ ਸੈਨਾ, ਬੇ-ਓੜਕੀ ਖੜੀ ਸੀ ।
"ਬੱਸ ! ਗੁਰੂ ਈਨ ਮੰਨੇ", ਇਹ ਜ਼ਿਦ ਹੀ ਫੜੀ ਸੀ ।

ਦਸਮੇਸ਼ ਬਾਹਰ ਨਿਕਲੇ, ਇਹ ਹਿੰਮਤ ਹੀ ਬੜੀ ਸੀ।
ਕੋਈ ਵੀ ਫ਼ੌਜ ਸਾਹਵੇਂ, ਨਾ ਅੜੀ ਨਾ ਲੜੀ ਸੀ।
ਟਿੱਡੀ-ਦਲ ਮਗਰ ਲੱਗਾ, ਬਿਪਤਾ ਭਰੀ ਘੜੀ ਸੀ।
ਨਿੱਤ-ਨੇਮ ਮਿਲ ਕੇ ਕੀਤਾ, ਬਾਣੀ ਵੀ ਰਲ ਪੜ੍ਹੀ ਸੀ।
ਸਰਦੀ ਦੀ ਰਾਤ ਕਾਲੀ, ਬੱਦਲਵਾਈ, ਝੜੀ ਸੀ।
ਇਥੇ ਹੀ ਬੱਸ ਨਹੀਂ ਸੀ, ਅੱਗੇ ਨਦੀ ਚੜ੍ਹੀ ਸੀ।
ਡੋਲੇ, ਝੰਵੇਂ ਨਾ ਉੱਕਾ, ਇਕ ਕਹਿਰ ਸੀ ਤੂਫਾਨੀ।
ਉਸ ਕਲਗੀਧਰ ਪਿਤਾ ਦਾ, ਹੋਇਆ ਨਾ ਕੋਈ ਸਾਨੀ।

ਇੱਕ, ਸਿੱਖ ਭੁੱਖੇ ਭਾਣੇ, ਦੂਜੇ, ਉਹ ਬੇ-ਹਥਿਆਰੇ।
ਏਦਾਂ ਹੀ ਲੜਦੇ ਲੜਦੇ, ਕੁਝ ਜੂਝ ਗਏ ਵਿਚਾਰੇ।
ਬਾਕੀ ਬਚੇ ਜੋ ਥੋੜ੍ਹੇ, ਮੁਸੀਬਤਾਂ ਦੇ ਮਾਰੇ।
ਸਰਸਾ ਨਦੀ 'ਚ ਠਿਲ੍ਹੇ, ਕਰਤਾਰ ਦੇ ਸਹਾਰੇ।
ਕੁਝ ਹੜ੍ਹ ਨਾਲ ਰੁੜ੍ਹ ਗਏ, ਕੁਝ ਲੱਗ ਗਏ ਕਿਨਾਰੇ।
ਵਿਛੜੀ ਸੀ ਮਾਤ ਗੁੱਜਰੀ, ਲੈ ਨਾਲ ਦੋ ਦੁਲਾਰੇ।
ਨਿਖੜੇ ਦੋ ਲਾਲ ਵੱਡੇ, ਕੁਝ ਸਿੱਖ ਸਨ ਪਿਆਰੇ।
ਸਤਿਗੁਰ ਸਮੇਤ ਸੱਭੇ, ਤਨ ਮਨ ਤੋਂ ਨਹੀਂ ਸੀ ਹਾਰੇ।
ਏਨੀ ਹੋਈ ਸੀ ਹਾਨੀ, ਤਾਂ ਵੀ ਨਾ ਹੋਈ ਹੈਰਾਨੀ।
ਧੰਨ ਗੁਰ ਗੋਬਿੰਦ ਸੂਰਾ, ਜਿਸ ਦਾ ਨਾ ਕੋਈ ਸਾਨੀ।

ਸੀ ਅੱਗੇ ਅੱਗੇ ਜਾਂਦੇ, ਉਹ ਸੰਤ ਤੇ ਸਿਪਾਹੀ।
ਗਿਣਤੀ 'ਚ ਸਨ ਚਾਲੀ, ਉਹ ਸਿਦਕਵਾਨ ਰਾਹੀ।
ਲਾਲਾਂ ਦੀ ਨਾਲ ਜੋੜੀ, ਜਿਉਂ ਮੂਰਤਾਂ ਇਲਾਹੀ।
ਲੱਗੀ ਬੇ-ਗਿਣਤ ਪਿੱਛੇ, ਸੀ ਫ਼ੌਜ ਬਾਦਸ਼ਾਹੀ।
ਕੱਚੀ ਗੜ੍ਹੀ 'ਚ ਘਿਰ ਗਏ, ਆਖ਼ਰ ਉਹ ਬੇ-ਗੁਨਾਹੀ।

ਦਸ ਲੱਖ ਦਾ ਸੀ ਘੇਰਾ, ਇਤਿਹਾਸ ਦੀ ਗਵਾਹੀ ।
ਪਰ 'ਕੱਲੇ ਕੱਲੇ ਸਿੰਘ ਨੇ, ਸੀ ਇੰਜ ਤੇਗ ਵਾਹੀ ।
ਕਿ ਸਵਾ ਸਵਾ ਲੱਖ ਦੀ, ਸੀ ਕੀਤੀ ਬੁਰੀ ਤਬਾਹੀ ।
ਦੋ ਲਾਲ ਸਣੇ ਸਿੰਘਾਂ, ਸੀ ਜੂਝ ਗਏ ਮੈਦਾਨੀਂ ।
ਦਸ਼ਮੇਸ਼ ਜੀ ਦਾ ਜੱਗ ਤੇ, ਹੋਇਆ ਨਾ ਕੋਈ ਸਾਨੀ ।
ਪੰਜਾਂ ਦਾ ਹੁਕਮ ਲੈ ਕੇ, ਗੋਬਿੰਦ ਅਖ਼ੀਰ ਨਿਕਲੇ ।
ਉੱਚੀ ਆਵਾਜ਼ ਦੇ ਕੇ, ਫੜ ਕੇ ਸ਼ਮਸ਼ੀਰ ਨਿਕਲੇ ।
ਨਿਕਲੇ ਗੜ੍ਹੀ 'ਚੋਂ ਬਾਹਰ, ਭੱਥਿਓਂ ਜਿਉਂ ਤੀਰ ਨਿਕਲੇ।
ਜਾਂ ਕੁਟੀਆ ਆਪਣੀ 'ਚੋਂ, ਕੋਈ ਸ਼ਾਹੀ ਫ਼ਕੀਰ ਨਿਕਲੇ ।
ਦੋ ਸਿੱਖ ਨਾਲ ਉਹਨਾਂ, ਦੇ ਸੂਰਬੀਰ ਨਿਕਲੇ ।
ਉਹ ਹੋਣੀਆਂ ਦੇ ਹਾਣੀ, ਫ਼ੌਜਾਂ ਨੂੰ ਚੀਰ ਨਿਕਲੇ ।
ਸਿੱਖ ਕੌਮ ਦੀ ਬਣਾ ਕੇ ਉਹ ਤਕਦੀਰ ਨਿਕਲੇ ।
ਤੇ ਦੁਸ਼ਮਣ ਨਾ ਬੁੱਝ ਸਕੇ, ਸਿੱਖਾਂ ਦੇ ਪੀਰ ਨਿਕਲੇ ।
ਕੁਰਬਾਨੀਆਂ ਸੰਗ ਜੀਹਦੀ, ਭਰੀ ਸੀ ਜ਼ਿੰਦਗਾਨੀ ।
ਐਸੇ ਗੁਰੂ ਦਾ ਜੱਗ ਤੇ, ਹੋਇਆ ਨਾ ਕੋਈ ਸਾਨੀ ।
ਰਾਜ਼ੀ ਰਜ਼ਾ 'ਚ ਰਹਿ ਕੇ, ਦਸਮੇਸ਼ ਕੱਲਾ ਕਾਰਾ ।
ਕੰਡਿਆਂ ਤੇ ਜਾ ਰਿਹਾ ਸੀ, ਲੈ ਰੱਬ ਦਾ ਸਹਾਰਾ ।
ਮੰਜ਼ਲ ਅਨੋਖੀ ਉਹਦੀ, ਰਾਹੀ ਸੀ ਉਹ ਨਿਆਰਾ ।
ਔਖੀ ਬੜੀ ਸੀ ਘਾਟੀ, ਬਿਖੜਾ ਸੀ ਪੰਧ ਭਾਰਾ ।
ਨਾ ਸਿੰਘ ਨਾਲ ਕੋਈ, ਨਾ ਮਾਤ, ਨਾ ਦੁਲਾਰਾ ।
ਨੀਲਾ, ਨਾ ਬਾਜ਼, ਕਲਗੀ, ਨਾ ਸਾਥ ਕੋਈ ਪਿਆਰਾ ।
ਜਾ ਮਾਛੀਵਾੜੇ ਸੁੱਤਾ, ਲੁਟਾ ਕੇ ਬੰਸ ਸਾਰਾ ।
ਤੇ ਕਹਿ ਰਿਹਾ ਸੀ ਤੇਰਾ, ਚੰਗਾ ਏ ਸੱਥਰ ਯਾਰਾ ।

ਸੀ ਵਾਰ ਦਿੱਤਾ ਜਿਸਨੇ, ਬਚਪਨ ਅਤੇ ਜਵਾਨੀ ।
ਐਸੇ ਗੁਰੂ-ਪਿਤਾ ਦਾ, ਹੋਇਆ ਨਾ ਕੋਈ ਸਾਨੀ ।
ਨੀਹਾਂ 'ਚ ਲਾਲ ਚਿਣਕੇ, ਜ਼ਾਲਮ ਨੇ ਲਾਹੀ ਲੋਈ ।
ਧਰਤੀ ਦਾ ਜਿਗਰ ਪਾਟਾ, ਅੰਬਰ ਦੀ ਅੱਖ ਚੋਈ ।
ਤਦ ਹਰ ਇਕ ਸੁਣਨ ਵਾਲੇ ਦੀ ਆਤਮਾ ਸੀ ਰੋਈ ।
ਪਰ ਗੋਬਿੰਦ ਗੁਰੂ ਦੇ ਦਿਲ ਤੇ, ਗੁੱਸਾ ਨਹੀਂ ਸੀ ਕੋਈ ।
ਉਸ ਪਰਮ-ਪੁਰਖ ਅੱਗੇ, ਕੀਤੀ ਸੀ ਇਹ ਅਰਜ਼ੋਈ ।
ਲੱਖ ਸ਼ੁਕਰ ਹੈ ਕਿ ਤੇਰੀ, ਅਮਾਨਤ ਅਦਾ ਹੈ ਹੋਈ ।
ਰੱਖੀ ਨਾ ਕੋਲ ਜਿਸ ਨੇ, ਕੁਈ ਆਪਣੀ ਨਿਸ਼ਾਨੀ ।
ਐਸੇ ਗੁਰੂ ਦਾ ਜੱਗ ਤੇ, ਹੋਇਆ ਨਾ ਕੋਈ ਸਾਨੀ ।
ਛੱਡ ਕੇ ਪੰਜਾਬ ਆਖਰ, ਲੈ ਨਵਾਂ ਕੋਈ ਨਿਸ਼ਾਨਾ ।
ਪੁੱਜਾ ਨਾਂਦੇੜ ਅੰਦਰ, ਉਹ ਦੁਸ਼ਟ-ਦਮਨ, ਦਾਨਾ ।
ਬੰਦਾ ਬੈਰਾਗੀ ਓਥੇ, ਇਕ ਸਾਧ ਸੀ ਦੀਵਾਨਾ ।
ਸਿੱਧੇ ਰਾਹ ਪਾਇਆ ਉਹਨੂੰ, ਤੇ ਕਿਹਾ ਸ਼ਕਤੀਵਾਨਾ ।
ਤੂੰ ਜਗਤ ਵੱਲੋਂ ਹੋਇਆ ਏਂ, ਬੜਾ ਬੇ-ਧਿਆਨਾ ।
ਕਿਸ ਕੰਮ ਤੇਰੀ ਸ਼ਕਤੀ, ਜਦ ਰੋ ਰਿਹਾ ਜ਼ਮਾਨਾ ।
ਉਹ 'ਬੰਦਾ ਸਿੰਘ' ਸੀ ਬਣਿਆ, ਅੰਮ੍ਰਿਤ ਦਾ ਪੀ ਪੈਮਾਨਾ ।
ਲੈ ਪੰਜ ਤੀਰ ਹੋਇਆ, ਪੰਜਾਬ ਨੂੰ ਰਵਾਨਾ ।
ਗਏ ਸੱਚਖੰਡ 'ਕੋਮਲ' ਸਤਿਗੁਰ ਸਰਬੰਸ-ਦਾਨੀ ।
ਦਸਮੇਸ਼ ਜੀ ਦਾ ਜੱਗ ਤੇ ਹੋਇਆ ਨਾ ਕੋਈ ਸਾਨੀ ।

## ਕਲਗ਼ੀਧਰ ਜੀ ਯੁੱਧ ਵਿਚ

ਹੈਸੀ ਵੱਜਿਆ ਨਗਾਰਾ, ਯੁੱਧ ਮਚਿਆ ਸੀ ਭਾਰਾ,
ਬੀਰਾਂ ਮਾਰ ਲਲਕਾਰਾ ਆਣ ਬੀਰਤਾ ਵਿਖਾਈ ਸੀ ।
ਝੱਮ ਝੱਮ ਤੇਗ਼ਾਂ ਓਦੋਂ ਨਿਕਲੀਆਂ ਮਿਆਨਾਂ ਵਿਚੋਂ,
ਨਾਗਾਂ ਵਾਂਗ ਸ਼ੂਕਦਿਆਂ ਤੀਰਾਂ ਝੜੀ ਲਾਈ ਸੀ ।
ਵੈਰੀ ਜਦ ਟੁੱਟ ਪਏ ਤਾਂ ਸ੍ਰੀ ਦਸਮੇਸ਼ ਜੀ ਨੇ,
ਖਿੱਚ ਕੇ ਮਿਆਨੋਂ ਚੰਡੀ, ਐਸੀ ਚਮਕਾਈ ਸੀ ।
ਪਲਾਂ ਈ ਪਲਾਂ ਦੇ ਵਿਚ, ਦਲਾਂ ਦਿਆਂ ਦਲਾਂ ਦੀਆਂ,
ਪਾਲਾਂ ਦੀਆਂ ਪਾਲਾਂ ਵਿਚ, ਮੱਚ ਗਈ ਦੁਹਾਈ ਸੀ ।

ਰੋਹ ਦੇ ਵਿਚ ਆ ਕੇ ਸੂਰੇ ਮਾਰੋ ਮਾਰ ਬੋਲਦੇ ਸੀ,
ਜ਼ਿਮੀਂ ਅਸਮਾਨ ਹੋਏ ਡਾਢੇ ਲਾਲੋ ਲਾਲ ਸੀ ।
ਛਣ ਛਣ ਮੌਤ ਨਾਚੀ, ਨੱਚਦੀ ਸੀ ਇਕ ਬੰਨੇ,
ਦੂਜੇ ਬੰਨੇ ਵੱਜੇ ਪਿਆ ਮਾਰੂ ਸੁਰ ਤਾਲ ਸੀ ।
ਇਕ ਬੰਨੇ ਤੇਗ਼ ਸੀ, ਤੇ ਦੂਜੇ ਬੰਨੇ ਢਾਲ ਸੀ,
ਇਕ ਬੰਨੇ ਚਾਲ ਸੀ ਤੇ ਦੂਜੇ ਬੰਨੇ ਛਾਲ ਸੀ ।
ਸਵਾ ਸਵਾ ਲੱਖ ਨਾਲ ਇਕ ਨੂੰ ਲੜਾਈ ਜਾਣਾ,
ਇਹ ਤਾਂ ਮੇਰੇ ਦਾਤੇ ਦਸਮੇਸ਼ ਦਾ ਕਮਾਲ ਸੀ ।
ਛਾਤੀ ਓਦੋਂ ਡਰੂਆਂ ਦੀ ਧੜਕੀ ਸੀ ਡਰ ਨਾਲ,

ਘੋੜਿਆਂ ਦੇ ਸੁੰਮ ਜਦੋਂ ਖੜ ਖੜ ਵੱਜੇ ਸੀ ।
ਭੜਕੀ ਸੀ ਅੱਗ ਓਦੋਂ ਕਹਿਰ ਵਾਲੀ ਹਵਾ ਵਿੱਚ,
ਬਦਲਾਂ ਦੇ ਵਾਂਗਰਾਂ ਜੈਕਾਰੇ ਜਦੋਂ ਗੱਜੇ ਸੀ ।
ਲੜਨ ਵਾਲੇ ਅੜੇ ਸੀ, ਤੇ ਅੜਨ ਵਾਲੇ ਝੜੇ ਸੀ,
ਲਹੂ ਲੁਹਾਨ ਹੋ ਕੇ ਵੈਰੀ ਪਿੱਛੇ ਨੂੰ ਵੀ ਭੱਜੇ ਸੀ ।
ਧੜਾ ਧੜ, ਧੜ ਡਿੱਗੇ, ਲੋਥ ਉਤੇ ਲੋਥ ਚੜ੍ਹੀ,
ਤੀਰ ਤੇਗਾਂ ਮਾਰ ਮਾਰ ਸੂਰਮੇਂ ਨਾ ਰੱਜੇ ਸੀ ।
ਡਿੱਗੇ ਤੇ ਨਹੀਂ ਵਾਰ ਕੀਤਾ, ਨੱਸਦੇ ਨੂੰ ਮਾਰਿਆ ਨਹੀਂ,
ਵਾਰ ਦਸਮੇਸ਼ ਦਾ ਨਿਹੱਥੇ ਤੇ ਨਹੀਂ ਚੱਲਿਆ ।
ਮਾਰਿਆ ਵੀ ਸੂਰਾ ਜਦੋਂ ਮਾਰਿਆ ਵੰਗਾਰ ਕੇ ਤੇ,
ਇੱਕੋ ਵਾਰ ਖਾ ਕੇ ਵੈਰੀ ਮੁੜਕੇ ਨਾ ਹੱਲਿਆ ।
ਪਹਿਲਾਂ ਕੀਤਾ ਵਾਰ ਕਦੇ ਕਿਸੇ ਤੇ ਵੀ ਭੁੱਲਕੇ ਨਾ,
ਜਿਨ੍ਹੇ ਕੀਤਾ ਵਾਰ ਉਹਦਾ ਢਾਲ ਉਤੇ ਠੱਲ੍ਹਿਆ ।
ਫੇਰ ਦਿੱਤੀ ਉਹਨੂੰ ਭਾਜੀ ਪੂਰੀ ਤੋਲ ਮਿਣਕੇ ਤੇ,
ਦਰ ਉਤੇ ਆਏ ਨੂੰ ਨਾ ਖਾਲੀ ਮੋੜ ਘੱਲਿਆ ।
ਝਟਕੇ ਸੀ ਝਟਾ ਝੱਟ, ਸੁੱਟ ਦਿਤੇ ਫਟਾ ਫੱਟ,
ਵੇਖਿਆ ਜਾਂ ਤਾੜ ਤਾੜ ਉਹਦੀ ਸ਼ਮਸ਼ੀਰ ਨੇ ।
ਰੁੰਡ ਮੁੰਡ ਹੋਏ ਸੀ ਝੁੰਡਾਂ ਦੇ ਝੁੰਡ ਓਸ ਵੇਲੇ,
ਮਾਰਿਆ ਜਾਂ ਕਾੜ ਕਾੜ ਉਹਦੀ ਸ਼ਮਸ਼ੀਰ ਨੇ ।
ਚੀਰ ਚੀਰ, ਵੱਢ ਵੱਢ, ਵਾਢੀ ਪਾਈ ਵਾਂਗ ਜੱਟ,
ਅੰਗ ਅੰਗ, ਝਾੜ ਝਾੜ, ਓਹਦੀ ਸ਼ਮਸ਼ੀਰ ਨੇ ।

ਸੀਨਿਆਂ ਨੂੰ ਸਾੜ ਸਾੜ, ਵਿੰਨ ਵਿੰਨ, ਨਾੜ ਨਾੜ,
ਲੀਰਾਂ ਕੀਤਾ ਪਾੜ ਪਾੜ, ਉਹਦੀ ਸ਼ਮਸ਼ੀਰ ਨੇ ।
ਹੱਲੇ ਉੱਤੇ ਹੱਲਾ ਵੇਖ ਸ੍ਰੀ ਦਸਮੇਸ਼ ਜੀ ਨੇ,
ਇੱਕ ਇੱਕ ਤੀਰ ਨਾਲ ਕਈ ਕਈ ਡੰਗ ਸੁੱਟੇ ।
ਖ਼ੱਬੀ ਖ਼ਾਂ ਢਾਹ ਸੁੱਟੇ, ਗਾਟੇ ਫੜ ਲਾਹ ਸੁੱਟੇ,
ਖੰਡੇ ਨਾਲ ਕਰ ਉਹਨੇ, ਰੰਗੋ ਬਦਰੰਗ ਸੁੱਟੇ ।
ਐਸੇ ਐਸੇ ਖੇਡੇ ਉਹਨੇ, ਜੰਗ ਵਾਲੇ ਢੰਗ ਸਾਰੇ,
ਵੱਡੇ ਵੱਡੇ ਯੋਧੇ ਵਰਿਆਮ ਕਰ ਦੰਗ ਸੁੱਟੇ ।
ਦੇਸ਼ ਦੇ ਵਿਰੋਧੀਆਂ ਤੇ ਧਰਮ ਦਿਆਂ ਦੋਖੀਆਂ ਦੇ,
ਟੋਟੇ ਟੋਟੇ ਕਰ ਉਹਨੇ ਵੱਖੋ ਵੱਖ ਅੰਗ ਸੁੱਟੇ ।

## ਦਸਮੇਸ਼ ਆਦਰਸ਼

ਜਦੋਂ ਕਲਗੀਆਂ ਵਾਲਾ ਮਾਹੀ,
"ਦੀਨੇ" ਵੱਲ ਨੂੰ ਜਾਵਣ ਲੱਗਾ ।
ਓਦੋਂ ਇਕ ਸਿੰਘ ਮਨੋਂ ਡੋਲ ਕੇ,
ਏਸ ਤਰ੍ਹਾਂ ਫੁਰਮਾਵਣ ਲੱਗਾ ।

"ਪੰਥ ਤੁਹਾਡਾ ਕਾਇਮ ਹੋ ਗਿਆ,
ਜਿਸ ਗੱਲ ਦੀ ਸੀ ਲੋੜ ਤੁਹਾਨੂੰ ।
ਦਿਨੇ ਰਾਤ ਪਏ ਦੁੱਖ ਹੋ ਝੱਲਦੇ,
ਦੱਸੋ ਕੀ ਏ ਥੋੜ ਤੁਹਾਨੂੰ ?

ਹੇ ਦਾਤਾ! ਮੈਂ ਅਰਜ਼ ਗੁਜ਼ਾਰਾਂ,
ਆਖਾ ਮੰਨੋ, ਜ਼ਿੱਦ ਨੂੰ ਛੱਡੋ ।
ਚੁੱਪ ਕਰਕੇ ਇਕ ਪਾਸੇ ਹੋ ਕੇ,
ਕੁਝ ਦਿਨ ਤਾਂ ਹੁਣ ਸੁੱਖ ਦੇ ਕੱਢੋ ।"

ਨਾਲ ਗੁੱਸੇ ਦੇ ਦਸਮ ਪਿਤਾ ਜੀ,
ਸਿੰਘ ਵੱਲ ਏਦਾਂ ਵੇਖਣ ਲੱਗੇ ।
ਖੜੇ ਹੋਣ ਜਿਉਂ ਰਣ-ਤੱਤੇ ਵਿਚ,
ਲੜਨ ਵਾਸਤੇ ਜ਼ਾਲਮ ਅੱਗੇ ।

ਲਾਲੋ ਲਾਲ ਹੋ ਬੋਲੇ "ਸਿੰਘਾ!,
ਚੁੱਪ ਕਰ ਹੋਰ ਜ਼ੁਬਾਨ ਨਾ ਖੋਲ੍ਹੀਂ ।
ਮੁੜ ਕੇ, ਐਸੇ ਬੋਲ ਨਾ ਬੋਲੀਂ,
ਅੰਮ੍ਰਿਤ ਅੰਦਰ ਜ਼ਹਿਰ ਨਾ ਘੋਲੀਂ ।

ਮੈਂ ਜਾਣਾਂ ਤੂੰ ਦਰਦੀ ਮੇਰਾ,
ਪਰ ਇਸ ਗੱਲ ਦੀ ਸਮਝ ਨਾ ਤੈਨੂੰ ।
ਏਸ ਤਰ੍ਹਾਂ ਜੋ ਮੈਂ ਹਾਂ ਫਿਰਦਾ,
ਇਹ ਤਾਂ ਪੰਥ ਦਾ ਹੁਕਮ ਹੈ ਮੈਨੂੰ ।

ਜੇਕਰ ਪੰਥ ਦਾ ਹੁਕਮ ਨਾ ਹੁੰਦਾ,
ਮੈਂ ਫਿਰ ਗੜ੍ਹੀ 'ਚੋਂ ਕਦੇ ਨਾ ਔਂਦਾ ।
ਜਿਹੜੀ ਅੱਜ ਤੱਕ ਕਿਸੇ ਨਾ ਕੀਤੀ,
ਐਸੀ ਕਰਨੀ ਕਰ ਦਿਖਲੌਂਦਾ ।

ਕਈ ਗੁਣਾਂ ਦੁਖ ਹੋਰ ਜੇ ਆਵਣ,
ਤਦ ਵੀ ਮੈਂ ਹੁਣ ਰੁੱਕ ਨਹੀਂ ਸਕਦਾ ।
ਆਪਣੇ ਆਪ ਤੇ ਨਿਸਚਾ ਮੈਨੂੰ,
ਕਿਸੇ ਅੱਗੇ ਮੈਂ ਝੁੱਕ ਨਹੀਂ ਸਕਦਾ ।

ਦੁਖ ਸੁਖ ਸਭ ਨੇ ਭਾਣੇ ਅੰਦਰ,
ਜੀਊਨਾਂ ਏਸ ਖ਼ਿਆਲ ਦੇ ਉਤੇ ।
ਏਸੇ ਲਈ ਮੈਂ ਰੱਖੀ ਹੋਈ ਏ,
ਆਪਣੀ ਓਟ ਅਕਾਲ ਦੇ ਉਤੇ ।

ਸਿੰਘਾ ! ਢਹਿੰਦੀ ਕਲਾ ਦੇ ਅੰਦਰ,
ਵੇਖੀਂ ਕਿਤੇ ਨਾ ਜ਼ਿੰਦਗੀ ਹਾਰੀਂ ।
ਭੈ ਤੋਂ ਆਪਣਾ ਆਪ ਬਚਾ ਕੇ,
ਨਿਰਭੈ ਹੋ ਕੇ ਭੈ ਨੂੰ ਮਾਰੀਂ ।

ਭਾਵੇਂ ਪੰਥ ਕਾਇਮ ਹੋ ਗਿਆ,
ਫਿਰ ਵੀ ਮੇਰਾ ਕੰਮ ਹੈ ਬਾਕੀ ।
ਚੁੱਪ ਕਰਕੇ ਮੈਂ ਬਹਿ ਨਹੀਂ ਸਕਦਾ,
ਜਦ ਤੱਕ ਸਾਹਵੇਂ ਜ਼ੁਲਮ ਹੈ ਆਕੀ ।

ਜਿੰਨੇ ਮੇਰੇ ਦਮ ਨੇ ਬਾਕੀ,
ਉਹ ਵੀ ਪੰਥ ਦੇ ਕਰਜ਼ ਮੈਂ ਸਮਝਾਂ ।
ਏਸ ਕਰਜ਼ ਨੂੰ ਸਿਰ ਤੋਂ ਲਾਹੁਣਾ,
ਪਹਿਲਾ ਆਪਣਾ ਫ਼ਰਜ਼ ਮੈਂ ਸਮਝਾਂ ।

ਮੇਰੀ ਹਰਦਮ ਚਾਹ ਇਹੋ ਹੈ,
ਜੋ ਕੁਝ ਕਰਾਂ ਮੈਂ ਰਣ ਦੇ ਅੰਦਰ ।
ਅੰਤ ਸਮੇਂ ਵੀ ਧਰਮ ਵਾਸਤੇ,
ਜੂਝ ਮਰਾਂ ਮੈਂ ਰਣ ਦੇ ਅੰਦਰ ।

ਜੇ ਮੇਰਾ ਪਰਵਾਰ ਨਹੀਂ ਬਚਿਆ,
ਖਾਲਸਾ ਕਈ ਹਜ਼ਾਰ ਹੈ ਬਾਕੀ ।
ਜਿਸ ਨੇ ਰਹਿਣਾ ਸਦਾ ਜੀਉਂਦੇ,
ਉਹ ਮੇਰਾ ਪਰਵਾਰ ਹੈ ਬਾਕੀ ।

ਪੰਥ-ਖਾਲਸੇ ਖਾਤਰ ਮੇਰਾ,
ਖ਼ੂੰਨ ਡੁੱਲ੍ਹੇ ਤਾਂ ਬੇਸ਼ਕ ਡੁੱਲ੍ਹੇ ।
ਪਰ ਇਹ ਕਦੇ ਨਹੀਂ ਹੋ ਸਕਦਾ,
ਕਿ ਗੋਬਿੰਦ ਸਿੰਘ ਅਸੂਲ ਨੂੰ ਭੁੱਲੇ ।"

## ਦਸਮੇਸ਼ ਜੀ ਵੱਲੋਂ ਔਰੰਗਜ਼ੇਬ ਨੂੰ ਫਤਹ ਦੀ ਚਿੱਠੀ

(ਜ਼ਫਰਨਾਮੇ ਦੇ ਆਧਾਰ ਤੇ)

ਤੇਗਾਂ, ਤਬਰਾਂ, ਤੀਰਾਂ ਵਾਲੇ, ਲੈ ਕੇ ਉਸ ਕਰਤਾਰ ਦਾ ਨਾਂ।
ਮਰਦ ਸੂਰਮੇ ਸਾਜਣ ਵਾਲੇ, ਲੈ ਕੇ ਸਿਰਜਣਹਾਰ ਦਾ ਨਾਂ।
ਜਿਸਦੇ ਘੋੜੇ ਹਵਾ ਤੋਂ ਤਿੱਖੇ, ਨਾਂ ਲੈ ਕੇ ਉਸ ਮਾਲਿਕ ਦਾ ਮੈਂ।
ਲਿਖਦਾ ਹਾਂ ਔਰੰਗੇ ਤੈਨੂੰ, ਨਾਂ ਲੈ ਕੇ ਉਸ ਖ਼ਾਲਿਕ ਦਾ ਮੈਂ।
ਇਹ ਹੈ ਮੇਰੀ ਫਤਹ ਦੀ ਚਿੱਠੀ, ਇਹ ਹੈ ਤੇਰੀ ਹਾਰ ਦੀ ਚਿੱਠੀ।
ਏਹੋ ਤੇਰੀ ਮੌਤ ਬਣੇਗੀ, ਜਿਸ ਵੇਲੇ ਤੂੰ ਪੜ੍ਹ ਕੇ ਡਿੱਠੀ।

ਜਿਸ ਨੇ ਤੈਨੂੰ ਸ਼ਾਹ ਬਣਾ ਕੇ, ਹਿੰਦੁਸਤਾਨ ਦਾ ਰਾਜ ਹੈ ਦਿੱਤਾ।
ਉਸੇ ਮੈਨੂੰ ਦੀਨ ਧਰਮ ਦੀ, ਰਖਵਾਲੀ ਦਾ ਕਾਜ ਹੈ ਦਿੱਤਾ।
ਤੇਰੇ ਕੰਮਾਂ ਵਿਚ ਭਰੀ ਏ, ਲੁੱਟ-ਮਾਰ ਤੇ ਧੋਖੇਬਾਜ਼ੀ।
ਮੇਰੇ ਕੰਮ ਨੇ ਸੱਚ ਸਿਦਕ ਦੇ, ਜਿਉਂ ਰੱਬ ਰੱਖੇ ਤਿਉਂ ਮੈਂ ਰਾਜ਼ੀ।
ਓ ਸ਼ਾਹਾ! ਸ਼ਾਹਾਂ ਨੂੰ ਕਰਨਾ, ਚੰਗਾ ਦਗਾ ਫ਼ਰੇਬ ਨਹੀਂ ਏਂ।
ਅਸਲ 'ਚ ਤੇਰਾ ਨਾਂ ਇਹ ਤੈਨੂੰ, ਢੁੱਕਦਾ ਔਰੰਗਜ਼ੇਬ ਨਹੀਂ ਏਂ।

ਤੇਰੀ ਤੱਸਬੀ ਵਿਚ ਤੁਅੱਸਬ, ਮਰਜ਼ੀ ਦਾ ਤੂੰ ਮੱਤ ਚਲਾਇਆ।
ਮਣਕਿਆਂ ਦਾ ਤੂੰ ਦਾਣਾ ਪਾ ਕੇ, ਧਾਗੇ ਦਾ ਇਕ ਜਾਲ ਵਿਛਾਇਆ।
ਬਾਪ ਆਪਣਾ ਮਿੱਟੀ ਕਰਕੇ, ਵਿਚ ਭਰਾ ਦਾ ਖ਼ੂੰਨ ਮਿਲਾਇਆ।
ਉਸ ਮਿੱਟੀ ਦਾ ਕੱਚਾ ਘਰ ਤੂੰ, ਆਪਣੇ ਵੱਸਣ ਲਈ ਬਣਾਇਆ।

ਤੇਗ਼ਨਾਲ ਮੈਂ ਮੀਂਹ ਪਵਾ ਕੇ, ਉਹ ਤੇਰਾ ਘਰ ਰੋੜ੍ਹ ਦਿਆਂਗਾ।

ਵਾਹਿਗੁਰੂ ਦੀ ਮਿਹਰ ਨਾਲ ਮੈਂ, ਮੂੰਹ ਜ਼ੁਲਮ ਦਾ ਤੋੜ ਦਿਆਂਗਾ।

ਦੱਖਣ ਦਿਆਂ ਪਹਾੜਾਂ ਵਿੱਚੋਂ, ਮੈਂ ਸੁਣਿਐਂ, ਤੂੰ ਪਿਆਸਾ ਮੁੜਿਓਂ।

ਨਾਲੇ ਤੂੰ ਮੇਵਾੜ ਦੇ ਵੱਲੋਂ, ਲੈ ਕੇ ਖਾਲੀ ਕਾਸਾ ਮੁੜਿਓਂ।

ਹੁਣ ਵੀ ਤ੍ਰੇਹ ਮਿਟੌਣ ਲਈ ਜੇ, ਤੱਕਿਆ ਤੂੰ ਪੰਜਾਬ ਦੇ ਵੱਲੇ।

ਤਾਂ ਫਿਰ ਵੇਖੀਂ ਰੱਖ ਦਿਆਂਗਾ, ਅੱਗ ਮੈਂ ਤੇਰਿਆਂ ਪੈਰਾਂ ਥੱਲੇ।

ਯਾਦ ਰੱਖ ਪੰਜਾਬ 'ਚੋਂ ਤੈਨੂੰ, ਘੁੱਟ ਇੱਕ ਵੀ ਪੀਣ ਨਹੀਂ ਦੇਣਾ।

ਤੂੰ ਪਰਜਾ ਨੂੰ ਜੀਣ ਨਹੀਂ ਦਿੰਦਾ, ਮੈਂ ਵੀ ਤੈਨੂੰ ਜੀਣ ਨਹੀਂ ਦੇਣਾ।

ਤੇਰੇ ਕਈ ਜਰਨੈਲ ਬਹਾਦਰ, ਜੋ ਚਮਕੌਰ ਤੇ ਚੜ੍ਹ ਕੇ ਆਏ।

ਸਣੇ ਨਾਹਰ ਖਾਂ ਸਾਰੇ ਹੀ ਮੈਂ, ਆਪਣੇ ਤੀਰਾਂ ਨਾਲ ਉਡਾਏ।

ਪਰ ਮਰਦੂਦ ਖ਼ਵਾਜਾ ਜੇ ਨਾ, ਕੰਧ ਓਹਲੇ ਹੋ ਜਾਨ ਬਚੌਂਦਾ।

ਉਹਨੂੰ ਵੀ ਇਕ ਤੀਰ ਬਖਸ਼ਦਾ, ਜੇ ਉਹ ਮੈਨੂੰ ਮੂੰਹ ਵਿਖੌਂਦਾ।

ਤੇਰੇ ਦਸ ਲੱਖ ਫੌਜੀ ਵਹਿਸ਼ੀ, ਮੇਰੇ ਮਰਦ ਸੀ ਭੁੱਖੇ ਚਾਲੀ।

ਕੀ ਮੁਕਾਬਲਾ, ਫਿਰ ਵੀ ਸਿੰਘਾਂ, ਬੁਰੀ ਉਨ੍ਹਾਂ ਦੀ ਮਿੱਟੀ ਬਾਲੀ।

ਤੂੰ ਮਾਰੇ ਨੇ ਸ਼ੇਰ ਦੇ ਬੱਚੇ, ਗਿੱਦੜ ਬਣ ਕੇ ਨਾਲ ਚਲਾਕੀ।

ਐਪਰ ਹਾਲੀ ਸਹੀ ਸਲਾਮਤ, ਜੀਊਂਦਾ ਬੱਬਰ ਸ਼ੇਰ ਹੈ ਬਾਕੀ।

ਤੂੰ ਸਮਝੇਂ ਕਿ ਇਕ ਚੰਗਿਆੜਾ, ਫੜ ਕੇ ਤੂੰ ਬੁਝਾ ਦਿੱਤਾ ਏ।

ਮੈਂ ਕਹਿਨਾਂ, ਤੂੰ ਆਪਣੇ ਗਿਰਦੇ, ਭਾਂਬੜ ਹੋਰ ਮਚਾ ਦਿੱਤਾ ਏ।

ਇਸ ਭਾਂਬੜ ਦੇ ਸ਼ੋਅਲੇ ਤੈਨੂੰ, ਸਾੜਨਗੇ, ਬਰਬਾਦ ਕਰਨਗੇ।

ਤੇਰੇ ਜ਼ੁਲਮ ਦਾ ਨਾਸ਼ ਕਰਨਗੇ, ਭਾਰਤ ਨੂੰ ਆਜ਼ਾਦ ਕਰਨਗੇ।

ਝੂਠੀਆਂ ਕਸਮਾਂ ਖਾਣ ਵਾਲਿਆ, ਤੇਰਾ ਕੋਈ ਯਕੀਨ ਨਹੀਂ ਏਂ।

ਸੌ ਵਾਰੀਂ ਅਫ਼ਸੋਸ ਤੇਰੇ ਤੇ, ਤੇਰਾ ਕੋਈ ਵੀ ਦੀਨ ਨਹੀਂ ਏ।

ਜੋ ਬਚਨਾਂ ਦਾ ਬਲੀ ਨਾ ਹੋਵੇ, ਮਜ਼ਬ ਉਹਨੂੰ ਮਰਦ ਨਾ ਸਮਝੇ।
ਬਾਦਸ਼ਾਹੀ ਦੇ ਲਾਇਕ ਨਹੀਂ ਉਹ, ਜੋ ਪਰਜਾ ਦਾ ਦਰਦ ਨਾ ਸਮਝੇ।
ਮੈਂ ਚਾਹੁੰਦਾ ਸਾਂ ਯੁੱਧ ਨਾ ਹੋਵੇ, ਕਿਸੇ ਤਰ੍ਹਾਂ ਪਰ ਗੱਲ ਨਾ ਮੁੱਕੀ।
ਮੁੱਕ ਗਏ ਜਦ ਸਾਰੇ ਹੀਲੇ, ਤਦ ਮੈਂ ਇਹ ਤਲਵਾਰ ਸੀ ਚੁੱਕੀ।

ਮੇਰੇ ਨਾਲ ਹੈ ਸਾਹਿਬ ਡਾਢਾ, ਮੇਰਾ ਵਿੰਗਾ ਵਾਲ ਨਹੀਂ ਹੋਇਆ।
ਗੁਰ ਨਾਨਕ ਦੀ ਸਿੱਖੀ ਦਾ, ਇਹ ਬੂਟਾ ਵੇਖ ਲੈ ਨਵਾਂ ਨਰੋਇਆ।
ਜੇ ਤੂੰ ਸੱਚਾ ਖ਼ੁਦਾ-ਪ੍ਰੱਸਤ ਏਂ, ਤਾਂ ਫਿਰ ਆ ਕੇ ਮਿਲ ਪਓ ਮੈਨੂੰ।
'ਕਾਂਗੜ' ਨਗਰ 'ਚ ਮੈਂ ਹਾਂ ਬੈਠਾ, ਏਥੇ ਕੋਈ ਨਾ ਖ਼ਤਰਾ ਤੈਨੂੰ।
ਜੇ ਆਵੇ ਤਾਂ ਮੁੱਕ ਸਕਦੇ ਨੇ, ਕੁੱਲ ਬਖੇੜੇ, ਝਗੜੇ ਝੇੜੇ।
ਪਰ ਤੂੰ ਕਦੇ ਨਾ ਸਾਹਵੇਂ ਔਣਾ, ਹੋਣੇ ਨਹੀਂ ਇਹ ਕਦੇ ਨਿਬੇੜੇ।

ਮੇਰੀ ਚਾਹ ਕਿ ਰਣ ਦੇ ਅੰਦਰ, ਤੂੰ ਵੀ ਆਵੇਂ, ਮੈਂ ਵੀ ਆਵਾਂ।
ਆਪਣੇ ਸਿਰ ਤੇ ਧੜ ਦੀ ਬਾਜ਼ੀ, ਤੂੰ ਵੀ ਲਾਵੇਂ, ਮੈਂ ਵੀ ਲਾਵਾਂ।
ਦੋਂਹ ਸਵਾਰਾਂ ਨਾਲ ਤੂੰ ਆਵੀਂ, ਮੈਂ ਆਵਾਂਗਾ ਕੱਲਮ-ਕੱਲਾ।
ਪਹਿਲਾ ਵਾਰ ਕਰੀਂ ਤੂੰ ਪਹਿਲਾਂ, ਮੈਂ ਰੋਕਾਂਗਾ ਤੇਰਾ ਹੱਲਾ।
ਜੇਕਰ ਇੰਵ ਵੀ ਲੜ ਨਾ ਸਕੇਂ, ਫਿਰ ਕਿਉਂ ਹੁਕਮ ਚਲਾਈ ਜਾਨੈਂ।
'ਕੋਮਲ' ਜੀਵ ਭੰਗ ਦੇ ਭਾੜੇ, ਐਵੇਂ ਕਿਉਂ ਮਰਵਾਈ ਜਾਨੈਂ।

## ਖ਼ਾਲਸੇ ਦੀ ਪਰਖ

ਸਿੱਖਾਂ ਆਖਿਆ, "ਮਾਲਕਾ ! ਭੁੱਲ ਬਖਸ਼ੀਂ;
ਤੂੰ ਹੈਂ ਗੁਰੂ ਗ਼ਰੀਬ ਨਿਵਾਜ਼ ਦਾਤਾ ।
ਆਪੇ ਹੁਕਮ ਦੇਵੇਂ ਮੜ੍ਹੀਆਂ ਪੂਜਿਓ ਨਾ,
ਆਪੇ ਪੂਜੇਂ ਇਹ ਦੱਸ ਕੀ ਰਾਜ਼ ਦਾਤਾ ।
ਝੁਕਿਓਂ 'ਦਾਦੂ' ਦੀ ਅੱਜ ਸਮਾਧ* ਨੂੰ ਤੂੰ,
ਸਾਡਾ ਏਹੋ ਹੈ ਇਕ ਇਤਰਾਜ਼ ਦਾਤਾ ।
ਸਵਾ ਸੌ ਰੁਪਈਆ ਤਨਖ਼ਾਹ ਦੇਵੋ,
ਇਹਦੇ ਵਿਚ ਨਹੀਂ ਕੋਈ ਲਿਹਾਜ਼ ਦਾਤਾ ।"

ਵਾਲੀ ਪੰਥ ਦੇ ਸੁਣਦਿਆਂ ਸਾਰ ਝੂੰਮੇਂ,
ਚਮਕਣ ਖੁਸ਼ੀ ਵਿਚ ਉਹਨਾਂ ਦੇ ਨੈਣ ਲੱਗੇ ।
ਕਰਕੇ ਸ਼ੁਕਰ ਅਕਾਲ ਦਾ ਆਤਮਾਂ ਤੋਂ,
ਦਿਲੋਂ ਸਿੰਘਾਂ ਨੂੰ ਇਸ ਤਰ੍ਹਾਂ ਕਹਿਣ ਲੱਗੇ ।
"ਸ਼ਾਵਾ ! ਸ਼ਾਵਾ ! ਓ ਸਿੰਘੋ ! ਬਲਿਹਾਰ ਜਾਵਾਂ,
ਅੱਜ ਤੁਸਾਂ ਹੈ ਰੱਖ ਵਿਖਾ ਦਿੱਤੀ ।
ਮੇਰੇ ਦੱਸੇ ਅਸੂਲਾਂ ਤੇ ਚੱਲ ਕੇ ਤੇ,
ਤੁਸਾਂ ਸਿੱਖੀ ਨਿਰਪੱਖ ਵਿਖਾ ਦਿੱਤੀ ।

* ਕਈਆਂ ਨੇ ਦਾਦੂ ਦੀ ਕਬਰ ਵੀ ਲਿਖਿਆ ਹੈ ਪਰ ਮੈਂ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਲਿਖਤ 'ਕਲਗੀਧਰ ਚਮਤਕਾਰ' ਦੇ ਆਧਾਰ ਤੇ ਲਿਖਿਆ ਹੈ ।

ਜਿਹੜੀ ਅੱਖ ਦੇ ਨਾਲ ਮੈਂ ਪਰਖਦਾ ਸਾਂ,
ਓਹੋ ਤੁਸਾਂ ਵੀ ਅੱਖ ਵਿਖਾ ਦਿੱਤੀ ।

ਸਿੱਖੀ ਸਦਾ ਜਹਾਨ ਤੇ ਕਾਇਮ ਰਹਿਸੀ,
ਲਾ ਕੇ ਮੋਹਰ ਪ੍ਰਤੱਖ ਵਿਖਾ ਦਿੱਤੀ ।

ਏਸੇ ਤਰ੍ਹਾਂ ਹੀ ਸੱਚ ਤੇ ਚੱਲਕੇ ਤੇ,
ਸਾਂਭ ਰੱਖਣਾ ਤੁਸਾਂ ਸਰਦਾਰੀਆਂ ਨੂੰ ।

ਪੈਰਾਂ ਵਿਚ ਹੋਵਣ ਭਾਵੇਂ ਪਾਤਸ਼ਾਹੀਆਂ,
ਫਿਰ ਵੀ ਝੱਲਣਾ ਸਿਰਾਂ ਤੇ ਆਰੀਆਂ ਨੂੰ ।

ਮੈਨੂੰ ਆਸ ਕਿ ਅੱਜ ਤੋਂ ਭੇਖੀਆਂ ਨੂੰ,
ਕਦੇ ਮੂੰਹ ਨਾ ਲਾਏਗਾ ਪੰਥ ਮੇਰਾ ।

ਹੁਣ ਤੋਂ ਚੌਧਰ ਤੇ ਗ਼ਰਜ਼ ਦੇ ਭੁੱਖਿਆਂ ਤੋਂ,
ਸਦਾ ਕੰਨੀ ਖਿਸਕਾਏਗਾ ਪੰਥ ਮੇਰਾ ।

ਮੈਨੂੰ ਮਾਣ ਕਿ ਚੜ੍ਹਦੀਆਂ ਕਲਾਂ ਅੰਦਰ,
ਸਦਾ ਪੂਜਿਆ ਜਾਏਗਾ ਪੰਥ ਮੇਰਾ ।

ਮੂੰਹ ਵਿਚ ਉਂਗਲਾਂ ਪਾਉਣਗੇ ਲੋਕ ਸਾਰੇ,
ਐਸੇ ਜੌਹਰ ਵਿਖਾਏਗਾ ਪੰਥ ਮੇਰਾ ।

ਜਿਸ ਨੇ ਗੁਰੂ ਦਾ ਨਹੀਂ ਲਿਹਾਜ਼ ਕੀਤਾ,
ਉਹ ਨਹੀਂ ਕਿਸੇ ਦੇ ਰੋਅਬ ਵਿਚ ਆ ਸਕਦਾ ।

ਜਿਹੜਾ ਕਿਸੇ ਦਾ ਨਹੀਂ ਮੁਹਤਾਜ ਬਣਿਆ,
ਉਹ ਨਹੀਂ ਕਿਸੇ ਦੇ ਲੋਭ ਵਿਚ ਆ ਸਕਦਾ ।

ਡੇਰੇ ਦਾਦੂ ਦੇ ਜਦੋਂ ਮੈਂ ਪੁੱਜਿਆ ਸਾਂ,
ਓਸ ਵੇਲੇ ਸੀ ਮੈਂ ਇਹ ਵਿਚਾਰ ਕੀਤੀ ।

ਕਿਉਂ ਨਾ ਪਰਖ ਲਾਂ ਫੇਰ ਮੈਂ ਗੁਰ-ਸਿੱਖੀ,
ਖ਼ੂੰਨ ਨਾਲ ਹੈ ਜਿਹੜੀ ਤਿਆਰ ਕੀਤੀ ।
ਜਾਣ ਬੁੱਝ ਕੇ ਓਸ ਸਮਾਧ ਨੂੰ ਮੈਂ,
ਤੀਰ ਨਾਲ ਹੈਸੀ ਨਿਮਸ਼ਕਾਰ ਕੀਤੀ ।
ਪਰਚਾ ਪਾ ਕੇ ਨਵਾਂ ਪ੍ਰੀਖਿਆ ਦਾ,
ਸਿੱਖ ਕੌਮ ਸਾਰੀ ਖ਼ਬਰਦਾਰ ਕੀਤੀ ।
ਨਵੇਂ ਨਵੇਂ ਹੀ ਤੁਸੀਂ ਸੋ ਸਿੰਘ ਸੱਜੇ,
ਏਸ ਵਾਸਤੇ ਪਰਖ ਇਹ ਪਾਈ ਸੀ ਮੈਂ ।
ਮੈਨੂੰ ਖੁਸ਼ੀ ਹੋਈ, ਤੁਸੀਂ ਪਾਸ ਹੋ ਗਏ,
ਏਦਾਂ ਪੰਥ ਨੂੰ ਦਿੱਤੀ ਵਡਿਆਈ ਸੀ ਮੈਂ ।
ਸਿੰਘੋ ! ਧੰਨ ਹੋ ਤੁਸੀਂ ਤੇ ਧੰਨ ਸਿੱਖੀ,
ਧੰਨ ਪੰਥ ਤੇ ਧੰਨ ਗੁਰ-ਖਾਲਸਾ ਜੀ ।
ਮੇਰੇ ਮਨ ਦੀ ਪੂਰੀ ਮੁਰਾਦ ਹੋ ਗਈ,
ਮੈਂ ਹਾਂ ਬੜਾ ਪ੍ਰਸੰਨ ਗੁਰ ਖਾਲਸਾ ਜੀ ।
ਜਿਹੜੀ ਹੋਈ ਮੈਥੋਂ ਮੈਨੂੰ ਭੁੱਲ ਬਖਸ਼ੋ,
ਲਈ ਭੁੱਲ ਮੈਂ ਮੰਨ ਗੁਰ ਖਾਲਸਾ ਜੀ ।
ਭਰ ਦਿਆਂਗਾ ਅੱਜ ਮੈਂ ਖਿੜੇ ਮੱਥੇ,
ਜਿਹੜਾ ਲਾਇਆ ਜੇ ਡੰਨ ਗੁਰ ਖਾਲਸਾ ਜੀ ।
ਹੁਕਮ ਪੰਥ ਦਾ ਕਦੇ ਨਹੀਂ ਮੋੜ ਸਕਦਾ,
ਜੇਕਰ ਕਹੋ ਤਾਂ ਕਰਾਂ ਮੈਂ ਜਿੰਦ ਹਾਜ਼ਰ ।
ਚਾਹੋ ਜਦੋਂ ਵੀ ਪਰਖ ਲਓ ਤੁਸੀਂ ਸਿੰਘੋ,
ਸਾਹਵੇਂ ਤੁਸਾਂ ਦੇ 'ਕੋਮਲ' ਗੋਬਿੰਦ ਹਾਜ਼ਰ ।"

## ਬਹਾਦਰ ਸ਼ਾਹ ਦੇ ਦਰਬਾਰ ਵਿਚ
## ਦਸਮੇਸ਼ ਜੀ ਦੀ ਗਰਜ

(ਔਰੰਗਜ਼ੇਬ ਮਰ ਗਿਆ ਤਾਂ ਉਸ ਦਾ ਪੁੱਤਰ ਬਹਾਦਰ ਸ਼ਾਹ ਹਿੰਦੁਸਤਾਨ ਦਾ ਬਾਦਸ਼ਾਹ ਬਣਿਆ। ਉਸ ਨੇ ਗੁਰੂ ਗੋਬਿੰਦ ਸਿੰਘ ਨਾਲ ਆਪਣੇ ਮਤਲਬ ਵਾਸਤੇ ਦੋਸਤੀ ਕਾਇਮ ਕੀਤੀ। ਨਵਾਬ ਸਰਹਿੰਦ ਵਜ਼ੀਰ ਖਾਂ ਨੂੰ ਫ਼ਿਕਰ ਪੈ ਗਿਆ ਕਿ ਜਿਸ ਗੁਰੂ ਦੇ ਛੋਟੇ ਬੱਚੇ ਮੈਂ ਨੀਂਹਾਂ ਵਿਚ ਚਿਣਵਾਏ ਹਨ, ਜੇ ਮੈਨੂੰ ਉਹਦੇ ਹਵਾਲੇ ਕਰ ਦਿੱਤਾ ਗਿਆ ਤਾਂ ਮੇਰਾ ਸਤਿਆਨਾਸ ਹੋ ਜਾਵੇਗਾ। ਇਸ ਲਈ ਉਸ ਨੇ ਕੁਝ ਸੱਯਦ, ਪਠਾਣ ਗੁਰੂ ਜੀ ਦੇ ਪਿੱਛੇ ਲਾ ਦਿੱਤੇ ਕਿ ਉਹ ਗੁਰੂ ਜੀ ਦੇ ਤੇ ਬਾਦਸ਼ਾਹ ਦੇ ਆਪਸੀ ਦੋਸਤੀ ਦੇ ਸੰਬੰਧ ਵਿਗਾੜ ਦੇਣ, ਪਰ ਗੁਰੂ ਜੀ ਨੇ ਹਮੇਸ਼ਾਂ ਨਿਡੱਰ ਹੋ ਕੇ ਉਹਨਾਂ ਦਾ ਟਾਕਰਾ ਕੀਤਾ। ਇਹ ਇਤਿਹਾਸਕ ਘਟਨਾ ਇਉਂ ਬਿਆਨ ਕੀਤੀ ਹੈ :)

ਬੈਠੇ ਕੋਲ ਬਹਾਦਰ ਸ਼ਾਹ ਬਾਦਸ਼ਾਹ ਦੇ,
ਕਲਗ਼ੀਧਰ ਸਨ ਸ਼ਾਹੀ ਮਹਿਮਾਨ ਬਣ ਕੇ।
ਸ਼ਾਹੀ ਠਾਠ ਵਿਚ, ਸ਼ਾਹੀ ਦਰਬਾਰ ਅੰਦਰ,
ਚਮਕ ਰਹੇ ਸਨ ਸਿੱਖੀ ਦੀ ਸ਼ਾਨ ਬਣ ਕੇ।
ਓਥੇ ਪਿੱਠੂ ਨਵਾਬ ਸਰਹਿੰਦ ਦੇ ਵੀ,
ਬੈਠੇ ਹੋਏ ਸਨ ਬੇ-ਈਮਾਨ ਬਣ ਕੇ।
ਹੇਠੀ ਕਰਨ ਲਈ ਸ੍ਰੀ ਦਸਮੇਸ਼ ਜੀ ਦੀ,
ਮੌਕਾ ਲੱਭਦੇ ਸਨ ਸ਼ੈਤਾਨ ਬਣ ਕੇ।

ਉਹਨਾਂ ਵਿਚੋਂ ਇਕ ਸੱਯਦ ਨੇ ਕਿਹਾ ਏਦਾਂ :
"ਕਰਾਮਾਤ ਅੱਜ ਗੁਰੂ ਵਿਖਾਏ ਕੋਈ।
ਵਲੀ ਪੀਰ ਅਸੀਂ ਤਾਂ ਹੀ ਮੰਨਦੇ ਹਾਂ,
ਚਮਤਕਾਰ ਜੇ ਸਾਹਮਣੇ ਆਏ ਕੋਈ।"

ਸਤਿਗੁਰ ਬੋਲੇ, "ਕਰਾਮਾਤ ਇਹ ਬਾਦਸ਼ਾਹ ਏ,
ਬਾਦਸ਼ਾਹ ਕਰਾਮਾਤ ਏ ਕਰ ਸਕਦਾ।
ਮੂੰਹ ਬਾਦਸ਼ਾਹ ਦਾ ਕਰਾਮਾਤ ਹੁੰਦੈ,

ਜੋ ਚਾਹੇ ਸੋ ਬਾਤ ਏ ਕਰ ਸਕਦਾ ।
ਜੇਕਰ ਚਾਹੇ ਤਾਂ ਦਿਨ ਨੂੰ ਰਾਤ ਕਰ ਦਏ,
ਕਾਲੀ ਰਾਤ ਪ੍ਰਭਾਤ ਏ ਕਰ ਸਕਦਾ ।
ਜਿਨ੍ਹੂੰ ਚਾਹੇ ਗ਼ਰੀਬੋਂ ਅਮੀਰ ਕਰ ਦਏ,
ਬਖ਼ਸ਼ ਸਕਦਾ, ਘਾਤ ਏ ਕਰ ਸਕਦਾ ।"

ਸੁਣ ਕੇ ਸੱਯਦ ਨੇ ਕਿਹਾ ਕਿ "ਠੀਕ ਏ ਪਰ,
ਕ੍ਰਿਸ਼ਮਾ, ਹੋਰ ਕੋਈ ਭਲਾ ਵਿਖਾਓ ਤੁਸੀਂ ।
ਪੀਰ ਮੰਨਦੇ ਤੁਸਾਂ ਨੂੰ ਲੋਕ ਸਾਰੇ,
ਪੀਰਾਂ ਵਾਲੀ ਕੋਈ ਕਲਾ ਵਿਖਾਓ ਤੁਸੀਂ ।"

ਸਤਿਗੁਰ ਸੋਨੇ ਦੀ ਸੁੱਟ ਕੇ ਮੋਹਰ ਬੋਲੇ;
"ਇਹ ਦੌਲਤ ਨਿਸ਼ਾਨ ਏਂ ਬਦਲ ਸਕਦੀ ।
ਇਹ ਮਾਇਆ ਵੀ ਹੈ ਕਰਾਮਾਤ ਵੱਡੀ,
ਚੰਗਾ ਭਲਾ ਇਨਸਾਨ ਏਂ ਬਦਲ ਸਕਦੀ ।
ਏਸ ਖ਼ਾਤਰ ਹੀ ਲੜਦੇ ਨੇ ਲੋਕ ਸਾਰੇ,
ਇਹਨੂੰ ਵੇਖ ਜ਼ਬਾਨ ਏਂ ਬਦਲ ਸਕਦੀ ।
ਇਹ ਚਾਵ੍ਹੇ ਤਾਂ ਇੱਜ਼ਤ ਖਰੀਦ ਸਕਦੀ,
ਇਹ ਤਾਂ ਧਰਮ ਈਮਾਨ ਏਂ ਬਦਲ ਸਕਦੀ ।

ਏਸ ਧਨ ਵਿਚ ਸ਼ਕਤੀ ਹੈ ਬੜੀ ਵੱਡੀ,
ਇਹ ਵੀ ਘੱਟ ਨਹੀਂ ਕਿਸੇ ਆਫ਼ਾਤ ਕੋਲੋਂ ।
ਤੁਸੀਂ ਸੱਯਦ ਜੀ ਮੰਨੋ ਜਾਂ ਨਾ ਮੰਨੋ,
ਇਹ ਵੀ ਘੱਟ ਨਹੀਂ ਏਂ ਕਰਾਮਾਤ ਕੋਲੋਂ ।"

ਅੱਗੋਂ ਸੱਯਦ ਨੇ ਕਿਹਾ, "ਮੁਆਫ ਕਰਨਾ,
ਫੇਰ ਅਰਜ਼ ਕਰਦਾਂ, ਜੇ ਪਰਵਾਨ ਹੋਵੇ ।
ਕਰਾਮਾਤ ਅਨਹੋਣੀ ਵਿਖਾਓ ਤੁਸੀਂ,

ਬਾਦਸ਼ਾਹ ਵੀ ਵੇਖ ਹੈਰਾਨ ਹੋਵੇ ।
ਅਲੋਕਾਰ, ਅਸਰਚਜ, ਕਮਾਲ, ਜਿਸ ਤੋਂ,
ਉੱਚੀ ਹੋਰ ਵੀ ਆਪ ਦੀ ਸ਼ਾਨ ਹੋਵੇ ।
ਤੁਸਾਂ ਪਾਸ ਜੋ ਹੈ ਕਰਾਮਾਤ ਆਪਣੀ,
ਉਹ ਵਿਖਾਓ ਤਾਂ ਪੂਰਾ ਅਰਮਾਨ ਹੋਵੇ ।"

ਸੁਣ ਕੇ ਸਤਿਗੁਰੂ ਰੋਹ ਦੇ ਨਾਲ ਉੱਠੇ,
ਉਹਨਾਂ ਖਿੱਚ ਮਿਆਨੋਂ ਕਿਰਪਾਨ ਕੱਢੀ ।
ਜੀਹਦੀ ਚਮਕ ਨੇ ਸਣੇ ਦਰਬਾਰੀਆਂ ਦੇ,
ਸਯਦ ਹੋਰਾਂ ਦੇ ਜਿਸਮ ਚੋਂ ਜਾਨ ਕੱਢੀ ।

ਫੇਰ ਗਰਜ ਕੇ ਬੋਲੇ, "ਓ ਸੁਣ ਸੱਯਦ ;
ਕਿਹੜਾ ਕੌਤਕ ਨਹੀਂ ਕਰ ਤਲਵਾਰ ਸਕਦੀ ।
ਕਰਾਮਾਤ ਹੈ ਇਹੋ ਤਲਵਾਰ ਸਾਡੀ,
ਇਹੋ ਕਰ ਡਾਢੇ ਚਮਤਕਾਰ ਸਕਦੀ ।
ਇਹਦੇ ਨਾਲ ਹਕੂਮਤਾਂ ਚਲਦੀਆਂ ਨੇ,
ਜੀਵਨ ਦੇ ਸਕਦੀ, ਜਾਨੋਂ ਮਾਰ ਸਕਦੀ ।
ਤੇਰੇ ਸਾਰੇ ਹੀ ਸ਼ੰਕੇ ਮਿਟਾਣ ਦੇ ਲਈ,
ਤੇਰੇ ਸਿਰ ਨੂੰ ਹੁਣੇ ਉਤਾਰ ਸਕਦੀ ।"

ਸੱਯਦ ਹੋ ਸ਼ਰਮਿੰਦਾ ਸੀ ਚੁੱਪ ਹੋਇਆ,
ਉਹਦਾ ਡਰਦੇ ਦਾ ਸਾਹ ਹੀ ਸੁੱਕਿਆ ਸੀ ।
ਕੋਮਲ ਸ੍ਰੀ ਦਸਮੇਸ਼ ਦੇ ਰੋਅਬ ਅੱਗੇ,
ਹਿੰਦੁਸਤਾਨ ਦਾ ਸ਼ਹਿਨਸ਼ਾਨ ਝੁੱਕਿਆ ਸੀ ।

## ਵਾਰਦੇ ਜੇ ਗੁਰੂ ਦਸਮੇਸ਼ ਪਰਵਾਰ ਨਾ

ਸੁਣਦਾ ਨਾ ਦੁੱਖ ਕੋਈ, ਹਿੰਦੂਆਂ ਦੇ ਹਿੰਦ ਵਿਚ
ਸ੍ਰੀ ਦਸਮੇਸ਼ ਦਿੰਦੇ ਪਿਤਾ ਨੂੰ ਜੇ ਵਾਰ ਨਾ ।
ਪਾਣ-ਪੱਤ ਲਹਿੰਦੀ ਸਦਾ ਹਿੰਦੂ ਬਹੂ-ਬੇਟੀਆਂ ਦੀ,
ਬੁੱਢੀ ਮਾਤ-ਗੁਜਰੀ ਨੂੰ ਦਿੰਦੇ ਜੇ ਵਿਸਾਰ ਨਾ ।
ਉਡਦੀ ਅਣਖ ਆਨ, ਹਿੰਦੀਆਂ ਦੇ ਹਿਰਦਿਆਂ ਚੋਂ;
ਜੰਗ 'ਚ ਜੇ ਭੇਜਦੇ ਅਜੀਤ ਤੇ ਜੁਝਾਰ ਨਾ ।
ਧਰਮ ਦੀਆਂ ਨੀਹਾਂ ਅੱਜ ਹੋਣੀਆਂ ਸੀ ਪੋਲੀਆਂ,
ਨੀਹਾਂ ਵਿਚ ਨਿੱਕਿਆਂ ਨੂੰ ਦਿੰਦੇ ਜੇ ਖਲ੍ਹਾਰ ਨਾ ।
ਗੰਗਾ ਅਤੇ ਜਮਨਾ ਦਾ ਨਾਮ ਕੁਝ ਹੋਰ ਹੁੰਦਾ,
ਮਥਰਾ ਨਾ ਕਾਂਸ਼ੀ ਹੁੰਦੀ ਹੁੰਦਾ ਹਰਿਦੁਆਰ ਨਾ ।
ਹਿੰਦ ਦਾ ਨਮੂੰਨਾ ਅੱਜ ਹੋਰ ਦਾ ਹੀ ਹੋਰ ਹੁੰਦਾ,
ਵਾਰਦੇ ਜੇ ਗੁਰੂ ਦਸਮੇਸ਼ ਪਰਵਾਰ ਨਾ ।
ਵਾਰਦੇ ਜੇ ਗੁਰੂ ਦਸਮੇਸ਼ ਪਰਵਾਰ ਨਾ,
ਲੱਭਣਾ ਸੀ ਕਿਧਰੇ ਵੀ ਸਿੰਘ ਸਰਦਾਰ ਨਾ ।
ਲੱਭਦਾ ਜੇ ਕਿਧਰੇ ਵੀ ਸਿੰਘ ਸਰਦਾਰ ਨਾ,
ਤਿੰਨ ਫੁੱਟੀ ਫੜਨੀ ਸੀ ਕਿਸੇ ਤਲਵਾਰ ਨਾ ।
ਤਿੰਨ ਫੁੱਟੀ ਫੜਦਾ ਜੇ ਕੋਈ ਤਲਵਾਰ ਨਾ,
ਜਬਰ ਨੇ ਸਬਰ ਕੋਲੋਂ ਕਦੀ ਨਹੀਂ ਸੀ ਹਾਰਨਾ ।
ਜਬਰ ਜੇ ਸਬਰ ਕੋਲੋਂ ਕਦੀ ਵੀ ਨਾ ਹਾਰਦਾ,

ਮਰਦੀ ਔਰੰਗਜ਼ੇਬੀ ਖੂੰਨੀ ਸਰਕਾਰ ਨਾ ।

ਮਰਦੀ ਔਰੰਗੇ ਦੀ ਜੇ ਖੂੰਨੀ ਸਰਕਾਰ ਨਾ,
ਪਰਜਾ ਗਰੀਬਾਂ ਦਾ ਕੋਈ ਬਣਦਾ ਈ ਯਾਰ ਨਾ ।
ਮੁਰਦਾ ਰੂਹਾਂ ਹੁੰਦੀਆਂ, ਜੀਉਂਦੀਆਂ ਹੀ ਲਾਸ਼ਾਂ ਵਿਚ,
ਵਾਰਦੇ ਜੇ ਗੁਰੂ-ਦਸਮੇਸ਼ ਪਰਵਾਰ ਨਾ ।

ਚੁੱਕ ਚੁੱਕ ਚੁੱਕ ਕੇ ਲੁਟੇਰਿਆਂ ਨੇ ਖੜਨਾ ਸੀ,
ਹੀਰੇ,ਮੋਤੀ, ਸੋਨਾ,ਚਾਂਦੀ, ਲੁੱਟ ਲੁੱਟ ਹੁਣ ਤੱਕ ।
ਕੁੱਟ ਕੁੱਟ ਕੁੱਟ ਉਹਨਾਂ ਕੋਹਣਾ ਸੀ ਬਿਦੋਸਿਆਂ ਨੂੰ,
ਮਾਰਨਾ ਸੀ ਵਿੱਚੇ ਵਿੱਚ ਘੁੱਟ ਘੁਟ ਹੁਣ ਤੱਕ ।
ਖਿੱਚ ਖਿੱਚ ਖਿੱਚ ਬਾਲ ਮਾਵਾਂ ਦੀਆਂ ਗੋਦੀਆਂ ਚੋਂ,
ਵਿੰਨਣਾ ਸੀ ਨੇਜ਼ਿਆਂ ਤੇ ਸੁੱਟ ਸੁੱਟ ਹੁਣ ਤੱਕ ।
ਟਕੇ ਟਕੇ ਟਕੇ ਲਾਜ ਵਿਕਣੀ ਸੀ ਗਲੀਆਂ ਚ,
ਰੋਣਾ ਹੈ ਸੀ ਕੰਜਕਾਂ ਨੇ ਫੁੱਟ ਫੁੱਟ ਹੁਣ ਤੱਕ ।

ਵਾਰਿਆ ਜੇ ਗੁਰਾਂ ਸਰਬੰਸ ਤਾਂ ਵੀ ਵੇਖ ਲੌ,
ਹੁੰਦੀ ਰਹੀ ਅੱਤ, ਰਿਹਾ ਅੰਤ ਤੇ ਸ਼ੁਮਾਰ ਨਾ ।
ਖੌਰੇ ਕਿੰਨਾ ਜ਼ੁਲਮ ਦਾ ਪਹਾੜ ਹੋਰ ਟੁੱਟਣਾ ਸੀ ।
ਵਾਰਦੇ ਜੇ ਗੁਰੂ ਦਸਮੇਸ਼ ਪਰਵਾਰ ਨਾ ।

ਹੋਰ ਦੀ ਹੀ ਹੋਰ ਹੁੰਦੀ ਤਵਾਰੀਖ ਹਿੰਦ ਦੀ,
ਜੱਗ ਵਿਚ ਸੱਭ ਤੋਂ ਮਹਾਨ ਹੁੰਦੇ ਸਿੱਖ ਨਾ ।
ਦੇਸ਼-ਭਗਤ, ਸੰਤ ਤੇ ਸ਼ਹੀਦ ਹੁੰਦੇ ਸਿੱਖ ਨਾ,
ਕਲਾਕਾਰ, ਕਵੀ, ਵਿਦਵਾਨ ਹੁੰਦੇ ਸਿੱਖ ਨਾ ।
ਸਾਇੰਸਦਾਨ, ਫੌਜੀ, ਬਿਓਪਾਰੀ, ਇੰਜੀਨੀਅਰ,

ਵਧਕੇ ਖਿਡਾਰੀ ਭਲਵਾਨ ਹੁੰਦੇ ਸਿੱਖ ਨਾ ।
ਅੱਜ ਹਿੰਦੀ ਫੌਜ ਦੇ ਜਵਾਨ ਬਲਵਾਨ ਹੋ ਕੇ,
ਦੇਸ਼ ਧਰਮ ਉਤੋਂ, ਕੁਰਬਾਨ ਹੁੰਦੇ ਸਿੱਖ ਨਾ ।
ਸਿੱਖਾਂ ਦੀ ਮਹਾਨਤਾ ਨੇ ਹਿੰਦ ਦੀ ਵਧਾਈ ਸ਼ੋਭਾ,
ਨਹੀਂ ਤਾਂ ਗਲੋਂ ਲੱਥਦਾ ਗੁਲਾਮੀ ਦਾ ਹੀ ਭਾਰ ਨਾ ।
ਪਰ ਐਸੇ ਗੁਣਾਂ ਵਾਲੇ ਸਿੱਖ ਕਿਥੋਂ ਲੱਭਣੇ ਸੀ,
ਵਾਰਦੇ ਜੇ ਗੁਰੂ ਦਸਮੇਸ਼ ਪਰਵਾਰ ਨਾ ।
ਗੁਰੂ ਗ੍ਰੰਥ ਹੁੰਦਾ ਅੱਜ ਸਾਡਾ ਪਾਤਸ਼ਾਹ ਨਾ,
ਚੱਪੇ ਚੱਪੇ ਉਤੇ ਹੋਣਾ, ਨਹੀਂ ਸੀ ਗੁਰਦੁਆਰਿਆਂ ।
ਬਾਣੀ, ਕਥਾ, ਕੀਰਤਨ, ਕਵੀ ਦਰਬਾਰ ਨਾ,
ਗੂੰਜਣਾ ਸੀ ਏਥੇ ਨਾ ਨਗਾਰਿਆਂ ਜੈਕਾਰਿਆਂ ।
ਅੰਮ੍ਰਿਤ, ਨਾ ਲੰਗਰ, ਕੜਾਹ ਪਰਸ਼ਾਦ ਨਾ,
ਸੰਗਤਾਂ ਨਾ ਪੰਗਤਾਂ ਜਲੂਸਾਂ ਦੇ ਨਜ਼ਾਰਿਆਂ ।
ਅੱਜ ਦਾ ਦੀਵਾਨ ਏਥੇ ਲੱਗਦਾ ਨਾ, ਗੱਲ ਮੁੱਕੀ,
ਅੱਜ ਏਥੇ ਹੋਣਾ ਨਹੀਂ ਸੀ ਅਸਾਂ ਤੁਸਾਂ ਸਾਰਿਆਂ ।
ਖਿੜੀ ਹੁੰਦੀ ਅੱਜ ਏਥੇ ਸਿੱਖੀ ਗੁਲਜ਼ਾਰ ਨਾ,
ਸਿੰਘਾਂ ਵਿਚੋਂ ਨਜ਼ਰ ਔਂਦਾ ਦਸਮ-ਅਵਤਾਰ ਨਾ ।
ਸੌ ਸੌ ਫੁੱਟ ਉਚੇ ਝੰਡੇ ਕੇਸਰੀ ਨਾ ਝੂਲਦੇ,
ਵਾਰਦੇ ਜੇ ਗੁਰੂ ਦਸਮੇਸ਼ ਪਰਵਾਰ ਨਾ ।
ਸਿੱਖੀ-ਬਾਗ ਵਿੱਚ ਜੇ ਨਾ ਪਾਉਂਦੇ ਖੂੰਨ ਬੰਸ ਦਾ,
ਬਾਗ ਜਿਹੜਾ ਪਾਲਿਆ ਸੀ ਪਹਿਲੇ ਨੌਂਵਾਂ ਮਾਲੀਆਂ ।
ਬੰਦਾ ਸਿੰਘ, ਤਾਰੂ ਸਿੰਘ, ਭਾਈ ਸਾਹਿਬ ਮਨੀ ਸਿੰਘ,

ਖੰਜਰਾਂ ਨੂੰ ਸਮਝਦੇ ਨਾ ਕਦੇ ਵੀ ਪਿਆਲੀਆਂ ।
ਸੀਸ ਧਰ ਤਲੀ ਕਦੇ ਲੜਦਾ ਨਾ ਦੀਪ ਸਿੰਘ,
'ਹਰਿਮੰਦਰ' ਕਲਸ ਉਤੇ ਹੁੰਦੀਆਂ ਨਾ ਲਾਲੀਆਂ ।
ਲਾਲੀਆਂ ਨਾ ਚੜ੍ਹਨੀਆਂ ਸੀ ਜੈਤੋ, ਗੁਰੂ ਬਾਗ ਵਿਚ,
ਜਿੱਤਣੇ ਨਾ ਮੋਰਚੇ ਸੀ ਕਦੇ ਵੀ ਅਕਾਲੀਆਂ ।

ਜੰਗ ਵਿਚ ਚੀਨੀਆਂ ਤੇ ਪਾਕੀਆਂ ਨੂੰ 'ਕੋਮਲ' ਜੀ,
ਖਾਲਸੇ ਤੋਂ ਬਿਨ੍ਹਾਂ ਦੱਸੋ ਕਿਨ੍ਹੇ ਸੀ ਵੰਗਾਰਨਾ ।
ਹਿੰਦਵਾਸੀ ਕੀ ਨਾਮ ਹਿੰਦ ਦਾ ਵੀ ਹੁੰਦਾ ਨਾ,
ਵਾਰਦੇ ਜੇ ਗੁਰੂ ਦਸਮੇਸ਼ ਪਰਵਾਰ ਨਾ ।

## ਸ੍ਰੀ ਗੁਰੂ ਗ੍ਰੰਥ-ਮਹਿਮਾ

ਕਰਕੇ ਕੱਠੀਆਂ ਬਾਣੀ ਦੀਆਂ ਪੋਥੀਆਂ ਨੂੰ,
ਅਰਜਨ ਗੁਰੂ ਨੇ ਬੜਾ ਉਪਕਾਰ ਕੀਤਾ ।
ਫਿਰ ਲਿਖਵਾ ਕੇ ਭਾਈ ਗੁਰਦਾਸ ਜੀ ਤੋਂ,
'ਰਾਮਸਰ' ਵਿਚ ਗ੍ਰੰਥ ਤਿਆਰ ਕੀਤਾ ।
ਅੰਮ੍ਰਿਤਸਰ ਹਰਿਮੰਦਰ ਵਿਚ ਆਪ ਹੱਥੀਂ,
ਬਰਾਜਮਾਨ ਹੈ ਸੀ ਪਹਿਲੀ ਵਾਰ ਕੀਤਾ ।
ਏਦਾਂ ਗ੍ਰੰਥ ਜਹਾਜ਼ ਬਣਾ ਕੇ ਤੇ,
ਭਵਿ ਸਾਗਰੋਂ ਸਿੱਖਾਂ ਨੂੰ ਪਾਰ ਕੀਤਾ ।

ਧੁਰ ਕੀ ਬਾਣੀ ਦੇ ਏਸ ਗ੍ਰੰਥ ਅੰਦਰ,
ਦਸਾਂ ਗੁਰੂਆਂ ਦੀ ਬੋਲਦੀ ਆਤਮਾ ਏਂ ।
ਜੇਕਰ ਅੰਦਰ ਦੀ ਅੱਖ ਦੇ ਨਾਲ ਤੱਕੀਏ,
ਦਿਸਦਾ ਇਹਦੇ ਵਿਚ ਬੈਠਾ ਪ੍ਰਮਾਤਮਾ ਏਂ ।

ਚਾਰੇ ਵੇਦ, ਅੰਜੀਲ, ਕੁਰਾਨ ਲੈ ਕੇ,
ਸਭ ਗ੍ਰੰਥ ਪੜ੍ਹਕੇ ਵੱਖੋ ਵੱਖ ਵੇਖੋ ।
ਇੱਕ ਰੱਬ ਨੂੰ ਸਭਨਾਂ ਨੇ ਮੰਨ ਕੇ ਵੀ,
ਰੱਖਿਆ ਆਪਣੇ ਮਜ਼੍ਹਬ ਦਾ ਪੱਖ ਵੇਖੋ ।
ਐਪਰ ਗੁਰੂ ਗ੍ਰੰਥ ਦੇ ਪੰਨਿਆਂ ਨੂੰ,
ਭਾਵੇਂ ਕਿਸੇ ਕਸਵੱਟੀ ਤੇ ਰੱਖ ਵੇਖੋ ।
ਜ਼ਾਤ, ਪਾਤ, ਜਮਾਤ ਦਾ ਵਿਤਕਰਾ ਨਹੀਂ,
ਸਭਨਾਂ ਭਗਤਾਂ ਦੀ ਬਾਣੀ ਪ੍ਰਤੱਖ ਵੇਖੋ ।

ਜੇਕਰ ਰਚੀ ਕਬੀਰ ਜੁਲਾਹਾ ਬਾਣੀ,
ਤਾਂ ਫਰੀਦ ਤੇ ਸਧਨਾ ਕਸਾਈ ਵੀ ਏ।
ਜੇ ਰਵਿਦਾਸ ਚੁਮਾਰ ਤੇ ਜੱਟ ਧੰਨਾ,
ਨਾਮਦੇਵ ਛੀਂਬਾ, ਸੈਣ ਨਾਈ ਵੀ ਏ ।

ਇਹ ਉਹ ਸੂਰਜ ਹੈ, ਜਿਸਦੀ ਕਿਰਨ ਇਕੋ,
ਨ੍ਹੇਰੇ ਮਨਾਂ ਵਿ ਚਾਨਣਾ ਕਰ ਦੇਵੇ ।
ਇਹ ਉਹ ਚੰਨ ਹੈ ਜਿਸਦੀ ਰਿਸ਼ਮ ਇੱਕੋ,
ਠੰਢ ਤਪਦਿਆਂ ਦਿਲਾਂ ਵਿਚ ਭਰ ਦੇਵੇ ।
ਇਹ ਉਹ ਮਾਨ ਸਰੋਵਰ ਹੈ,ਲਹਿਰ ਜਿਸਦੀ,
ਮੋਤੀ ਕੱਢ ਕੇ ਹੰਸਾਂ ਲਈ ਧਰ ਦੇਵੇ ।
ਇਹ ਉਹ ਸੋਮਾ ਹੈ ਅੰਮ੍ਰਿਤੀ-ਬੂੰਦ ਜਿਸਦੀ,
ਮੋਇਆਂ ਹੋਇਆਂ ਨੂੰ ਕਰ ਅਮਰ ਦੇਵੇ ।

ਇਹ ਉਹ ਘਰ ਹੈ ਜਿਸਦੇ ਦਰ ਉਤੇ,
ਦਾਤਾਂ ਕੁਲ ਬਹਿਸ਼ਤਾਂ ਦੀਆਂ ਰੁਲਦੀਆਂ ਨੇ।
ਅਰਸ਼ ਕੁਰਸ਼ ਦੀਆਂ ਬਰਕਤਾਂ, ਸ਼ਕਤੀਆਂ ਵੀ,
ਇਹਦੇ ਏਕੇ ਦੇ ਤੁੱਲ ਨਾ ਤੁਲਦੀਆਂ ਨੇ ।

ਜੀਹਦੇ ਦਿਲ ਅੰਦਰ ਵੱਸੇ ਇਹ ਬਾਣੀ,
ਉਹ ਫਿਰ ਮੂੰਹ ਤਲਵਾਰਾਂ ਦੇ ਮੋੜ ਦੇਵੇ ।
ਜੀਹਦੇ ਹੱਡਾਂ ਵਿਚ ਰਚ ਜਾਏ ਇਹ ਬਾਣੀ,
ਉਹ ਫਿਰ ਆਰਿਆਂ ਦੇ ਦੰਦ ਤੋੜ ਦੇਵੇ ।
ਜੀਹਦੀ ਸੁਰਤ ਵਿਚ ਟਿਕ ਜਾਏ ਇਹ ਬਾਣੀ,
ਉਹਨੂੰ ਔਣ ਨ ਕਦੇ ਫਿਰ ਥੋੜ ਦੇਵੇ ।

ਜੀਹਦੀ ਆਤਮਾ ਵਿਚ ਇਹ ਕਰੇ ਵਾਸਾ,
ਉਹਨੂੰ ਨਾਲ ਪਰਮਾਤਮਾ ਜੋੜ ਦੇਵੇ ।

ਏਸ ਗ੍ਰੰਥ ਦੀ ਮਹਿਮਾ ਮਹਾਨ ਏਨੀ,
ਗਾ ਸਕਦੇ ਨਹੀਂ ਰਲਕੇ ਸ਼ੇਸ਼ ਲੱਖਾਂ ।
ਜਪਿਆ ਲੱਖਾਂ ਨੇ, ਲੱਖਾਂ ਹੀ ਜਪ ਰਹੇ ਨੇ,
ਜਪਦੇ ਰਹਿਣਗੇ ਇਹਨੂੰ ਹਮੇਸ਼ ਲੱਖਾਂ ।

ਜਗਦੀ ਪਈ ਇਸ ਜਗ ਮਗ ਜੋਤਿ ਵਿਚੋਂ,
'ਅਨਹਦ ਸ਼ਬਦ' ਮਿਲਦਾ ਤੇ ਧਿਆਨ ਮਿਲਦਾ,
'ਸਤ' 'ਸੰਤੋਖ' ਮਿਲਦਾ 'ਦਯਾ' ਧਰਮ' ਮਿਲਦਾ,
ਸਿੱਖੀ ਸਿਦਕ ਮਿਲਦਾ, ਨਾਮ ਦਾਨ ਮਿਲਦਾ ।
'ਅੰਮ੍ਰਿਤ ਰਸ' ਤੇ 'ਪਰਮ ਅਨੰਦ' ਮਿਲਦਾ ।
'ਰਿੱਧ ਸਿੱਧ 'ਤੇ ਬ੍ਰਹਮ-ਗਿਆਨ ਮਿਲਦਾ ।
ਜੀਵਨ ਜੁਗਤ ਅਤੇ ਮੁਕਤ ਭੁਗਤ ਮਿਲਦੀ,
'ਸ਼ਕਤ' 'ਭਗਤ' ਮਿਲਦੀ ਤੇ ਭਗਵਾਨ ਮਿਲਦਾ ।

ਏਹੋ ਗਿਆਨ ਭੰਡਾਰ ਹੈ ਇਸ਼ਟ ਸਾਡਾ,
ਏਹੋ ਧਰਤੀ, ਅਕਾਸ਼, ਬ੍ਰਹਿਮੰਡ ਸਾਡਾ ।
ਜਿਥੇ ਸੰਗਤ ਵਿਚ ਇਹਦਾ ਪ੍ਰਕਾਸ਼ ਹੋਵੇ,
ਅਸਲ ਵਿਚ ਉਹੋ 'ਸੱਚ-ਖੰਡ' ਸਾਡਾ ।

ਦੈਂਤਾਂ ਦਿਉਤਿਆਂ ਨੂੰ ਚੌਦਾਂ ਰਤਨ ਲੱਭੇ,
ਤਾਂ ਵੀ ਉਨ੍ਹਾਂ ਦੀ ਬੁੱਝੀ ਪਿਆਸ ਨਹੀਂ ਸੀ ।
'ਕਾਮਧੇਨ' ਅਤੇ 'ਕਲਪ ਬ੍ਰਿਛ' ਹੁੰਦਿਆਂ,
ਪੂਰੀ ਹੋ ਸਕੀ ਕਦੇ ਆਸ ਨਹੀਂ ਸੀ ।

ਕਿਉਂਕਿ ਗੁਰੂ ਗ੍ਰੰਥ ਜਹੀ ਦਾਤ ਰੱਬੀ,
ਉਹਨਾਂ ਸਵੱਰਗੀ ਦਿਉਤਿਆਂ ਪਾਸ ਨਹੀਂ ਸੀ।
ਨਾਲੇ ਉਹਨਾਂ ਦੇ ਹਿਰਦੇ ਦੀ ਹੱਟ ਅੰਦਰ,
ਬਾਣੀ ਜਹੀ ਸੱਚੀ ਸੁੱਚੀ ਰਾਸ ਨਹੀਂ ਸੀ।
ਆਓ ਏਸ ਗ੍ਰੰਥ ਦੀ ਓਟ ਲੈ ਕੇ,
ਏਸ ਜਨਮ ਅੰਦਰ ਕੁਝ ਖੱਟ ਲਈਏ।
'ਕੋਮਲ' ਰੱਬ ਦਾ ਇਦ੍ਹੇ 'ਚੋਂ ਦਰਸ ਕਰਕੇ,
ਸੱਭੇ ਗੇੜ ਚੁਰਾਸੀ ਦੇ ਕੱਟ ਲਈਏ।

## ਗੁਰੂਆਂ ਦੀ ਜੋਤਿ-ਬਾਣੀ ਦਾ ਖਜ਼ਾਨਾ

ਅਬਚਲ ਨਗਰ ਨਾਂਦੇੜੋਂ ਗੁਰੂ ਦਸਵੇਂ,
ਕਰਨ ਲੱਗੇ ਜਦੋਂ ਸੱਚਖੰਡ ਨੂੰ ਪਿਆਨਾ ਏਂ ।
ਸੰਗਤਾਂ ਨੂੰ ਕਹਿਣ ਲੱਗੇ, ਖਾਲਸਾ ਜੀ, ਸੁਣ ਲਵੋ,
ਹੁਣ ਮੈਂ ਤੁਹਾਥੋਂ ਹੋਣਾ, ਸਦਾ ਲਈ ਰਵਾਨਾ ਏਂ ।
ਨੀਂਹ ਜਿਸ ਧਰਮ ਦੀ ਸੀ ਰੱਖੀ ਗੁਰੂ ਨਾਨਕ ਨੇ,
ਪੂਰਾ ਉਹਦਾ ਹੋਇਆ, ਹਰ ਪੱਖ ਤੋਂ ਨਿਸ਼ਾਨਾ ਏਂ ।
ਏਸ ਲਈ ਮੈਂ ਗੁਰ-ਗੱਦੀ ਦੇ ਰਿਹਾਂ ਗ੍ਰੰਥ ਜੀ ਨੂੰ,
ਮੱਥਾ ਤੁਸਾਂ ਏਸੇ ਨੂੰ ਹੀ ਟੇਕਣਾ ਰੋਜ਼ਾਨਾ ਏਂ ।

ਦੇਹ-ਧਾਰੀ ਗੁਰੂ ਦੀ ਪੰਰਪਰਾ ਮੈਂ ਬੰਦ ਕੀਤੀ,
ਅੱਜ ਤੋਂ ਇਹ ਗੁਰੂ, ਏਸੇ ਤਾਰਨਾ ਜ਼ਮਾਨਾ ਏਂ ।
ਇਹੋ ਗੁਰੂ ਗ੍ਰੰਥ ਜੀ, ਅਟੱਲ ਯੁੱਗੋ ਯੁੱਗ ਹੈ,
ਗੁਰੂਆਂ ਦੀ ਜੋਤਿ ਅਤੇ ਬਾਣੀ ਦਾ ਖ਼ਜ਼ਾਨਾ ਏਂ ।

ਸ੍ਰੀ ਗੁਰੂ ਗ੍ਰੰਥ ਦੇ ਅਮੋਲਕ ਨੇ ਪੱਤਰੇ,
ਪੱਤਰ ਪੱਤਰ ਵਿਚ ਰੱਬੀ-ਜੋਤਿ ਦਾ ਪਸਾਰ ਏ ।
ਇਹਦੇ ਕਾਲੇ ਅੱਖਰਾਂ 'ਚ ਸੂਰਜਾਂ ਦਾ ਚਾਨਣੈ,
ਸਤਰ ਸਤਰ ਇਹਦੀ ਨੂਰੀ ਸੋਮੇਂ ਦੀ ਕਤਾਰ ਏ ।
ਤੁਕਾਂ, ਲਗਾਂ, ਮਾਤਰਾਂ ਨੇ, ਮੋਤੀ ਲਾਲ, ਹੀਰੇ ਪੰਨੇ,
ਇੱਕ ਇੱਕ ਸ਼ਬਦ, ਸੁੱਚਾ ਰਤਨ ਤੇ ਜਵਾਹਰ ਏ ।
ਵਾਕਾਂ ਵਿਚ ਕਾਵਿ ਹੈ, ਕਲਾ ਹੈ, ਰਾਗ ਹੈ,
ਜ਼ਿੰਦਗੀ, ਸੰਦੇਸ਼, ਉਪਦੇਸ਼, ਚਮਤਕਾਰ ਏ ।

ਲੀਲ੍ਹਾ ਹੈ ਬੇਅੰਤ ਇਹਦੀ, ਕਥਾ ਹੈ ਅਕੱਥ ਇਹਦੀ,
ਹਰ ਇਕ ਰਸਨਾ 'ਚੋਂ ਗੂੰਜਰਾ ਤਰਾਨਾ ਏਂ ।

ਸਰਬ ਕਲਾ ਪੂਰਨ, ਸਮਰੱਥ ਏਹੋ ਗੁਰੂ ਏ,
ਗੁਰੂਆਂ ਦੀ ਜੋਤਿ ਅਤੇ ਬਾਣੀ ਦਾ ਖ਼ਜ਼ਾਨਾ ਏਂ ।
ਬੀੜ ਹੈ ਗ੍ਰੰਥ ਦੀ, ਗੁਰੂਆਂ ਦੀ ਦੇਹ ਹੈ,
ਸ਼ਬਦਾਂ ਦੇ ਰੂਪ ਵਿਚ ਬਾਣੀ ਦਾ ਭੰਡਾਰ ਏ।
ਗੁਰੂ ਤੇ ਗ੍ਰੰਥ ਇੰਜ ਆਪੋ ਵਿਚ ਘੁਲੇ ਮਿਲੇ,
ਗੰਗਾ ਨਦੀ ਵਿਚ ਜਿਵੇਂ ਜਮਨਾ ਦੀ ਧਾਰ ਏ ।
ਜੋਤਿ ਏ, ਸਰੂਪ ਏ, ਜੀਵਨ ਏ, ਮੁਕਤ ਏ,
ਸ਼ਕਤ ਏ, ਗਿਆਨ ਏ, ਅਨੰਦ ਏ, ਪਿਆਰ ਏ ।
ਰਚਨਾ ਇਹ ਗੁਰੂ ਏ, ਗੁਰੂ ਏਹੋ ਬਾਣੀ ਏ,
ਬਾਣੀ ਇਹ ਗ੍ਰੰਥ ਏ, ਗ੍ਰੰਥ ਅਵਤਾਰ ਏ ।
ਰੋਜ਼ ਰੋਜ਼ ਇਹਦੀ ਬਾਣੀ ਪੜ੍ਹਨ ਸੁਣਨ ਵਾਲਿਓ,
ਜਿਹੜਾ ਜਿਹੜਾ ਸਮਝ ਲਵੇ, ਓਹੋ ਸਿੱਖ ਦਾਨਾ ਏਂ।
ਜ਼ਾਹਰਾ ਜ਼ਹੂਰ ਏਹੋ, ਹਾਜ਼ਰਾ ਹਜ਼ੂਰ ਏਹੋ,
ਗੁਰੂਆਂ ਦੀ ਜੋਤਿ ਅਤੇ ਬਾਣੀ ਦਾ ਖ਼ਜ਼ਾਨਾ ਏਂ ।
ਗੁਰੂਆਂ ਦਾ ਰੂਪ ਇਹ, ਗ੍ਰੰਥ ਹੀ ਅਨੂਪ ਏ,
ਭਗਤਾਂ ਦੇ ਵਾਕ ਨੇ, ਰਤਨਾਂ ਦੀ ਖਾਣੀ ਏਂ।
ਤਦੇ ਇਹਦੀ ਕਾਵਿ-ਕਲਾ ਸੱਚੀ ਏ, ਸੁੱਚੀ ਏ,
ਉੱਚੀ ਏ, ਮਿੱਠੀ ਏ, ਨਿੱਘੀ ਮਨ-ਭਾਣੀ ਏਂ ।
ਦਸੇ ਗੁਰੂ ਇੰਜ ਨੇ, ਗ੍ਰੰਥ ਵਿਚ ਇੱਕ-ਮਿਕ,
ਜੋਤੀ ਵਿਚ ਜੋਤ ਜਿਓਂ, ਪਾਣੀ ਵਿਚ ਪਾਣੀ ਏਂ ।
ਸ਼ਬਦਾਂ 'ਚ ਬਚਨ ਏਂ, ਬਚਨਾਂ 'ਚ ਬਾਣੀ ਏਂ,
ਬਾਣੀ ਵਿਚ ਗੁਰੂ ਏ ਤੇ ਗੁਰੂ ਵਿਚ ਬਾਣੀ ਏਂ।

ਬਾਣੀ ਦਿਆਂ ਬਾਣਾਂ ਜਿਨੂੰ ਮਾਰਿਆ ਨਿਸ਼ਾਨਾ ਏ,
ਓਹੋ ਭਾਗਵਾਨ ਇਹਦਾ ਹੋ ਗਿਆ ਦੀਵਾਨਾ ਏਂ ।
ਓਹੋ ਫਿਰ ਆਖਦਾ ਏ, ਧੰਨ ਧੰਨ ਗੁਰੂ ਗ੍ਰੰਥ,
ਗੁਰੂਆਂ ਦੀ ਜੋਤਿ ਅਤੇ ਬਾਣੀ ਦਾ ਖ਼ਜ਼ਾਨਾ ਏਂ ।

ਖੋਲ੍ਹ ਖੋਲ੍ਹ ਵੇਖੋ ਪਿਓ ਦਾਦੇ ਦਾ ਖ਼ਜ਼ਾਨਾ ਇਹ,
ਧਰਮਾਂ ਦੇ ਤੱਤ ਤੇ ਗਿਆਨ ਇਹਦੇ ਵਿੱਚ ਨੇ ।
ਫੋਲ ਫੋਲ ਵੇਖੋ ਬ੍ਰਹਿਮੰਡ, ਖੰਡ, ਦੀਪ, ਲੋਅ,
ਪ੍ਰਿਥਵੀ, ਪਾਤਾਲ, ਅਸਮਾਨ ਇਹਦੇ ਵਿਚ ਨੇ ।
ਬੋਲ ਬੋਲ ਬ੍ਰਹਮਾ ਅਤੇ ਵਿਸ਼ਨੂੰ ਮਹੇਸ਼ ਕਹਿਣ,
ਸ਼ਕਤੀਆਂ ਤੇ ਬਰਕਤਾਂ ਮਹਾਨ ਇਹਦੇ ਵਿਚ ਨੇ ।
ਕੋਲ ਕੋਲ ਹੋਕੇ ਵੇਖੋ ਅੰਦਰ ਵਾਲੀ ਅੱਖ ਨਾਲ,
ਬੈਠੇ ਪ੍ਰਤੱਖ ਭਗਵਾਨ ਇਹਦੇ ਵਿਚ ਨੇ ।

ਸਧਨਾ, ਕਬੀਰ, ਸੈਣ, ਰਵਿਦਾਸ, ਰਾਮਾਨੰਦ,
ਧੰਨਾ ਤੇ ਫਰੀਦ ਏਥੇ ਕੋਈ ਨਾ ਬੇਗਾਨਾ ਏ ।
ਸਾਰੇ ਸੰਸਾਰ ਦਾ ਏ, ਸਾਂਝਾ ਗੁਰੂ ਗ੍ਰੰਥ ਸਾਹਿਬ,
ਗੁਰੂਆਂ ਦੀ ਜੋਤਿ ਅਤੇ ਬਾਣੀ ਦਾ ਖ਼ਜ਼ਾਨਾ ਏ।

ਆਓ ਏਸ ਗੁਰੂ ਨਾਲ ਕਰਨੀਆਂ ਜੇ ਗੱਲਾਂ ਤੁਸਾਂ,
ਕਰਨਾ ਜੇ ਤੁਸਾਂ ਦਸਾਂ ਗੁਰਾਂ ਦਾ ਦੀਦਾਰ ਏ ।
ਪਾਠ ਕਰੋ ਚਿੱਤ ਲਾ ਕੇ, ਮਨਾਂ 'ਚ ਵਸਾਓ ਬਾਣੀ,
ਮੰਗ ਲੌ ਜੋ ਮੰਗਣਾ, ਇਹ ਆਪ ਦਾਤਾਰ ਏ ।
ਰੇਡੀਓ ਤੋਂ ਸੁਣਦੇ ਓ, ਟੈਲੀਵੀਯਨ ਵੇਖਦੇ ਓ,
ਰੋਜ਼ ਰੋਜ਼ ਹੋ ਰਿਹਾ ਜੋ ਵਿਚ ਸੰਸਾਰ ਏ ।

ਪਰ ਕਿਤੇ ਵੇਖੋ ਸੁਣੋ ਏਸ ਗੁਰੂ ਗ੍ਰੰਥ ਵਿਚੋਂ,
ਨਜ਼ਰ ਆਉਂਦਾ ਸਚਖੰਡ ਵਿਚ ਨਿਰੰਕਾਰ ਏ ।

ਏਸ ਅਮਰ ਗੁਰੂ ਤੋਂ ਹੀ, ਬਾਣੀ ਵਾਲੀ ਰਾਸ ਲੈ ਕੇ,
ਕੁਝ ਭੇਖੀ ਗੁਰੂਆਂ ਨੇ ਖੋਲ੍ਹੀਆਂ ਦੁਕਾਨਾਂ ਏਂ ।
ਪਰ ਗੁਰੂ ਗ੍ਰੰਥ ਹੈ ਜਹਾਜ਼ ਕਲਿਯੁਗ ਦਾ,
ਗੁਰੂਆਂ ਦੀ ਜੋਤਿ ਅਤੇ ਬਾਣੀ ਦਾ ਖ਼ਜ਼ਾਨਾ ਏਂ ।

## ਗੁਰਬਾਣੀ ਗੁਰੂ ਹੈ

ਸ੍ਰੀ ਗੁਰੂ ਗ੍ਰੰਥ ਸਾਹਿਬ, ਬਾਣੀ ਦਾ ਭੰਡਾਰ ਰੱਬੀ,
ਅੱਖਰਾਂ ਦੇ ਰੂਪ ਵਿਚ ਜੋਤਿ ਹੈ ਅਕਾਲ ਦੀ ।
ਏਸੇ ਜੋਤਿ ਵਿਚ ਸਾਨੂੰ ਦਸੇ ਗੁਰੂ ਨਜ਼ਰ ਆਉਣ,
ਏਹੋ ਸਾਨੂੰ ਰਾਹ ਹੈ ਗਿਆਨ ਦਾ ਵਿਖਾਲਦੀ ।
ਏਹੋ ਹੀ ਗਿਆਨ ਭਵਿ ਸਾਗਰ ਤੋਂ ਪਾਰ ਕਰੇ,
ਏਸੇ ਨੂੰ ਹੀ ਦੁਨੀਆਂ ਪਈ ਯੁਗਾਂ ਤੋਂ ਹੈ ਭਾਲਦੀ ।
ਬੁਧਹੀਣ, ਬਲਹੀਣ, ਨਿਰਗੁਣ ਜੀਵ ਹੋ ਕੇ,
ਕਰਾਂ ਮੈਂ ਸਿਫਤ ਕਿਵੇਂ ਨੂਰ ਬੇਮਿਸਾਲ ਦੀ ।

ਇਹਦੇ ਦਰ ਉਤੇ ਮਿਲੇ ਮਾਣ ਨਿਰਮਾਣਿਆਂ ਨੂੰ,
ਅਤੇ ਅਭਿਮਾਨੀਆਂ ਦਾ ਟੁੱਟਦਾ ਗ਼ਰੂਰ ਏ ।
ਜਿਹੜਾ ਦਿਲ ਸਾਫ ਲੈ ਕੇ, ਸ਼ਰਧਾ ਦੇ ਨਾਲ ਆਵੇ,
ਦੀਵੇ ਵਾਂਗ ਜੱਗ ਪੈਂਦਾ, ਹੁੰਦਾ ਨੂਰੋ ਨੂਰ ਏ ।

ਗੁਰਬਾਣੀ ਗੁਰੂ ਹੈ ਤੇ ਗੁਰੂ ਗੁਰਬਾਣੀ ਏਂ,
ਅੰਮ੍ਰਿਤ ਦਾ ਏਸੇ ਵਿਚੋਂ ਮਿਲ ਜਾਂਦਾ ਸਰ ਏ ।
ਏਸੇ ਸਰ ਵਿਚ ਚੁੱਭੀ ਲਾਈ ਜੀਹਦੀ ਆਤਮਾ ਨੇ,
ਲੱਭ ਲਿਆ ਜਾਣੋ ਉਹਨੇ ਮੁਕਤੀ ਦਾ ਦਰ ਏ ।
ਘੁੱਟ ਜੀਹਨੇ ਪੀ ਲਿਆ, ਖ਼ੁਮਾਰੀ ਉਹਨੂੰ ਚੜ੍ਹੀ ਐਸੀ,
ਸਦਾ ਲਈ ਜਹਾਨ ਉਤੇ ਹੋਇਆ ਉਹ ਅਮਰ ਏ ।
ਜ਼ਰੇ ਜ਼ਰੇ ਵਿਚੋਂ ਦਿਸੇ ਹਰੀ ਦਾ ਈ ਰੂਪ ਉਹਨੂੰ,
ਆਪਣੇ ਹੀ ਆਪ ਵਿਚੋਂ ਮਿਲ ਜਾਂਦਾ ਹਰਿ ਏ ।

ਸਮਝਦੇ ਨੇ ਓਹੋ ਜਿਹੜੇ ਜਪਦੇ ਸਵਾਸਾਂ ਨਾਲ,
ਆਰੇ ਥੱਲੇ ਬਹਿ ਕੇ ਕਿਵੇਂ ਤਨ ਚਿਰਵਾਈਦਾ ।

ਹੱਸ ਹੱਸ ਖੋਪਰੀ ਲੁਹਾਉਣ 'ਚ ਸੁਆਦ ਕਿੰਨਾ,
ਮਸਤੀ ਵਿਚ ਕਿਵੇਂ ਲੋਹਾਂ ਤੱਤੀਆਂ ਤੇ ਗਾਈਦਾ ।
ਜੋਤਿ ਓਸ ਵਾਹਿਗੁਰੂ ਦੀ ਏਹਦੇ 'ਚ ਬਿਰਾਜ ਰਹੀ ਏ,
ਜੀਹਨੂੰ ਸਾਰੇ ਜਪਦੇ, ਜਪਾਉਂਦੇ ਪਏ ਨਿੱਤ ਨੇ ।
'ਸ਼ਿਵ ਜੀ' 'ਬ੍ਰਹਮਾ' ਅਤੇ 'ਵਿਸ਼ਨੂੰ' 'ਮਹੇਸ਼' ਸਾਰੇ,
ਲੱਖਾਂ ਦੇਵੀ ਦੇਵਤੇ ਧਿਆਉਂਦੇ ਪਏ ਨਿੱਤ ਨੇ ।
ਜਪੀ, ਤਪੀ, ਸਤੀ, ਸੰਤੋਖੀ ਅਵਤਾਰ ਬਾਰੇ,
ਮਹਿਮਾਂ ਇਹਦੀ ਸੁਣਦੇ ਸੁਣਾਉਂਦੇ ਪਏ ਨਿੱਤ ਨੇ ।
'ਤਿਆਗੀ' ਤੇ 'ਵੈਰਾਗੀ' ਸਭੇ 'ਗਿਆਨੀ' ਤੇ ਬਿਬੇਕੀ ਸਾਰੇ,
'ਇੰਦਰ' ਤੇ 'ਅਪੱਛਰਾਂ' ਵੀ ਗਾਉਂਦੇ ਪਏ ਨਿੱਤ ਨੇ ।
ਚੰਨ ਕੋਲੋਂ ਸੀਤਲ ਅਨੰਤ ਪ੍ਰਕਾਸ਼ ਇਹਦਾ,
ਤਪਦਿਆਂ ਦਿਲਾਂ ਨੂੰ ਜਾਵੇ, ਪਲਾਂ ਵਿਚ ਠਾਰਦਾ ।
ਕੱਲਰ ਵਾਂਗੂੰ ਉੱਜੜੇ ਹੋਏ, ਦਿਲਾਂ ਵਿਚ ਉੱਗ ਪੈਂਦਾ,
ਬੂਟਾ ਜੇ ਕੋਈ ਲਾਵੇ ਨਾਮ ਬਾਣੀ ਦੇ ਪਿਆਰ ਦਾ ।
ਰਿਦੇ ਵਿਚ ਜਿਸਨੇ ਵਸਾ ਲਿਆ ਏ, ਇਹਦਾ ਨਾਮ,
ਤੀਰਥਾਂ ਦੇ 'ਠਾਹਠਾਂ' ਇਸ਼ਨਾਨਾਂ ਨੂੰ ਉਸ ਲੱਭਿਆ ।
ਸਿੰਮ੍ਰਤੀਆਂ, ਸ਼ਾਸਤਰਾਂ, ਸੂਤਰਾਂ ਤੇ ਮੰਤਰਾਂ ਨੂੰ,
ਵੇਦਾਂ ਦਿਆਂ ਪਾਠਾਂ ਦੇ ਪੁਰਾਣਾਂ ਨੂੰ ਉਸ ਲੱਭਿਆ ।
ਖੰਡਾਂ, ਬ੍ਰਹਿਮੰਡਾਂ, ਯੁਗਾਂ, ਦੀਪਾਂ, ਲੋਆਂ, ਮੰਡਲਾਂ,
ਪ੍ਰਿਥਵੀ, ਪਾਤਾਲਾਂ, ਅਸਮਾਨਾਂ ਨੂੰ ਉਸ ਲੱਭਿਆ ।
ਜ਼ਿੰਦਗੀ ਤੇ ਮੌਤ ਦਿਆਂ ਲੱਖਾਂ ਗੁੱਝੇ ਲੁਕੇ ਹੋਏ,
ਗੁਣਾਂ, ਭੇਤਾਂ, ਰਮਜ਼ਾਂ ਤੇ ਗਿਆਨਾਂ ਨੂੰ ਉਸ ਲੱਭਿਆ ।

ਇਕ ਹੋ ਕੇ ਮਨੋਂ ਜੀਹਨੇ ਧਾਰਿਆ ਏ ਪ੍ਰੇਮ ਨਾਲ,
ਸਮਝ ਲਿਆ ਭਾਵ ਉਹਨੇ ਇਕ ਓਅੰਕਾਰ ਦਾ ।
'ਮੈਂ' ਕੋਲੋਂ 'ਤੂੰ' ਹੋਇਆ, 'ਤੂੰ' ਕੋਲੋਂ 'ਆਪੇ ਆਪ',
'ਆਪੇ ਆਪ' ਬਣ ਗਿਆ ਉਹ ਰੂਪ ਨਿਰੰਕਾਰ ਦਾ ।

## ਭਾਗ ਦੂਜਾ

# ਅੰਮ੍ਰਿਤਸਰ ਸਿਫਤੀ ਦਾ ਘਰ

ਅੰਮ੍ਰਿਤਸਰ ਦੀ ਧਰਤਿ ਸੁਹਾਵੀ,
ਨਗਰੀ ਬੜੀ ਨਿਰਾਲੀ ਏ ।
ਟੁਕੜੀ ਹੈ ਇਹ ਸੱਚਖੰਡ ਦੀ,
ਰੱਬ ਏਸਦਾ ਵਾਲੀ ਏ ।
ਗੁਰੂਆਂ ਦੀ ਫੁਲਵਾੜੀ ਏਥੇ,
ਪੰਥ ਏਸ ਦਾ ਮਾਲੀ ਏ ।
ਏਥੇ ਆ ਕੇ ਕੋਈ ਸਵਾਲੀ,
ਮੁੜ ਕੇ ਗਿਆ ਨਾ ਖਾਲੀ ਏ ।

## ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ

ਅੰਮ੍ਰਿਤਸਰ ਦਾ ਸ਼ਹਿਰ ਹੈ ਪਾਵਨ ਗੁਰ-ਅਸਥਾਨ
ਰਾਮਦਾਸ ਸਤਿਗੁਰੂ ਦੀ, ਜਿਸ ਵਿਚ ਘਾਲ ਮਹਾਨ
ਹਰਿਮੰਦਰ ਸੀ ਰਚਿਆ ਜਿਨ੍ਹਾਂ ਹੱਥੀਂ ਆਪ ।
ਜਿਨ੍ਹਾਂ ਦੇ ਉਪਕਾਰ ਦਾ ਵਧਿਆ ਬਹੁ-ਪਰਤਾਪ ।
ਗੁਰਮੁਖ ਮਹਾਂ ਵਿਅਕਤੀ ਜਿੱਥੇ ਲਾ ਸਤਸੰਗ ।
ਬਾਣੀ ਕੀਰਤਨ ਨਾਲ ਸਨ, ਤਨ ਮਨ ਦਿੰਦੇ ਰੰਗ ।
ਧਰਤੀ ਦਾ ਇਹ ਸਵੱਰਗ ਹੈ, ਜਿਸ ਦੇ ਨਹੀਂ ਕੋਈ ਤੁੱਲ ।
ਨੀਲੇ ਸਰ ਵਿਚ ਕੰਵਲ ਦਾ, ਜਿਵੇਂ ਸੁਨਹਿਰੀ ਫੁੱਲ ।
ਜਿੱਥੇ ਝਾੜੂ ਦਿੱਤਿਆਂ, ਬਦਲ ਜਾਇ ਤਕਦੀਰ ।
ਨੀਚੋਂ ਹੁੰਦੇ ਊਚ ਨੇ, ਕੰਗਲੇ ਬਣਨ ਅਮੀਰ ।
ਚਰਨ ਧੂੜ ਜਿਸ ਥਾਉਂ ਦੀ, ਹੁੰਦੀ ਹੈ ਅਕਸੀਰ*
ਜਿਸਦੇ ਨਿਰਮਲ ਤਾਲ ਦਾ ਅੰਮ੍ਰਿਤ ਵਰਗਾ ਨੀਰ ।
ਜਿੱਥੋਂ ਅੰਮ੍ਰਿਤ ਪੀ ਕੇ ਕਾਗੋਂ ਹੁੰਦੇ ਹੰਸ ।
ਪਾਪੀ ਜਿੱਥੇ ਆਣ ਕੇ ਤਾਰਨ ਆਪਣੀ ਬੰਸ ।
ਚਹੁੰ ਵਰਨਾਂ ਲਈ ਜਿਸਦੇ ਬੂਹੇ ਰੱਖੇ ਚਾਰ ।
ਸਭ ਧਰਮਾਂ ਦੇ ਵਾਸਤੇ ਖੁੱਲ੍ਹਾ ਜੋ ਦਰਬਾਰ ।
ਜਿੱਥੇ ਆਦਿ-ਗ੍ਰੰਥ ਦਾ, ਹੋਇਆ ਸੀ ਪ੍ਰਕਾਸ਼ ।
ਜਿੱਥੇ ਰਾਤੀਂ ਆਉਂਦਾ, ਤਾਰਿਆਂ ਸਣੇ ਅਕਾਸ਼ ।
ਦਰਸ਼ਨ ਕਰਦਿਆਂ ਜਿਸ ਥਾਂ ਚਿੱਤ ਹੁੰਦੇ ਵਿਸਮਾਦ ।
ਮਨ ਵਿਚ ਭਰਦਾ ਜਾਵੰਦਾ ਕੋਈ ਅਕਹਿ ਸੁਆਦ ।

* *ਜਿਸ ਦਵਾਈ ਨਾਲ ਮਰੀਜ ਛੇਤੀ ਰਾਜ਼ੀ ਹੋ ਜਾਂਦਾ ਹੈ।*

ਤਪਦੇ ਹਿਰਦੇ ਆਣ ਕੇ, ਮਾਣਨ ਜਿਥੇ ਠੰਢ ।
ਟੁੱਟੀ ਸੁਰਤ ਨੂੰ ਆਣ ਕੇ, ਪੈਂਦੀ ਜਿੱਥੇ ਗੰਢ ।
ਸਿੱਖ-ਹੰਸ ਨੇ ਜਿਸ ਥਾਂ, ਚੁਗਦੇ, ਮੋਤੀ-ਚੋਗ ।
ਜਿੱਥੇ ਕੱਟੇ ਜਾਵੰਦੇ, ਜਨਮ-ਮਰਨ ਦੇ ਰੋਗ ।
ਲੱਗੀ ਛਹਿਬਰ ਨਾਮ ਦੀ, ਅੰਮ੍ਰਿਤ ਰਿਹਾ ਏ ਵੱਸ ।
ਮਹਿਮਾ ਕਰਦਾ ਜਗਤ ਹੈ, ਗਾਉਣ ਦਿਓਤੇ ਜੱਸ ।
ਜਿਸਦੀ ਉੱਚੀ ਸ਼ਾਨ ਹੈ, ਜਿਸਦਾ ਸੁੱਚਾ ਨਾਮ ।
'ਸਿਫਤੀ ਦਾ ਘਰ' ਮੰਨਿਆ, ਸੋਹਣਾ ਜੋ ਗੁਰ-ਧਾਮ ।
ਮੰਦਰ ਅਜਬ ਸੁਨਹਿਰੀ, ਤੀਰਥ ਹੈ ਉਸ਼ਨਾਕ* ।
ਤਾਹੀਓਂ ਅਰਜਨ ਗੁਰੂ ਨੇ ਉਚੱਰੇ ਸਨ ਇਹ ਵਾਕ ।
"ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥
ਬਧੋਹੁ ਪੁਰਖਿ ਬਿਧਾਤੈ ਤਾ ਤੂੰ ਸੋਹਿਆ ॥
ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ॥
ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ ॥"
(ਫੁਨਹੇ ਮਹਲਾ ੫)

* ਸੁੰਦਰ

## ਅੰਮ੍ਰਿਤਸਰ ਦਾ ਪਹਿਲਾ ਨਾਮ
## ਗੁਰੂ ਕਾ ਚੱਕ

ਤੀਜੇ ਗੁਰੂ ਨੇ 'ਜੇਠੇ' ਨੂੰ ਸੀ ਆਪਣੇ ਕੋਲ ਬਿਠਾਇਆ ।
"ਨਵੀਂ ਹੀ ਗੁਰੂ ਦੀ ਨਗਰੀ ਵੱਸੇ", ਏਦਾਂ ਸੀ ਫੁਰਮਾਇਆ ।

"ਪੁਰਖਾ ! ਨਗਰ ਅਜੇਹਾ ਹੋਵੇ, *ਮਦਰ ਦੇਸ਼ ਦੇ ਅੰਦਰ ।
ਤੀਰਥ ਹੋਵੇ ਸਭ ਤੋਂ ਵੱਡਾ, ਹੋਇ ਨਿਆਰਾ ਮੰਦਰ ।

ਉਸ ਵਰਗਾ ਨਾ ਧਰਤੀ ਉਤੇ, ਹੋਰ ਕੋਈ ਦਰ ਹੋਵੇ ।
ਐਸਾ ਬਣੇ ਹਰੀ ਦਾ ਮੰਦਰ, 'ਸਿਫਤੀ ਦਾ ਘਰ' ਹੋਵੇ ।

ਮਾਝੇ ਦੇ ਵਿਚਕਾਹੇ ਕਰਕੇ, ਹੋਇ ਉਹ ਗੁਰੂ-ਦੁਆਰਾ ।
ਸਿੱਖੀ ਦੇ ਪ੍ਰਚਾਰ ਦਾ ਕੇਂਦਰ, ਬਣ ਜਾਵੇ ਉਹ ਭਾਰਾ ।

ਜਿੱਥੇ ਦੇਵੀ ਦੇਵਤਿਆਂ ਨੇ, ਆ ਕੇ ਯੱਗ ਰਚਾਏ ।
ਜਿੱਥੇ ਆ ਕੇ ਗੁਰ ਨਾਨਕ ਨੇ, ਚਰਣ ਪਵਿਤ੍ਰ ਪਾਏ ।

ਉਹ ਹੈ ਬੜੀ ਸੁਹਾਉਣੀ ਧਰਤੀ, 'ਗਿਲਵਾਲੀ' ਤੋਂ ਅੱਗੇ ।
ਪਿੰਡ 'ਗੁਮਟਾਲਾ', ਨਾਲ ਜਿਸਦੇ, ਪਰਲੇ ਪਾਸੇ ਲੱਗੇ ।

'ਤੁੰਗ' ਅਤੇ 'ਸੁਲਤਾਨ ਵਿੰਡ' ਦੇ ਲਗਦੇ ਨਾਲ ਗਰਾਉਂ ।
ਜਿਸ ਤੋਂ ਪੱਛਮ ਵਾਲੇ ਪਾਸੇ, ਉਹ ਹੈ ਸੋਹਣੀ ਥਾਉਂ ।"

'ਜੇਠਾ' ਜੀ ਨੇ ਹੁਕਮ ਮੰਨ ਕੇ, ਤੁਰਤ ਹੀ ਚਾਲੇ ਪਾਏ ।
ਤਾਂ ਕਿ ਗੁਰੂ ਦੇ ਹੁਕਮ ਮੁਤਾਬਿਕ, ਨਗਰ ਵਸਾਇਆ ਜਾਏ ।

*ਪੰਜਾਬ

ਜੇਠਾ ਜੀ ਨੇ ਨੀਯਤ ਥਾਂ ਦੀ, ਪੂਰੀ ਸੂਹ ਸੀ ਕੱਢੀ ।
ਲੈ ਕੇ ਨਾਉਂ ਨਿਰੰਕਾਰ ਦਾ, ਹੱਥੀਂ ਮੋੜ੍ਹੀ ਗੱਡੀ ।

ਲੋੜ ਅਨੁਸਾਰ 'ਤੁੰਗ' ਪਿੰਡ ਦੀ, ਮੁੱਲ ਜ਼ਮੀਨ ਸੀ ਲੀਤੀ ।
ਇਰਦ ਗਿਰਦ ਦੇ ਪਿੰਡਾਂ ਵਾਲਿਆਂ, ਬੜੀ ਸਹਾਇਤਾ ਕੀਤੀ ।

ਉਥੇ ਫੇਰ ਉਸਾਰੀ ਕਰਕੇ, ਨਗਰ ਸੀ ਨਵਾਂ ਬਣਾਇਆ ।
ਤੀਜੇ ਗੁਰੂ ਦੀ ਆਸ ਮੁਤਾਬਿਕ, 'ਗੁਰੂ ਕਾ ਚੱਕ' ਵਸਾਇਆ ।

# ਅੰਮ੍ਰਿਤ-ਸਰੋਵਰ ਵਿਚ ਹਰਿਮੰਦਰ

ਸੁੰਦਰ ਸਰੋਵਰ ਵਿਚ, ਮੰਦਰ ਸੁਨਹਿਰੀ ਏ,
ਟੁਕੜਾ ਸਵੱਰਗ ਦਾ, ਈਸ਼ਵਰ ਦਾ ਘਰ ਹੈ।
ਮੰਦਰ 'ਚ ਸੰਗਤ ਏ, ਸੰਗਤ 'ਚ ਗ੍ਰੰਥ ਏ,
ਗ੍ਰੰਥ ਵਿਚ ਬਾਣੀ ਏ, ਜੋ ਧੁਰਾਂ ਤੋਂ ਅਮਰ ਹੈ।
ਬਾਣੀ ਵਿਚ ਗੁਰੂ ਹੈ, ਗੁਰੂ ਵਿਚ ਬਾਣੀ ਏ,
ਬਾਣੀ ਵਿਚੋਂ ਮਿਲ ਜਾਂਦਾ ਅੰਮ੍ਰਿਤ ਦਾ ਸਰ ਹੈ।
ਏਸੇ ਸਰ ਵਿਚ ਟੁੱਭੀ ਲਾਈ ਜਿਦ੍ਹੀ ਆਤਮਾ ਨੇ,
ਲੱਭ ਲਿਆ ਜਾਣੋ ਉਹਨੇ ਮੁਕਤੀ ਦਾ ਦਰ ਹੈ।

ਵਿੱਚ ਪਰਕਰਮਾ ਖਲੋ ਕੇ ਜਦੋਂ ਵੇਖੀਏ ਤਾਂ,
ਔਂਦਾ ਏ ਨਜ਼ਾਰਾ ਸੱਚ-ਖੰਡ ਦਾ, ਕਮਾਲ ਏ।
ਸੁੰਦਰ, ਚੌਨੁਕਰਾ ਤਲਾਬ ਪਿਆ ਸ਼ੋਭਦਾ ਏ,
ਭਰਿਆ ਜੋ ਨਿਰਮਲ, ਸ਼ਾਂਤ-ਜਲ ਨਾਲ ਏ।
ਗੁਰਬਾਣੀ ਕੀਰਤਨ ਸੁਣ ਕੇ ਹਰਿਮੰਦਰੋਂ,
ਤਾਲ ਦੀਆਂ ਲਹਿਰਾਂ ਵਿਚ ਔਂਦਾ ਸੁਰ ਤਾਲ ਏ।
ਪਾਣੀ ਵਿਚ ਬਾਣੀ ਮਿਲ ਬਣ ਜਾਂਦਾ ਅੰਮ੍ਰਿਤ,
ਅੰਮ੍ਰਿਤ ਹੈ ਜਿਥੇ, ਓਥੇ ਵੱਸਦਾ ਅਕਾਲ ਏ।

ਕਰਕੇ ਇਸ਼ਨਾਨ ਜਦੋਂ ਬਹੀਏ ਦਰਬਾਰ ਸਾਹਿਬ,
ਸੁਣਕੇ ਤੇ ਕੀਰਤਨ, ਚੜ੍ਹਦਾ ਖ਼ੁਮਾਰ ਏ।
ਰਿਮ ਝਿਮ-ਰਿਮ ਝਿਮ ਅੰਮ੍ਰਿਤ ਪਿਆ ਵਸਦੈ,
ਤਾਰ ਨਾਲ ਜੁੜ ਜਾਂਦੀ ਤਾਰ ਇਕ ਵਾਰ ਏ।
ਤਦੇ ਜੁੜੀ ਸੁਰਤੀ 'ਚ ਠੰਢ ਏ, ਨਿੱਘ ਏ।
ਖਿੱਚ ਏ, ਪ੍ਰੇਮ ਏ, ਸੁਆਦ ਏ, ਹੁਲਾਰ ਏ।
ਰਸ ਏ, ਰੰਗ ਏ, ਖੇੜਾ ਏ, ਅਨੰਦ ਏ।
ਏਕਤਾ ਹੀ ਏਕਤਾ, ਪਿਆਰ ਹੀ ਪਿਆਰ ਏ।

ਅੰਮ੍ਰਿਤਸਰ, ਘਰ ਸਿਫਤੀ ਦਾ, ਸੱਚ ਏ,
ਸ਼ਕਤੀਆਂ ਦੇ ਏਥੇ ਭੰਡਾਰੇ ਭਰਪੂਰ ਨੇ ।
ਹਰਿ ਕੀ ਹੈ ਪਉੜੀ ਏਥੇ, ਬੇਰੀ ਦੁੱਖ ਭੰਜਣੀ,
ਤੀਰਥ ਅਠਾਹਠ ਏਥੇ ਹਾਜ਼ਰਾ ਹਜ਼ੂਰ ਨੇ।
ਕਾਂ ਏਥੇ ਹੰਸ ਹੋਣ, ਪਿੰਗਲੇ ਨਰੋਏ ਹੋਣ,
ਦੁੱਖ ਰੋਗ ਮਿਟਦੇ, ਕਲੇਸ਼ ਹੁੰਦੇ ਦੂਰ ਨੇ।
ਦੁੱਧ ਮੰਗੋ, ਪੁੱਤ ਮੰਗੋ, ਵਰ ਮੰਗੋ, ਦਾਨ ਮੰਗੋ,
ਬਰਕਤਾਂ ਤੇ ਦਾਤਾਂ ਏਥੇ ਮਿਲਦੀਆਂ ਜ਼ਰੂਰ ਨੇ।

ਸਿੱਖੀ ਦਾ ਇਹ ਸਾਂਝਾ ਇਕ ਕੇਂਦਰ ਬਣਾਉਣ ਲਈ,
ਤਨੋਂ ਮਨੋਂ ਸੇਵਾ ਸੀ ਨਿਭਾਈ ਗੁਰੂ ਰਾਮਦਾਸ ।
ਪਹਿਲਾਂ ਹਰਿਮੰਦਰ ਉਸਾਰਨੇ ਦੀ ਸੇਵਾ ਲਈ,
ਸੰਗਤਾਂ ਨੂੰ ਲਗਨ ਸੀ ਲਗਾਈ ਗੁਰੂ ਰਾਮਦਾਸ ।
ਫੇਰ ਇਹ ਸਰੋਵਰ ਸੰਸਾਰ ਲਈ ਰਚ ਕੇ ਤੇ,
ਠੰਢ, ਸ਼ਾਂਤੀ, ਖੁਸ਼ੀ, ਵਰਤਾਈ ਗੁਰੂ ਰਾਮਦਾਸ ।
ਸ਼ਿਵ ਜੀ ਨੇ ਸਿਰੋਂ ਸੀ ਵਗਾਈ ਗੰਗਾ, ਪਰ ਏਥੇ,
ਅੰਮ੍ਰਿਤ ਦੀ ਗੰਗਾ ਹੈ ਵਗਾਈ ਗੁਰੂ ਰਾਮਦਾਸ ।

## ਜਦੋਂ ਪੁਜਾਰੀਆਂ ਨੇ ਹਰਿਮੰਦਰ ਦੇ ਬੂਹੇ ਬੰਦ ਕਰ ਲਏ

ਅੰਮ੍ਰਿਤਸਰ ਦੀ ਨਗਰੀ ਨੇੜੇ, ਨੌਵੇਂ ਗੁਰੂ ਜਾਂ ਆਏ ।
ਗੁਰ-ਦਰਬਾਰ ਦੇ ਕੁੱਲ ਪੁਜਾਰੀ, ਸੁਣ ਕੇ ਅੱਤ ਘਬਰਾਏ ।

ਸੋਚਣ ਲੱਗੇ, "ਤੇਗ ਬਹਾਦਰ, ਜੋ ਲੰਘ ਆਏ ਅੰਦਰ ।
ਸਾਨੂੰ ਕੱਢ ਕੇ ਸਾਂਭ ਲੈਣਗੇ, ਇਹ ਸਾਡਾ ਹਰਿਮੰਦਰ ।

ਤੀਹ ਵਰ੍ਹਿਆਂ ਤੋਂ ਏਥੇ ਬੈਠੇ, ਅਸੀਂ ਚੜ੍ਹਾਵਾ ਖਾਈਏ ।
ਖਾਣ ਪੀਣ ਬਿਨ ਕਿਸੇ ਕੰਮ ਨੂੰ ਅਸੀਂ ਹੱਥ ਨਾ ਲਾਈਏ ।

ਜੇ ਉਹਨਾਂ ਅਕਾਲ ਤਖ਼ਤ ਤੇ ਆ ਕੇ ਕਬਜ਼ਾ ਕੀਤਾ ।
ਕੀ ਕਰਾਂਗੇ ? ਜੇ ਹਰਿਮੰਦਰ, ਮੱਲ ਉਨ੍ਹਾਂ ਨੇ ਲੀਤਾ ।"

ਡਰਦੇ ਮਾਰੇ ਸਭਨਾਂ ਨੂੰ ਸੀ, ਇਕਦਮ ਪਿਸੂ ਪੈ ਗਏ ।
ਨੌਵੇਂ ਗੁਰੂ ਦਾ ਨਾਮ ਸੁਣਦਿਆਂ, ਕੁੱਲ ਹੌਸਲੇ ਢਹਿ ਗਏ ।

ਮੋਢੀ "ਹਰਿ ਜੀ" ਮੀਣਾ ਸੀ ਜੋ, ਬੈਠਾ ਮਾਲਕ ਬਣ ਕੇ ।
ਹਰਿਮੰਦਰ ਤੇ ਕਬਜ਼ਾ ਕਰਕੇ, ਰਹਿੰਦਾ ਸੀ ਬਣ ਠਣ ਕੇ ।

"ਪ੍ਰਿਥੀ ਚੰਦ" ਦਾ ਪੋਤਾ ਸੀ ਉਹ, "ਮਿਹਰਬਾਨ" ਦਾ ਬੇਟਾ ।
"ਹਰਿਮੰਦਰ" ਤੇ ਅਕਾਲ ਤਖ਼ਤ ਦੀ ਲੈਂਦਾ ਸੀ ਜੋ ਭੇਟਾ ।

ਡਰਦਾ ਸੀ ਕਿ ਨੌਵਾਂ ਸਤਿਗੁਰ, ਪੈਰ ਜਮਾ ਕੇ ਪੱਕੇ ।
ਕਿਧਰੇ ਸਾਨੂੰ ਕੱਢ ਨਾ ਦੇਵੇ, ਮਾਰ ਮਾਰ ਕੇ ਧੱਕੇ ।

ਜਿਵੇਂ ਬਕਾਲੇ ਵਿਚੋਂ ਸਿੱਖਾਂ "ਧੀਰ ਮਲ ਨੂੰ ਕੱਢਿਆ ।
ਉਹਦੇ ਕੁੱਲ ਮਸੰਦਾਂ ਦਾ ਵੀ ਕੱਖ ਨਹੀਂ ਸੀ ਛੱਡਿਆ ।"

ਆਖਰ ਉਹਨਾਂ ਮਤਾ ਪਕਾਇਆ, ਅੰਦਰ ਔਣ ਨ ਦਈਏ ।
ਕਿਉਂ ਨਾ ਦਰਸ਼ਨੀ ਡਿਓਡੀ ਦੇ ਹੀ, ਬੂਹੇ ਬੰਦ ਕਰ ਲਈਏ ।

ਇਹ ਸੋਚ ਦਰਬਾਰ ਦੇ ਉਹਨਾਂ, ਬੰਦ ਕੀਤੇ ਦਰਵਾਜ਼ੇ ।
ਸ਼ਾਂਤ ਸੁਭਾਅ ਦੇ ਸਤਿਗੁਰੂ ਨੌਵੇਂ ਬਾਹਰ ਆਣ ਬਿਰਾਜੇ ।

ਸ੍ਰੀ "ਅਕਾਲ ਤਖ਼ਤ" ਦੇ ਨੇੜੇ ਇਕ ਬੇਰੀ ਦੇ ਥੱਲੇ ।
ਬੈਠ ਥੜ੍ਹੇ ਤੇ, ਕੀਤਾ ਆਪਣਾ ਮੁਖ ਹਰਿਮੰਦਰ ਵੱਲੇ ।

ਇੰਞ ਕਰਕੇ ਦੀਦਾਰ ਉਨ੍ਹਾਂ ਨੇ, ਫੇਰ ਦੀਵਾਨ ਲਗਾਇਆ ।
ਦਰਸ਼ਨ ਦੇ ਕੇ ਸੰਗਤ ਤਾਈਂ, ਜੱਸ ਪ੍ਰਭੂ ਦਾ ਗਾਇਆ ।

ਹਰਿਮੰਦਰ ਦੇ ਦਰਸ਼ਨ ਦੀ ਸੀ, ਹੋਈ ਇੰਞ ਮਨਾਹੀ ।
ਅੰਮ੍ਰਿਤਸਰੀਆਂ ਵੱਲੋਂ ਵੀ ਨਾ ਕਿਸੇ ਆਵਾਜ਼ ਉਠਾਈ ।

ਇਸ ਅਪਮਾਨ ਦੇ ਦੋਸ਼ੀ ਨਹੀਂ ਸਨ, ਸਿਰਫ ਮਸੰਦ ਪੁਜਾਰੀ ।
ਸਗੋਂ ਏਸ ਦੀ ਜ਼ਿਮੇਂਵਾਰ ਸੀ, ਸ਼ਹਿਰ ਦੀ ਸੰਗਤ ਸਾਰੀ ।

ਰਾਮਦਾਸ-ਗੁਰ-ਨਗਰੀ ਅੰਦਰ, ਨਹੀਂ ਸਨ ਘੱਟ ਦਿਆਲੂ ।
ਨੌਵੇਂ ਗੁਰੂ ਦੇ ਓਥੇ ਵੀ ਸਨ, ਲੱਖਾਂ ਹੀ ਸ਼ਰਧਾਲੂ ।

ਪਰ ਡਰਦੇ ਸਨ ਮੀਣੇ ਕੋਲੋਂ ਸਾਰੇ ਲੋਕ ਵਪਾਰੀ ।
ਦੂਰ ਰਹੇ ਉਹ ਸਤਿਗੁਰ ਪਾਸੋਂ, ਪੈ ਕੇ ਵਿੱਚ ਲਾਚਾਰੀ ।

ਏਨੇ ਚਿਰ ਨੂੰ "ਵੱਲੇ" ਪਿੰਡ ਦੀ, ਆ ਗਈ "ਹਰੀਆ" ਮਾਈ ।
ਹੱਥ ਜੋੜ ਗਲ ਪੱਲਾ ਪਾ ਕੇ, ਉਸ ਨੇ ਅਰਜ਼ ਸੁਣਾਈ ।

"ਕਿਰਪਾ ਕਰਕੇ ਸਣੇ ਸੰਗਤਾਂ, ਸਾਡੇ ਪਿੰਡ ਵੀ ਆਵੋ ।
ਮੈਂ ਗਰੀਬੜੀ, ਘਰ ਮੇਰੇ ਵੀ, ਆ ਕੇ ਭਾਗ ਲਗਾਵੋ ।"

ਸਣੇ ਸੰਗਤਾਂ "ਵੱਲੇ" ਪਿੰਡ ਨੂੰ ਟੁਰ ਪਏ ਤੇਗ ਬਹਾਦਰ ।
ਅੱਗੋਂ ਪਿੰਡ ਵਾਲਿਆਂ ਕੀਤਾ ਸਭ ਦਾ ਚੰਗਾ ਆਦਰ ।

ਇਹ ਗਲ ਸੁਣ ਕੇ ਅੰਮ੍ਰਿਤਸਰ ਤੋਂ ਬਹੁਤ ਸਾਰੀਆਂ ਮਾਈਆਂ ।
ਭੇਟਾ ਲੈ ਕੇ, ਮਾਫੀ ਮੰਗਣ, ਗੁਰ ਦਰਸ਼ਨ ਨੂੰ ਆਈਆਂ ।

"ਬਖਸ਼ੋ ਦਾਤਾ ਅਸੀਂ ਦੁਖੀ ਹਾਂ, ਏਸ ਨਿਰਾਦਰ ਦੁੱਖੋਂ ।"
ਵੇਖ ਨਿੰਮ੍ਰਤਾ ਸਹਿਜ-ਸੁਭਾਅ ਹੀ ਸਤਿਗੁਰ ਬੋਲੇ ਮੁੱਖੋਂ ।

"ਅੰਮ੍ਰਿਤਸਰੀਏ ਅੰਦਰ-ਸੜੀਏ, ਮਾਈਆਂ ਰੱਬ-ਰਜ਼ਾਈਆਂ ।
ਨਾਮ ਦਾਨ ਤੇ ਸ਼ਰਧਾ ਸੇਵਾ, ਮਿਲੇਗੀ ਇਹਨਾਂ ਮਾਈਆਂ ।"

ਗਿਆਨੀ ਸਰੂਪ ਸਿੰਘ ਕੜਿਆਣਾ
98150-03075
ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)

## ਦੀਦਾਰ ਸ੍ਰੀ ਹਰਿਮੰਦਰ ਦਾ

**ਅੰਮ੍ਰਿਤਸਰ ਦੇ ਤੀਰਥ ਵਰਗਾ, ਨਾ ਸੁਣਿਆ ਨਾ ਤੱਕਿਆ ਏ।**

ਦੀਦਾਰ ਸ੍ਰੀ ਹਰਿਮੰਦਰ ਦਾ, ਪਾਪਾਂ ਨੂੰ ਚਕਨਾਚੂਰ ਕਰੇ।
ਰੂਹ ਅੰਦਰ ਸ਼ਾਂਤੀ ਭਰ ਦੇਵੇ, ਮਨ ਖੁਸ਼ੀ ਨਾਲ ਭਰਪੂਰ ਕਰੇ।
ਤਨ ਤਪਦੇ ਸੀਤਲ ਕਰ ਦੇਵੇ, ਮਨ ਕਾਲੇ ਨੂਰੋ ਨੂਰ ਕਰੇ।
ਕੱਟ ਦੇਵੇ ਗੇੜ ਚੁਰਾਸੀ ਦੇ, ਦੁੱਖ ਜਨਮ-ਮਰਨ ਦੇ ਦੂਰ ਕਰੇ।
ਸਭਨਾਂ ਦੇ ਸਾਂਝੇ ਮੰਦਰ ਨੇ, ਹਰ ਇਕ ਦਾ ਪਰਦਾ ਢੱਕਿਆ ਏ।
ਅੰਮ੍ਰਿਤਸਰ ਦੇ ਤੀਰਥ ਵਰਗਾ, ਨਾ ਸੁਣਿਆ, ਨਾ ਤੱਕਿਆ ਏ।

ਇਸ ਦਰ ਦੀ ਤਾਂ ਚਰਨ-ਧੂੜ, ਸੈ ਰੋਗਾਂ ਲਈ ਅਕਸੀਰ ਬਣੇ।
ਜੇ ਕੋਹੜੀ ਮੱਥਾ ਟੇਕੇ ਆ, ਉਦ੍ਹਾ ਕੰਚਨ ਵਾਂਗ ਸਰੀਰ ਬਣੇ।
ਜੇ ਰੰਕ ਆਏ ਤਾਂ ਰਾਉ ਬਣੇ, ਜੇ ਕੰਗਲਾ ਆਏ ਅਮੀਰ ਬਣੇ।
ਜੇ ਏਥੇ ਆਏ ਭਾਗ-ਹੀਣ, ਤਾਂ ਉਹਦੀ ਮੁੜ ਤਕਦੀਰ ਬਣੇ।
ਕਿਸੇ ਗੈਰ ਧਰਮ ਦੇ ਬੰਦੇ ਨੂੰ, ਇਸ ਦਰ ਤੋਂ ਕਿਸੇ ਨਾ ਡੱਕਿਆ ਏ।
ਅੰਮ੍ਰਿਤਸਰ ਜਿਹਾ ਪਾਵਨ ਤੀਰਥ, ਨਾ ਸੁਣਿਆ, ਨਾ ਤੱਕਿਆ ਏ।

ਕੀ ਸਿਫਤ ਕਰਾਂ ਹਰਿਮੰਦਰ ਦੀ, ਦਿਨ ਵਰਗੀ ਇਥੇ ਰਾਤ ਪਵੇ।
ਨ੍ਹਾਵੇ ਚੰਨ ਸਰੋਵਰ ਵਿਚ ਤੇ ਹਰ ਤਾਰੇ ਦੀ ਝਾਤ ਪਵੇ।
ਹਰ ਇਕ ਖਾਲੀ ਝੋਲੀ ਵਿਚ, ਹਰ ਖੁਲ੍ਹੀ ਰੱਬੀ ਦਾਤ ਪਵੇ।
ਅੰਮ੍ਰਿਤ ਵੇਲੇ ਸੁਣ ਕੇ ਬਾਣੀ, ਸੱਵਰਗ ਦੀ ਬਾਜ਼ੀ ਮਾਤ ਪਵੇ।
ਕਲਾਕਾਰ ਜੋ ਆਇਆ ਏਥੇ, ਜੱਸ ਕਰਦਾ ਨਾ ਥੱਕਿਆ ਏ।
ਅੰਮ੍ਰਿਤਸਰ ਜਿਹਾ ਮੰਦਰ ਸੋਹਣਾ, ਕਿਤੇ ਨਾ ਸੁਣਿਆ ਤੱਕਿਆ ਏ।

ਦਿਨੇ ਰਾਤ ਪਿਆ ਕੀਰਤਨ ਹੋਵੇ, ਰਹਿੰਦੇ ਜੁੜੇ ਸਰੋਤੇ ਇਸ ਥਾਂ।
ਗੁਰਬਾਣੀ ਦੇ ਆਸ਼ਕ ਵੇਖੇ, ਸ਼ਰਧਾ ਵਿਚ ਪਰੋਤੇ ਇਸ ਥਾਂ।

ਹੱਥ ਬੰਨ੍ਹ ਕੇ ਗੁਰਮੁਖ ਸੇਵਕ, ਹੁਕਮ ਦੇ ਵਿਚ ਖਲੋਤੇ ਇਸ ਥਾਂ।
ਜਨਮ ਜਨਮ ਦੇ ਪਾਪ ਉਨ੍ਹਾਂ ਦੇ ਨਾਮ ਦੇ ਜਲ ਨੇ ਧੋਤੇ ਇਸ ਥਾਂ।
ਸੇਵਾ ਕਰਦਾ ਹਰ ਕੋਈ ਏਥੇ, ਉੱਕਾ ਕਦੇ ਨਾ ਅੱਕਿਆ ਏ।
ਅੰਮ੍ਰਿਤਸਰ ਜਿਹਾ ਤੀਰਥ ਮੈਂ ਤਾਂ, ਨਾ ਸੁਣਿਆ ਨਾ ਤੱਕਿਆ ਏ।

'ਅੱਠ-ਸੱਠ ਤੀਰਥ', ਹਰ ਕੀ ਪਉੜੀ, ਵਾਹ ਬਲਿਹਾਰ ਮੈਂ ਨਾਵਾਂ ਤੋਂ।
'ਦੁੱਖ ਭੰਜਨੀਂ' ਬੇਰੀ, ਜੇਹੀਆਂ, ਮਾਵਾਂ ਵਰਗੀਆਂ ਛਾਵਾਂ ਤੋਂ।
ਅੰਮ੍ਰਿਤ ਵਿਚ ਨਹਾ ਕੇ ਏਥੇ, ਹੰਸ ਬਣੇ ਕਈ ਕਾਵਾਂ ਤੋਂ।
ਸਾਖਿਆਤ ਨੇ ਕੁਲਾਂ ਤਰਦੀਆਂ, ਇਨ੍ਹਾਂ ਪਵਿੱਤਰ ਥਾਵਾਂ ਤੋਂ।
ਇਸ ਅਸਥਾਨ ਦਾ ਜ਼ੱਰਾ ਜ਼ੱਰਾ, ਸੇਵਾ ਅੰਦਰ ਪੱਕਿਆ ਏ।
ਤੱਕੇ ਨੇ ਅਸਥਾਨ ਕਈ, ਪਰ ਐਸਾ ਕਿਤੇ ਨਾ ਤੱਕਿਆ ਏ।

ਕੁੱਲ ਜਗਤ ਦੇ ਤੀਰਥ ਫਿਰ ਲੌ, ਐਸਾ ਹੋਰ ਨਾ ਲੱਭਦਾ ਏ।
ਦਿੰਦੇ ਮਾਣ ਨਿਮਾਣੇ ਨੂੰ, ਤੇ ਓਟ ਆਸਰਾ ਸੱਭ ਦਾ ਏ।
ਸਰ ਵਿਚ ਜੀਕਣ ਫੁੱਲ ਸੁਨਹਿਰੀ, ਐਸਾ ਮੰਦਰ ਫੱਬਦਾ ਏ।
ਕੇਂਦਰ ਹੈ ਇਹ ਸਿੱਖੀ ਦਾ, ਤੇ ਸੱਚਾ ਘਰ ਇਹ ਰੱਬ ਦਾ ਏ।
ਉਸ ਲਈ ਵੀ ਇਹ ਦਰ ਖੁਲ੍ਹਾ, ਜੋ ਕੁੱਲ ਜਹਾਨੋਂ ਧੱਕਿਆ ਏ।
ਅੰਮ੍ਰਿਤਸਰ ਜਿਹਾ ਤੀਰਥ ਲੋਕੋ, ਕਿਤੇ ਨਾ ਸੁਣਿਆ ਤੱਕਿਆ ਏ।

ਦੋ ਬੈਕੁੰਠ ਰਚੇ ਸਨ ਰੱਬ ਨੇ, ਦੂਹਾਂ 'ਚ ਹੋ ਪ੍ਰਕਾਸ਼ ਗਿਆ।
ਪਹਿਲੇ ਵਿਚ ਦਿਓਤੇ ਵੱਸੇ, ਮਾਨੁੱਖ ਕੁੱਲ ਨਿਰਾਸ਼ ਗਿਆ।
ਦੂਜੇ ਵਿਚ ਆ ਬੰਦੇ ਵੱਸੇ, ਪਾਪਾਂ ਦਾ ਹੋ ਨਾਸ਼ ਗਿਆ।
ਤੁਲ ਕੇ ਭਾਰਾ ਰਹਿ ਗਿਆ ਏਥੇ, ਹੌਲਾ ਉਡ ਅਕਾਸ਼ ਗਿਆ।
ਐਸਾ ਸਵੱਰਗ ਅਨੋਖਾ ਜੱਗ ਤੇ, ਮੁੜ ਕੇ ਬਣ ਨਾ ਸਕਿਆ ਏ।
ਮੁੱਕਦੀ ਗੱਲ ਕਿ ਐਸਾ ਤੀਰਥ, ਨਾ ਸੁਣਿਆ ਨਾ ਤੱਕਿਆ ਏ।

## ਸੋਢੀ ਪਾਤਸ਼ਾਹ ਤੇਰੇ ਦਰਬਾਰ ਅੰਦਰ

ਸੋਢੀ ਪਾਤਸ਼ਾਹ ਤੇਰੇ ਦੁਆਰ ਅੰਦਰ,
ਰੰਗੇ ਜਾਂਦੇ ਨੇ ਦਿਲ ਪਿਆਰ ਅੰਦਰ ।
ਦਰਸ਼ਨ ਕੀਤਿਆਂ ਦਿਲਾਂ ਦੀ ਭੁੱਖ ਲਹਿੰਦੀ
ਚਿੱਤ ਜੁੜਦੇ ਨੇ ਪ੍ਰੇਮ ਦੀ ਤਾਰ ਅੰਦਰ ।
ਤੇਰੇ ਮੰਦਰ ਵਿਚ ਹੁੰਦਾ ਅਖੰਡ ਕੀਰਤਨ,
ਬੈਠੇ ਸੁਣਦੇ ਨੇ ਰਸੀਏ ਖ਼ੁਮਾਰ ਅੰਦਰ ।
ਸੰਗਤ ਖਿੜੇ ਹੋਏ ਫੁੱਲਾਂ ਦੇ ਵਾਂਗ ਦਿਸੇ,
ਤੇਰੇ ਬਾਗ ਦੀ ਸਦਾ-ਬਹਾਰ ਅੰਦਰ ।
ਕੁੱਲ ਸ਼ਕਤੀਆਂ ਬਰਕਤਾਂ ਘਰ ਤੇਰੇ,
ਦਾਤਾਂ ਬਿਅੰਤ ਨੇ ਤੇਰੇ ਭੰਡਾਰ ਅੰਦਰ ।
ਰਾਜੇ ਕੰਗਲੇ ਆਣ ਕੇ ਮੰਗਦੇ ਨੇ,
ਸੋਢੀ ਪਾਤਸ਼ਾਹ ਤੇਰੇ ਦਰਬਾਰ ਅੰਦਰ ।
ਤੇਰੇ ਸੱਚੇ ਦਰਬਾਰ ਵਿਚ ਆਣ ਕੇ ਤੇ,
ਜਿਨ੍ਹੇ ਕੀਤੀਆਂ ਦਿਲੋਂ ਪਰਦੱਖਣਾ ਏਂ ।
ਉਹਦੀ ਝੋਲੀ ਮੁਰਾਦਾਂ ਦੇ ਨਾਲ ਭਰ ਗਈ,
ਮੁੜ ਕੇ ਗਿਆ ਨਾ ਕਦੇ ਉਹ ਸੱਖਣਾ ਏਂ।
ਉਹਦੇ ਚੱਕਰ ਚੁਰਾਸੀ ਦੇ ਗਏ ਕੱਟੇ,
ਹੋਇਆ ਜੱਗ ਵਿਚ ਉਹੋ ਸੁਲੱਖਣਾ ਏਂ।
ਆਓ ਅਸੀਂ ਵੀ ਆਪਾ ਸਵਾਰ ਲਈਏ,
ਜੇਕਰ ਜ਼ਿੰਦਗੀ ਦਾ ਮਜ਼ਾ ਚੱਖਣਾ ਏਂ ।

ਮੂੰਹੋਂ ਮੰਗੀਆਂ ਬਖ਼ਸ਼ਸ਼ਾਂ ਲੈ ਜਾਂਦੇ,
ਸ਼ਰਧਾ ਨਾਲ ਜੋ ਔਂਦੇ ਸਤਿਕਾਰ ਅੰਦਰ।
ਤੱਦੇ ਰੌਣਕਾਂ ਲੱਗੀਆਂ ਰਹਿੰਦੀਆਂ ਨੇ,
ਸੋਢੀ ਪਾਤਸ਼ਾਹ ਤੇਰੇ ਦਰਬਾਰ ਅੰਦਰ।

ਜਦੋਂ ਉੱਤਰੀਏ ਵਿਚ ਪਰਕਰਮਾਂ ਦੇ,
ਦਿਸਦਾ ਤੇਰਾ ਦੁਆਰਾ ਕਮਾਲ ਦਾ ਏ।
ਡੂੰਘੇ ਸ਼ਾਂਤ ਸਰੋਵਰ ਦੇ ਵਿਚ ਭਰਿਆ,
ਜਲ-ਅੰਮ੍ਰਿਤ ਨਿਆਰਾ ਕਮਾਲ ਦਾ ਏ।
ਨੀਲੇ ਤਾਲ ਵਿਚਕਾਰ ਸਵੱਰਨ-ਮੰਦਰ
ਇਓਂ ਦਿੰਦਾ ਨਜ਼ਾਰਾ ਕਮਾਲ ਦਾ ਏ।
ਜਿਵੇਂ ਜਲ ਤੇ ਕੰਵਲ ਦਾ ਫੁੱਲ ਤਰਦਾ,
ਲੱਗਦਾ ਬੜਾ ਪਿਆਰਾ ਕਮਾਲ ਦਾ ਏ।

ਸੰਗ-ਮਰਮਰ ਦੀ ਇਕ ਇਕ ਸਿਲ ਜਾਪੇ,
ਜਿਓਂ ਸਿੰਘਾਸਣ ਕਤਾਰ ਕਤਾਰ ਅੰਦਰ।
ਉਤੇ ਬੈਠ ਕੇ ਦੇਵਤੇ ਜਾਪ ਕਰਦੇ,
ਸੋਢੀ ਪਾਤਸ਼ਾਹ ਤੇਰੇ ਦਰਬਾਰ ਅੰਦਰ।

ਮੀਆਂ ਮੀਰ ਤੋਂ ਉੱਚਤਾ ਵਾਸਤੇ ਹੀ,
ਗਈ ਰਖਵਾਈ ਸੀ ਸਾਂਝੀ ਬੁਨਿਆਦ ਏਥੇ।
ਅੱਠੋ ਪਹਿਰ ਕੀਰਤਨ, ਭੋਜਨ ਆਤਮਾਂ ਦਾ,
ਸੁਣਦੀ ਸਾਧ ਸੰਗਤ, ਅਨਹਦ ਨਾਦ ਏਥੇ।
ਬਹਿ ਕੇ ਵਿਚ ਪੰਗਤ, ਲੰਗਰ ਜਦੋਂ ਛਕੀਏ,
ਹਰ ਪਦਾਰਥ ਦਾ ਔਂਦਾ ਸੁਆਦ ਏਥੇ।

ਜਿੰਨੀ ਵਾਰ ਵੀ ਜਾਈਏ ਦਰਬਾਰ ਸਾਹਿਬ,
ਓਨੀ ਵਾਰ ਹੀ ਮਿਲਦਾ ਪ੍ਰਸ਼ਾਦ ਏਥੇ ।
ਸਿੱਖ ਕੌਮ ਜਿਉਂ ਵੱਖਰੀ ਜੱਗ ਅੰਦਰ,
ਤਿਵੇਂ ਮੰਦਰ ਅਨੋਖਾ ਸੰਸਾਰ ਅੰਦਰ ।
ਦਰਸ਼ਨ ਲਈ ਵਿਦੇਸ਼ਾਂ ਤੋਂ ਲੋਕ ਆਉਂਦੇ,
ਸੋਢੀ ਪਾਤਸ਼ਾਹ ਤੇਰੇ ਦਰਬਾਰ ਅੰਦਰ ।
ਤੇਰਾ ਧਾਮ ਪਵਿੱਤਰ ਬੈਕੁੰਠ ਵਰਗਾ,
ਇਦ੍ਹੀ ਸਿਫ਼ਤ ਕਰ ਸਕਦਾ ਬਿਆਨ ਕੋਈ ਨਹੀਂ ।
ਚਹੁੰ ਵਰਨਾਂ ਲਈ ਚਹੁੰ ਦਾਰਵਾਜ਼ਿਆਂ ਦਾ,
ਮੰਦਰ ਦੂਸਰਾ ਇਦ੍ਹੇ ਸਮਾਨ ਕੋਈ ਨਹੀਂ ।
ਸਾਰੇ ਸ਼ਹਿਰ ਤੋਂ ਨੀਵਾਂ ਅਸਥਾਨ ਤੇਰਾ,
ਕਿਤੇ ਇਹੋ ਜਿਹਾ ਤੀਰਥ ਮਹਾਨ ਕੋਈ ਨਹੀਂ ।
ਮੁੱਕਦੀ ਗੱਲ ਕਿ ਫਰਸ਼ ਤੋਂ ਅਰਸ਼ ਤੀਕਰ,
ਐਸਾ ਕਿਤੇ ਵੀ ਹੋਰ ਅਸਥਾਨ ਕੋਈ ਨਹੀਂ ।
ਹਿੰਦੂ ਮੱਕੇ ਵਿਚ ਕਦੇ ਨਹੀਂ ਜਾ ਸਕਦੇ,
ਮੋਮਨ ਜਾਂਦੇ ਨਹੀਂ ਹਰਿਦੁਆਰ ਅੰਦਰ ।
ਐਪਰ ਦੋਹਾਂ ਨੂੰ ਰੋਕ ਨਹੀਂ ਕਦੇ 'ਕੋਮਲ'
ਸੋਢੀ ਪਾਤਸ਼ਾਹ ਤੇਰੇ ਦਰਬਾਰ ਅੰਦਰ ।

# ਅੰਮ੍ਰਿਤਸਰ ਦੀ ਇਤਿਹਾਸਕ ਮਹੱਤਤਾ

ਅੰਮ੍ਰਿਤਸਰ ਦੀ ਧਰਤਿ ਸੁਹਾਵੀ, ਨਗਰੀ ਬੜੀ ਨਿਰਾਲੀ ਏ ।
ਟੁਕੜੀ ਹੈ ਇਹ ਸੱਚਖੰਡ ਦੀ, ਰੱਬ ਏਸ ਦਾ ਵਾਲੀ ਏ ।
ਗੁਰੂਆਂ ਦੀ ਫੁਲਵਾੜੀ ਏਥੇ, ਪੰਥ ਏਸ ਦਾ ਮਾਲੀ ਏ ।
ਏਥੇ ਆ ਕੇ ਕੋਈ ਸਵਾਲੀ, ਮੁੜ ਕੇ ਗਿਆ ਨਾ ਖਾਲੀ ਏ ।
ਕਹਿੰਦੇ ਨੇ ਇਸ ਧਰਤੀ ਉਤੇ ਦਿਓਤਿਆਂ ਯੱਗ ਰਚਾਏ ਸਨ।
ਇਸ ਧਰਤੀ ਤੇ ਚਰਨ ਪਵਿੱਤਰ, ਗੁਰ ਨਾਨਕ ਨੇ ਪਾਏ ਸਨ।
ਇਸ ਧਰਤੀ ਨੂੰ ਜਾਇ ਵਸਾਇਆ, ਤੀਜੇ ਗੁਰ ਫੁਰਮਾਇਆ ਸੀ ।
ਚੌਥੇ ਗੁਰੂ ਨੇ ਹੁਕਮ ਮੰਨ ਕੇ, 'ਗੁਰੂ ਕਾ ਚੱਕ' ਵਸਾਇਆ ਸੀ ।
ਪਿੰਡਾਂ ਵਾਲਿਆਂ ਆ ਕੇ ਏਥੇ, ਕਾਰੋਬਾਰ ਚਲਾਇਆ ਸੀ ।
'ਰਾਮਦਾਸ ਪੁਰ' ਨਗਰ ਆਖ ਕੇ, ਲੋਕਾਂ ਨੇ ਅਪਣਾਇਆ ਸੀ ।
ਫੇਰ ਸਰੋਵਰ ਸੀ ਪੁਟਵਾਇਆ, ਇੰਜ ਸ਼ਹਿਰ ਇਹ ਵੱਸਿਆ ਸੀ।
ਏਸੇ ਨੂੰ ਹੀ 'ਸਿਫਤੀ ਦਾ ਘਰ' ਅਮਰਦਾਸ ਨੇ ਦੱਸਿਆ ਸੀ।
ਉਸ ਪਿਛੋਂ ਫਿਰ ਘਾਲਾਂ ਵੇਖੋ, ਚੌਥੇ ਗੁਰੂ ਦੇ ਲਾਲ ਦੀਆਂ ।
ਜਿਸ ਨੇ ਪੱਕੀਆਂ ਸਨ ਕਰਵਾਈਆਂ, ਹੱਥੀਂ ਪਉੜੀਆਂ ਤਾਲ ਦੀਆਂ।
ਤਾਲ ਵਿਚ ਫਿਰ ਮੰਦਰ ਰਚਿਆ, ਖੇਡਾਂ ਦੀਨ ਦਇਆਲ ਦੀਆਂ ।
ਜਿਸਦੇ ਅੰਦਰੋਂ ਮਿੱਠੀਆਂ ਮਿੱਠੀਆਂ, ਉੱਠੀਆਂ ਧੁਨਾਂ ਅਕਾਲ ਦੀਆਂ ।
ਫਿਰ ਬਾਣੀ ਸਭ ਕੱਠੀ ਕਰਕੇ, ਗ੍ਰੰਥ ਜਹਾਜ਼ ਬਣਾਇਆ ਸੀ।
ਤਾਰਨ ਲਈ ਭਵਿ-ਸਾਗਰ ਵਿਚੋਂ, ਪਰ-ਉਪਕਾਰ ਕਮਾਇਆ ਸੀ।
ਛੇਵੇਂ ਸਤਿਗੁਰ ਹਰਿਗੋਬਿੰਦ ਦੀ, ਆਈ ਫਿਰ ਜਦ ਵਾਰੀ ਸੀ ।
ਜੋੜੀ ਮੀਰੀ ਪੀਰੀ ਉਹਨੇ, ਕੀਤੀ ਗੱਲ ਨਿਆਰੀ ਸੀ ।

ਹਰਿਮੰਦਰ ਦੇ ਸਾਹਵੇਂ ਉਹਨੇ, ਕੀਤੀ ਨਵੀਂ ਉਸਾਰੀ ਸੀ ।
ਸ਼ਹਿਨਸ਼ਾਹ ਦੇ ਵਾਂਗ ਬਣਾਇਆ, 'ਤਖ਼ਤ ਅਕਾਲ' ਦਾ ਭਾਰੀ ਸੀ ।
ਰਾਮਸਰ, ਸੰਤੋਖ-ਸਰ ਦੇ, ਰੱਚੇ ਗੁਰੂਦੁਆਰੇ ਸਨ ।
ਕੌਲਸਰ, ਬਿਬੇਕ-ਸਰ ਵੀ, ਹੱਥੀਂ ਆਪ ਉਸਾਰੇ ਸਨ ।
ਫਿਰ ਵਧ ਰਹੇ ਸਿੱਖੀ ਬੂਟੇ ਨੂੰ, ਕੁਝ ਹੋਰ ਨਵਾਂ ਸੀ ਬੂਰ ਪਿਆ ।
ਪਰ ਮੁਗ਼ਲ ਰਾਜ ਦੀ ਨੀਤੀ ਵਿੱਚ, ਉੱਠ ਨਵਾਂ ਸੀ ਹੋਰ ਫ਼ਤੂਰ ਪਿਆ ।
ਜਿਸ ਤੋਂ ਹੋ ਮਜ਼ਬੂਰ ਗੁਰਾਂ ਨੂੰ, ਕਰਨਾ ਯੁੱਧ ਮਨਜ਼ੂਰ ਪਿਆ ।
ਅੰਮ੍ਰਿਤਸਰ ਦਾ ਸ਼ਹਿਰ ਛੱਡ ਕੇ, ਅੰਤ ਸੀ ਜਾਣਾ ਦੂਰ ਪਿਆ ।
ਸੱਤਵੇਂ ਅੱਠਵੇਂ ਗੁਰੂ ਦੇ ਵੇਲੇ, ਕਰਦੇ ਸੇਵ ਮਸੰਦ ਰਹੇ ।
ਨੌਵੇਂ ਗੁਰ ਲਈ ਹਰਿਮੰਦਰ ਦੇ, ਬੂਹੇ ਹੈਸਨ ਬੰਦ ਰਹੇ ।
ਗਏ ਮਸੰਦ ਤੇ ਆਏ ਪੁਜਾਰੀ, ਸੇਵਾ ਸਦਾ ਹੀ ਚਲਦੀ ਰਹੀ ।
ਹਰਿਮੰਦਰ ਲਈ ਦੂਰੋਂ ਨੇੜਿਓਂ, ਸੰਗਤ ਮਾਇਆ ਘਲਦੀ ਰਹੀ ।
'ਬੰਦਾ ਸਿੰਘ' ਪੰਜਾਬ ਜਾਂ ਆਇਆ, ਏਥੇ ਸਿੱਖੀ ਪਲਦੀ ਰਹੀ ।
ਸਿੱਖੀ ਦੇ ਇਸ ਕੇਂਦਰ ਅੰਦਰ, ਸਿੱਖੀ ਫੁੱਲਦੀ ਫਲਦੀ ਰਹੀ ।
ਦੀਵਾਲੀ ਦਾ ਮੇਲਾ ਏਥੇ, ਮਨੀ ਸਿੰਘ ਨੇ ਲਾਇਆ ਸੀ ।
ਧਰਮ ਦੀ ਖ਼ਾਤਰ ਪਾਈ ਸ਼ਹੀਦੀ, ਬੰਦ ਬੰਦ ਕਟਵਾਇਆ ਸੀ ।
ਬੰਦ ਹੋਈ ਦਰਬਾਰ ਦੀ ਸੇਵਾ, ਸਿੱਖ ਕੋਈ ਨਾ ਸਹਿ ਸਕਿਆ ।
ਧੂਪ ਦੀਪ ਦੀ ਸੇਵਾ ਵੀ ਨਾ, ਕਰਨ ਲਈ ਕੋਈ ਕਹਿ ਸਕਿਆ ।
ਅੱਘੜ ਸਿੰਘ ਨੂੰ ਗੁੱਸਾ ਆਇਆ, ਚੁੱਪ ਚਾਪ ਨਾ ਬਹਿ ਸਕਿਆ ।
ਅੰਮ੍ਰਿਤਸਰ ਦੇ ਕਾਜ਼ੀ ਦਾ ਉਹ ਸਿਰ ਲਾਹੁਣੋਂ ਨਾ ਰਹਿ ਸਕਿਆ ।
ਫਿਰ ਦਰਬਾਰ 'ਚ ਮੱਸੇ ਰੰਘੜ, ਆ ਕੇ ਮੰਜਾ ਡਾਹਿਆ ਸੀ ।
ਹੁੱਕਾ ਰੱਖ, ਸ਼ਰਾਬ ਸੀ ਪੀਤੀ, ਵੇਸਵਾ ਤਈਂ ਨਚਾਇਆ ਸੀ ।

ਬੀਕਾਨੇਰ 'ਚ ਸਿੰਘ-ਸੂਰਿਆਂ, ਗੁੱਸਾ ਖਾਧਾ ਭਾਰੀ ਸੀ ।
ਸੁੱਖਾ ਸਿੰਘ ਮਹਿਤਾਬ ਸਿੰਘ ਨੂੰ, ਲੱਗੀ ਚੋਟ ਕਰਾਰੀ ਸੀ ।
ਤੁਰ ਪਏ ਗੁਰ-ਨਗਰੀ ਵੱਲ ਦੋਵੇਂ, ਕਰ ਕੇ ਘੋੜ-ਸਵਾਰੀ ਸੀ ।
ਮੁਸਲਮਾਨੀ ਭੇਸ ਧਾਰ ਕੇ, ਬਣ ਗਏ ਉਹ ਸਰਕਾਰੀ ਸੀ ।
ਠੀਕਰੀਆਂ ਦੇ ਬੋਰੇ ਭਰ ਕੇ, ਤੁਰ ਪਏ ਗੁਰੂ-ਸਵਾਰੇ ਸਨ ।
ਦਿਲ ਦੇ ਅੰਦਰ ਬਾਣੀ ਪੜ੍ਹਦੇ, ਪੁੱਜੇ ਗੁਰ-ਦਰਬਾਰੇ ਸਨ ।
'ਮੱਸੇ' ਖੁਸ਼ ਹੋ ਬੋਰੀ ਉਤੇ, ਗਰਦਨ ਤਾਂਈਂ ਝੁਕਾਇਆ ਸੀ ।
ਕੱਢ ਕੇ ਤੇਗ 'ਮਹਿਤਾਬ ਸਿੰਘ' ਨੇ ਝੱਟ-ਪਟ ਝਟਕਾਇਆ ਸੀ ।
ਸੁੱਖਾ ਸਿੰਘ ਨੇ ਸਿਰ ਪਾਪੀ ਦਾ ਚਾਦਰ ਵਿਚ ਲੁਕਾਇਅ ਸੀ ।
ਘੋੜਿਆਂ ਨੂੰ ਸਰਪੱਟ ਦੁੜਾ ਕੇ ਜੈਕਾਰਾ ਇਕ ਲਾਇਆ ਸੀ ।
'ਖਾਨ ਬਹਾਦਰ' ਕੜਕ ਉਠਿਆ, "ਚੌਧਰੀਓ ਸਰਦਾਰੋ ਓਏ ।
ਸਿੰਘ ਆਪਣਾ ਦਾਅ ਨੇ ਲਾ ਗਏ, ਲਾਹਨਤ ਪਹਿਰੇਦਾਰੋ ਓਏ ।"
'ਖ਼ਾਨ' ਵੀ ਮੋਇਆ, ਅੰਮ੍ਰਿਤਸਰ ਦੇ, ਖੁਲ੍ਹੇ ਹੋਣ ਇਸ਼ਨਾਨ ਲੱਗੇ ।
ਹਰਿਮੰਦਰ ਦੀ ਸੇਵਾ ਹੋਈ, ਲੱਗਣ ਫੇਰ ਦੀਵਾਨ ਲੱਗੇ ।
"ਰਾਮ ਰਾਉਣੀ" ਦਾ ਕਿਲ੍ਹਾ ਉਸਰਿਆ, ਝੂਲਣ ਫੇਰ ਨਿਸ਼ਾਨ ਲੱਗੇ ।
ਕੁਝ ਸਮਾਂ ਫਿਰ ਅਮਨ ਰਿਹਾ ਸੀ, ਸੋਚਣ ਹੁਕਮਰਾਨ ਲੱਗੇ ।
'ਮੀਰ ਮੰਨੂੰ' ਪੰਜਾਬ ਦੇ ਸੂਬੇ, ਸਿੱਖ-ਬੱਚੇ ਮਰਵਾਏ ਸੀ ।
ਟੋਟੇ ਕਰ ਕੇ ਹਾਰ ਬਣਾ ਕੇ, ਮਾਵਾਂ ਦੇ ਗਲ ਪਾਏ ਸੀ ।
'ਅਬਦਾਲੀ' ਨੇ ਅੰਮ੍ਰਿਤਸਰ ਤੇ, ਕੀਤੀ ਫੇਰ ਚੜ੍ਹਾਈ ਸੀ ।
ਰੱਖਿਆ ਲਈ ਸਿੰਘਾਂ ਨੇ ਅੱਗੋਂ, ਕੀਤੀ ਖੂਬ ਲੜਾਈ ਸੀ ।
ਤਦ ਬਾਬਾ 'ਗੁਰਬਖਸ਼ ਸਿੰਘ' ਨੇ ਜੂਝ ਸ਼ਹੀਦੀ ਪਾਈ ਸੀ ।
ਆਖ਼ਰ ਤੁਰਕਾਂ ਕਬਜ਼ਾ ਕੀਤਾ, ਸ਼ਹਿਰ ਦੀ ਸ਼ਾਮਤ ਆਈ ਸੀ ।

ਸੁਣ ਕੇ 'ਬਾਬਾ ਦੀਪ ਸਿੰਘ' ਨੂੰ, ਰੋਹ ਅਜਿਹਾ ਚੜ੍ਹਿਆ ਸੀ।
ਹਰਿਮੰਦਰ ਦੀ ਪਾਵਨਤਾ ਲਈ, ਸਿਰ ਧਰ ਤਲੀ ਤੇ ਲੜਿਆ ਸੀ।
ਕਬਜ਼ਾ ਕਰ ਕੇ ਅੰਮ੍ਰਿਤਸਰ ਤੇ, ਸਿੰਘਾਂ ਲਾ ਲਿਆ ਡੇਰਾ ਸੀ।
ਓਧਰ ਦਿੱਲੀਓਂ 'ਅਬਦਾਲੀ' ਨੇ ਲੁੱਟਿਆ ਮਾਲ ਬਥੇਰਾ ਸੀ।
ਵਾਪਸ ਜਦੋਂ ਹਿੰਦ ਤੋਂ ਮੁੜਿਆ, ਸਿੰਘਾਂ ਪਾ ਲਿਆ ਘੇਰਾ ਸੀ।
ਪੱਤ ਰੱਖਣ ਲਈ ਸੂਰਮਿਆਂ ਨੇ, ਲੁੱਟਿਆ ਖ਼ੂਬ ਲੁਟੇਰਾ ਸੀ।
ਆਖ਼ਰ ਗੁੱਸੇ ਵਿਚ ਆ ਉਸਨੇ, ਹਮਲਾ ਕੀਤਾ ਭਾਰੀ ਸੀ।
ਤੀਹ ਹਜ਼ਾਰ ਸੀ ਸਿੰਘ ਮੁਕਾਏ, ਹੋਇਆ ਘੱਲੂਘਾਰਾ ਸੀ।
ਖ਼ੁਸ਼ ਹੋ ਕੇ ਅਬਦਾਲੀ ਸੋਚੇ, ਹੁਣ ਨਾ ਸਿੱਖ ਇਹ ਲੁੱਟਣਗੇ।
ਕਦੇ ਵੀ ਸਿਰ ਨਾ ਚੁੱਕਣਗੇ, ਤੇ ਨਾਲ ਨਾ ਮੇਰੇ ਜੁੱਟਣਗੇ।
ਜ਼ੋਰ ਇਨ੍ਹਾਂ ਦਾ ਖ਼ਤਮ ਹੋ ਗਿਆ, ਬੱਸ ਹਥਿਆਰ ਇਹ ਸੁੱਟਣਗੇ।
ਪੂਰਾਂਗਾ ਤਾਲਾਬ ਇਨ੍ਹਾਂ ਦਾ, ਖੁੰਬਾਂ ਵਾਂਗ ਨਾ ਫੁੱਟਣਗੇ।
ਨਾਲ ਬਾਰੂਦ ਉਡਾ 'ਹਰਿਮੰਦਰ', ਢਾਹ ਕੇ ਢੇਰ ਬਣਾ ਦਿੱਤਾ।
ਮਲਬਾ, ਮਿੱਟੀ, ਖੇਹ ਸੁਟਵਾ ਕੇ, ਪੂਰਨ ਤਾਲ, ਭਰਾ ਦਿੱਤਾ।
ਫੇਰ ਖਾਲਸਾ ਜੁੱਟ ਬਣਾ ਕੇ, ਬੱਦਲ ਵਾਂਗੂੰ ਬੜ੍ਹਕ ਪਿਆ।
ਹੱਲਾ ਕਰ ਕੇ, ਅਬਦਾਲੀ ਤੇ, ਬਿਜਲੀ ਵਾਂਗੂ ਕੜਕ ਪਿਆ।
ਏਦਾਂ ਲੋਹੇ ਉਤੇ ਲੋਹਾ, ਦੂਹਾਂ ਪਾਸਿਓਂ ਖੜਕ ਪਿਆ।
'ਪਿਪਲੀ ਸਾਹਿਬ' ਦੇ ਨੇੜੇ ਕਰਕੇ, ਯੁੱਧ ਭਿਆਨਕ ਭੜਕ ਪਿਆ।
ਅੰਤ ਹਾਰ ਖਾ ਅਬਦਾਲੀ ਨੇ, ਨੱਸ ਕੇ ਜਾਨ ਬਚਾਈ ਸੀ।
ਹਾਰੀ ਹੋਈ ਫ਼ੌਜ ਪਠਾਣੀ, ਸਿੰਘਾਂ ਦੇ ਹੱਥ ਆਈ ਸੀ।
ਕਾਬੂ ਆਏ ਪਠਾਣਾਂ ਨੂੰ ਤਦ, ਸਿੰਘਾਂ ਕਾਰੇ ਲਾਇਆ ਸੀ।
ਉਹਨਾਂ ਕੋਲੋਂ ਫੇਰ ਸਰੋਵਰ, ਸਾਰਾ ਸਾਫ਼ ਕਰਾਇਆ ਸੀ।

ਜਿਨ੍ਹਾਂ ਪੂਰਿਆ ਤਾਲ ਉਨ੍ਹਾਂ ਨੂੰ ਕਰਨਾਂ ਪਿਆ ਸਫਾਇਆ ਸੀ ।
ਸੰਗਤ ਨੇ ਫਿਰ ਸੇਵਾ ਕਰ ਕੇ, ਜਲ ਦੇ ਨਾਲ ਭਰਾਇਆ ਸੀ ।
ਅੰਮ੍ਰਿਤਸਰ ਦੀ ਹਾਲਤ ਜੀਕਣ, ਕੀਤੀ ਸੀ ਬਰਬਾਦ ਗਈ।
ਉਸੇ ਤਰ੍ਹਾਂ ਹੀ ਫੇਰ ਦੁਬਾਰਾ, ਰੱਖੀ ਸੀ ਬੁਨਿਆਦ ਗਈ ।
ਹੋਈ ਸ਼ੁਰੂ ਉਸਾਰੀ ਮੁੜ ਕੇ, ਵੱਸਿਆ ਸ਼ਹਿਰ ਦੁਬਾਰਾ ਸੀ ।
'ਨਿਰਮਲ ਪੰਥੀ ਸੰਤਾਂ ਕੀਤਾ, ਸੇਵਾ ਦਾ ਕੰਮ ਭਾਰਾ ਸੀ ।
ਤਾਲ ਵਿਚ ਹਰਿਮੰਦਰ ਮੁੜ ਕੇ, ਗਿਆ ਬਣਾਇਆ ਸਾਰਾ ਸੀ ।
ਪਹਿਲਾਂ ਵਰਗੀ ਰੌਣਕ ਵਧ ਗਈ, ਪਹਿਲਾਂ ਜਿਹਾ ਨਜ਼ਾਰਾ ਸੀ ।
ਬੁੰਗੇ ਕਈ ਬਣਵਾਏ ਆਪਣੇ, ਮਿਸਲਾਂ ਦੇ ਸਰਦਾਰਾਂ ਨੇ ।
ਜੰਗ-ਖ਼ਿਜ਼ਾਵਾਂ ਖ਼ਤਮ ਕੀਤੀਆਂ, ਆ ਕੇ ਅਮਨ-ਬਹਾਰਾਂ ਨੇ।
ਬਣਿਆ ਫਿਰ ਰਣਜੀਤ ਸਿੰਘ ਆ, ਕੁੱਲ ਪੰਜਾਬ ਦਾ ਮਾਲਕ ਸੀ ।
ਸਾਂਝਾ-ਰਾਜ ਸਥਾਪਤ ਕਰਕੇ, ਬਣਿਆ ਪਰਜਾ-ਪਾਲਕ ਸੀ ।
ਸਦਾ ਸਮਝਿਆ ਉਸ ਦਰਦੀ ਨੇ, ਖ਼ਲਕਤ ਅੰਦਰ ਖ਼ਾਲਕ ਸੀ ।
ਦੇਸ਼ ਦੇ ਵਿਚ ਤੁਅੱਸਬ ਦੀ, ਉਸ, ਰਹਿਣ ਨਾ ਦਿੱਤੀ ਕਾਲਕ ਸੀ ।
ਹਰਿਮੰਦਰ ਦੀ ਸੇਵਾ ਉਹਨੇ, ਆਪਣੇ ਜ਼ਿੰਮੇ ਲੀਤੀ ਸੀ ।
ਸ਼ਰਧਾ ਨਾਲ ਵਧੇਰੇ ਉਹਨੇ, ਰੱਜ ਕੇ ਸੇਵਾ ਕੀਤੀ ਸੀ ।
ਮਹਾਰਾਜੇ ਨੇ ਗੁਰ-ਨਗਰੀ ਨੂੰ, ਸੁੰਦਰ ਸ਼ਹਿਰ ਬਣਾਇਆ ਸੀ।
ਗੁੰਬਦ ਅਤੇ ਕਲਸ ਦੇ ਉੱਤੇ, ਸੋਨਾ ਆਪ ਚੜ੍ਹਾਇਆ ਸੀ ।
ਹਰਿਮੰਦਰ ਪ੍ਰਕਰਮਾਂ ਅੰਦਰ, ਸੰਗ-ਮਰਮਰ ਲਗਵਾਇਆ ਸੀ
'ਤਖਤ ਅਕਾਲ' ਤੇ ਬੁੰਗਿਆਂ ਤਾਈਂ, ਮੁੜ ਕੇ ਗਿਆ ਉਸਰਾਇਆ ਸੀ ।
ਸ਼ਹਿਰ ਦੁਆਲੇ ਚਾਰ ਦੀਵਾਰੀ, ਰਾਮਬਾਗ਼ ਬਣਵਾਇਆ ਸੀ।
ਰੱਖਿਆ ਲਈ ਫਿਰ ਗੋਬਿੰਦਗੜ੍ਹ ਦਾ ਕਿਲ੍ਹਾ ਤਿਆਰ ਕਰਾਇਆ ਸੀ।

ਵਧੀ ਮਾਨਤਾ ਅੰਮ੍ਰਿਤਸਰ ਦੀ, ਵੱਸੇ ਆਣ ਵਪਾਰੀ ਸੀ ।
ਮਹਿਮਾ ਫੈਲੀ ਹਰਿਮੰਦਰ ਦੀ, ਬਣੇ ਅਮੀਰ ਪੁਜਾਰੀ ਸੀ ।
ਫਿਰ ਅੰਗ੍ਰੇਜ਼ ਦਾ ਰਾਜ ਹੋ ਗਿਆ, ਖੇਡ ਵਿਗੜ ਗਈ ਸਾਰੀ ਸੀ ।
ਮਨ-ਮੱਤ ਵਧੀ, ਪੁਜਾਰੀ ਬਣ ਗਏ, ਲੋਭੀ ਤੇ ਹੰਕਾਰੀ ਸੀ ।
'ਸਿੰਘ ਸਭਾ' ਦੀ ਲਹਿਰ ਚੱਲ ਪਈ, ਬਣਿਆ ਦਲ ਅਕਾਲੀ ਸੀ।
ਸੋਧ ਕੇ ਜਿਨ੍ਹਾਂ ਕੁੱਲ ਪੁਜਾਰੀ, ਸੇਵਾ ਆਪ ਸੰਭਾਲੀ ਸੀ ।
ਅੰਮ੍ਰਿਤਸਰ ਦਾ ਅੱਜ ਹਰਿਮੰਦਰ, ਸਵੱਰਨ-ਮੰਦਰ ਅਖਵਾਂਦਾ ਏ ।
ਸਿੱਖੀ ਦਾ ਇਹ ਵੱਡਾ ਕੇਂਦਰ, ਦੁਨੀਆਂ ਵਿਚ ਕਹਿਲਾਂਦਾ ਏ ।
ਦਰਸ਼ਨ ਕਰਕੇ ਭੁੱਖ ਹੈ ਲਹਿੰਦੀ, ਤਨ ਤੇ ਮਨ ਖਿੜ ਜਾਂਦਾ ਏ ।
ਸਰਧਾਵਾਨ ਇਸ਼ਨਾਨ ਜੋ ਕਰਦਾ, ਮਨ ਇੱਛਿਆ ਫਲ ਪਾਂਦਾ ਏ ।
ਮੁੱਕਦੀ ਗੱਲ ਕਿ ਅੰਮ੍ਰਿਤਸਰ ਦੀ ਪਾਵਨ ਕਥਾ ਨਿਆਰੀ ਏ ।
'ਕੋਮਲ' ਜੀ ਹਰ ਸਿੱਖ ਏਸ ਤੋਂ, ਵਾਰੀ ਤੇ ਬਲਿਹਾਰੀ ਏ ।

---

ਇਹ ਕਵਿਤਾ ਬੰਬਈ ਦੀ ਇੱਕ ਕੈਸਿਟ ਰੀਕਾਡਿੰਗ ਕੰਪਨੀ ਵਲੋਂ ਉਚੇਚੀ ਲਿਖਵਾਈ ਗਈ ਸੀ, ਜੋ ਪੰਥ ਦੇ ਹੇਠ ਲਿਖੇ ਮਹਾਨ ਵਿਅਕਤੀਆਂ ਦੇ ਦਸਤਖਤਾਂ ਨਾਲ 0.5 ਜੂਨ 1978 ਈ: ਨੂੰ ਪਾਸ ਹੋਈ ਸੀ । ਇਸ ਦੀ ਅਸਲ ਕਾਪੀ ਕਵੀ ਪਾਸ ਸੁਰੱਖਿਅਤ ਹੈ ।

★ ਸਿੰਘ ਸਾਹਿਬ ਜੱਥੇਦਾਰ ਸਾਧੂ ਸਿੰਘ ਜੀ ਭੌਰਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ ।

★ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ, ਹੈੱਡ ਗ੍ਰੰਥੀ,ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ।

★ ਸਵੱਰਗਵਾਸੀ ਪ੍ਰਿੰਸੀਪਲ ਹਰਿਭਜਨ ਸਿੰਘ ਜੀ ਸਿੱਖ ਮਿਸ਼ਨਰੀ ਕਾਲਜ, ਪੁਤਲੀ ਘਰ, ਅੰਮ੍ਰਿਤਸਰ ।

## ਅੰਮ੍ਰਿਤਸਰ ਤੀਜਾ ਘੱਲੂਘਾਰਾ-੧੯੮੪
## ਸਿੱਖੀ ਕਦੇ ਨਹੀਂ ਮਰ ਸਕਦੀ

ਉਨ੍ਹੀ ਸੌ ਚੁਰਾਸੀ ਸੰਨ ਈਸਵੀ ਦੇ,
ਚਾਰ, ਪੰਜ, ਛੇ ਜੂਨ ਮਨਹੂਸ ਦਿਨ ਸਨ ।
ਖ਼ੂਨੀ, ਚੰਦਰੇ, ਘਾਤਕ ਤੇ ਸੜੇ ਹੋਏ,
ਸਿੱਖ-ਸੰਗਤਾਂ ਦੇ ਲਹੂ-ਚੂਸ ਦਿਨ ਸਨ ।
ਉਦੋਂ ਹੋਇਆ ਹਰਿਮੰਦਰ 'ਤੇ ਘੱਲੂਘਾਰਾ,
ਮੂੰਹ ਤੋਪਾਂ ਤੇ ਟੈਂਕਾਂ ਦੇ ਖੁੱਲ੍ਹ ਗਏ ਸਨ ।
ਖਵਰੇ ਕਿੰਨੇ ਕੁ ਸਿੱਖਾਂ-ਬੇਦੋਸਿਆਂ ਦੇ,
ਖ਼ੂਨ ਭੰਗ ਦੇ ਭਾੜੇ ਹੀ ਡੁੱਲ੍ਹ ਗਏ ਸਨ ।
ਗੜਗੜਾਹਟ ਤੇ ਠਾਹ ਠਾਹ ਹੋਈ ਏਨੀ,
ਜਿਵੇਂ ਬਹੁਤ ਭਾਰੀ ਜੰਗ ਹੋ ਰਹੀ ਸੀ ।
ਨਾਲ ਕਰਫਿਊ ਅੰਦਰੀਂ ਵੜੀ ਜਨਤਾ,
ਡਾਢੀ ਦੁਖੀ ਅਤੇ ਤੰਗ ਹੋ ਰਹੀ ਸੀ ।
ਢੱਠਾ ਕਹਿਰ ਸੀ ਗੁਰੂ-ਦਰਬਾਰ ਉਤੇ,
'ਦਰਸ਼ਨੀ ਡਿਉਢੀ' ਦੀ ਬੜੀ ਤਬਾਹੀ ਹੋਈ ਸੀ ।
'ਅਕਾਲ ਤਖਤ ਦੀ ਪੁੱਛੋ ਨਾ ਗੱਲ ਕੋਈ,
ਜਿਉਂ ਇਮਾਰਤ ਭੁਚਾਲ ਨੇ ਢਾਹੀ ਹੋਈ ਸੀ ।
ਵਿੰਨ੍ਹਿਆਂ ਪਿਆ ਸੀ ਇਉਂ ਸੱਵਰਨ-ਮੰਦਰ,
ਜ਼ਖਮ ਹੋਣ ਜਿਉਂ ਸੋਹਣੇ ਸਰੀਰ ਉੱਤੇ ।
ਕਿਸੇ ਮੂਰਖ ਨੇ ਦਾਗ਼ ਜਿਉਂ ਲਾਏ ਹੋਵਣ,
ਸ਼ਾਨਦਾਰ ਸੁਨਹਿਰੀ ਤਸਵੀਰ ਉੱਤੇ ।

ਪਾਵਨ ਮੰਦਰ ਨੂੰ ਗੋਲੀਆਂ ਵੱਜੀਆਂ ਜੋ,
ਉਹ ਹਰ ਸਿੱਖ-ਪਰਵਾਰ ਨੂੰ ਵੱਜੀਆਂ ਸਨ ।
ਗੁਰੂ ਗ੍ਰੰਥ ਨੂੰ ਲੱਗੀਆਂ ਗੋਲੀਆਂ ਜੋ,
ਉਹ ਸਭ ਸਿੱਖ-ਸੰਸਾਰ ਨੂੰ ਵੱਜੀਆਂ ਸਨ ।

ਸੜ ਕੇ ਕੀਮਤੀ 'ਚਾਨਣੀ' ਰਾਖ ਹੋ ਗਈ,
ਤੋਸ਼ਾ-ਖਾਨਾ ਵੀ ਸਾਰਾ ਸੀ ਨਸ਼ਟ ਹੋਇਆ ।
ਇਹ ਤਾਂ ਗੁਰੂ ਦੇ ਸਿੱਖ ਹੀ ਜਾਣਦੇ ਨੇ,
ਜਿੰਨਾਂ ਉਹਨਾਂ ਦੇ ਦਿਲਾਂ ਨੂੰ ਕਸ਼ਟ ਹੋਇਆ ।

ਫਿਰੇ ਟੈਂਕ ਪਰਕਰਮਾਂ ਦੇ ਵਿੱਚ ਓਦੋਂ,
ਪਈਆਂ ਤ੍ਰੇੜਾਂ ਸੰਗਮਰਮਰੀ ਸਿਲਾਂ ਉੱਤੇ ।
ਸਮਝੋ ਟੈਂਕ ਨਹੀਂ ਫਿਰੇ ਸਨ ਸਿਲਾਂ ਉੱਤੇ,
ਟੈਂਕ ਫਿਰੇ ਸਨ ਸਿੱਖਾਂ ਦੇ ਦਿਲਾਂ ਉੱਤੇ ।

ਕੇਂਦਰੀ ਸਿੱਖ ਅਜਾਇਬ ਘਰ ਵਿਚ ਪਈਆਂ,
ਕਈ ਅਦੁਤੀ ਤਸਵੀਰਾਂ ਵੀ ਸੜ ਗਈਆਂ ।
ਯਾਦਗਾਰੀ, ਅਮੋਲਕ, ਦੁਰਲੱਭ ਚੀਜ਼ਾਂ,
ਕਈ ਅੱਗ ਦੀ ਭੇਟ ਸਨ ਚੜ੍ਹ ਗਈਆਂ ।

ਹੋਰ ਕਈ ਅਸਥਾਨਾਂ, ਇਮਾਰਤਾਂ ਨੂੰ,
ਅੱਗਾਂ ਲੱਗੀਆਂ ਬਹੁਤ ਨੁਕਸਾਨ ਹੋਇਆ ।
ਸਿੱਖ ਧਰਮ ਉੱਤੇ ਐਸਾ ਵਾਰ ਹੋਇਆ ।
ਸਿੱਖ ਕੌਮ ਦਾ ਭਾਰੀ ਅਪਮਾਨ ਹੋਇਆ ।

ਏਥੇ ਬੱਸ ਨਹੀਂ, ਰੈਫਰੈਂਸ ਲਾਇਬ੍ਰੇਰੀ
ਸੜ ਕੇ ਪੂਰੀ ਦੀ ਪੂਰੀ ਸਵਾਹ ਹੋ ਗਈ ।

ਕਈ ਪੁਸਤਕਾਂ, ਗ੍ਰੰਥ ਤੇ ਹੱਥ-ਲਿਖਤਾਂ,
ਸਿੱਖ-ਸਾਹਿੱਤ ਸਮੱਗਰੀ ਤਬਾਹ ਹੋ ਗਈ ।
ਜਿਸ ਘਰ ਅੰਦਰ ਸ਼ਰਧਾਵਾਨ ਆ ਕੇ,
ਨਾਲ ਬਖਸ਼ਿਸ਼ਾਂ ਦੇ ਭਰਦੇ ਝੋਲੀਆਂ ਸਨ ।
ਓਥੇ ਔਰਤਾਂ ਬੱਚਿਆਂ ਸਣੇ ਸਭ ਨੂੰ,
ਮਿਲੀਆਂ ਥਾਂ ਪਰਸ਼ਾਦ ਦੇ ਗੋਲੀਆਂ ਸਨ ।
ਤਾਲ ਵਿਚ ਜੋ ਕਰਨ ਇਸ਼ਨਾਨ ਆਏ,
ਨਾਲ ਲਹੂ ਦੇ ਖੂਬ ਇਸ਼ਨਾਨ ਹੋਏ ।
ਅਰਜਨ ਗੁਰੂ ਜੀ ਦੇ ਸ਼ਹੀਦੀ ਪੂਰਬ ਉੱਤੇ,
ਆਏ ਯਾਤਰੀ ਲਹੂ ਲੁਹਾਨ ਹੋਏ ।
ਕਿਵੇਂ ਕਹਿਰ ਨੂੰ ਕਰਮ ਜਾਂ ਮਿਹਰ ਕਹੀਏ ?
ਏਨਾ ਜ਼ੁਲਮ ਭੁਲਾਇਆ ਨਹੀਂ ਜਾ ਸਕਦਾ ।
ਭਰਿਆ ਪਿਆ ਏ ਸਿੱਖਾਂ ਵਿਚ ਰੋਸ ਜਿਹੜਾ,
ਸਦੀਆਂ ਤੀਕ ਮਿਟਾਇਆ ਨਹੀਂ ਜਾ ਸਕਦਾ ।
ਅੱਖਾਂ ਨਾਲ ਸਾਕਾ ਜਿਨ੍ਹਾਂ ਵੇਖਿਆ ਏ,
ਰਚਿਐ ਉਨ੍ਹਾਂ ਦੇ ਲਹੂ ਤੇ ਮਾਸ ਅੰਦਰ ।
ਔਣ ਵਾਲੀਆਂ ਪੀਹੜੀਆਂ ਪੜ੍ਹਨਗੀਆਂ,
ਲਿਖਿਆ ਜਾਵੇਗਾ ਸਿੱਖ ਇਤਿਹਾਸ ਅੰਦਰ ।
ਸਾਡੀ ਕੁੱਲ ਕੁਰਬਾਨੀ ਤੇ ਦੇਸ਼-ਭਗਤੀ,
ਛੱਠੇ ਖੂਹ ਵਿਚ ਕੀ ਸਾਰੀ ਪੈ ਗਈ ਏ ?
ਗੱਲ ਚੱਲੀ ਸਮੁੰਦਰੋਂ ਪਾਰ ਜਿਹੜੀ,
ਬੱਸ ਗੱਲ ਓਹੋ ਯਾਦ ਰਹਿ ਗਈ ਏ ?

ਸਿੱਖ ਹਿਰਦਿਆਂ 'ਤੇ ਹੋਏ ਘਾਓ ਡੂੰਘੇ,
ਰਾਜ਼ੀ ਸਮੇਂ ਦੇ ਨਾਲ ਜ਼ਰੂਰ ਹੋਣੇ ।
ਬੇਸ਼ਕ ਜ਼ਖਮ ਕੁੱਲ ਘਟਣਗੇ, ਮਿਟਣਗੇ ਵੀ,
ਐਪਰ ਦਾਗ ਨਹੀਂ ਕਦੇ ਵੀ ਦੂਰ ਹੋਣੇ ।

ਸਾਡੇ ਵਾਸਤੇ ਗੱਲ ਨਹੀਂ ਨਵੀਂ ਕੋਈ,
ਕਈ ਵਾਰ ਲੰਘੇ ਘਲੂਘਾਰਿਆਂ 'ਚੋਂ ।
ਸਦਾ ਚੜ੍ਹਦੀਆਂ ਕਲਾਂ ਵਿਚ ਰਹੇ ਅਸੀਂ,
ਜੀਊਣ ਮਰਨ ਸਿੱਖਿਆ ਗੁਰਦੁਆਰਿਆਂ 'ਚੋਂ ।

ਨੌਵੇਂ ਗੁਰੂ ਨੇ ਦਿੱਲੀ ਦੇ ਵਿਚ ਜਾ ਕੇ,
ਸੀਸ ਦਿੱਤਾ ਸੀ ਹਿੰਦ ਬਚਾਉਣ ਬਦਲੇ ।
ਦਸਵੇਂ ਗੁਰੂ ਨੇ ਵਾਰਿਆ ਸੀਸ ਆਪਣਾ,
ਹਿੰਦੁਸਤਾਨ 'ਚੋਂ ਜ਼ੁਲਮ ਮਿਟਾਉਣ ਬਦਲੇ ।

ਨਾਜ਼ੁਕ ਦੌਰ ਹੈ ਪੰਥ ਤੇ ਖਾਲਸਾ ਜੀ,
ਹੁਣ ਤਿਆਗ ਦੇਵੋ ਮਨ-ਮਰਜ਼ੀਆਂ ਨੂੰ ।
ਛੱਡੋ ਕੁਰਸੀਆਂ, ਧੜਿਆਂ ਤੇ ਚੌਧਰਾਂ ਨੂੰ,
ਕੱਢੋ ਦਿਲਾਂ ਵਿਚੋਂ ਖੁਦਗਰਜ਼ੀਆਂ ਨੂੰ ।

ਸ਼ਾਂਤੀ, ਬੀਰਤਾ, ਜਜ਼ਬਾ ਜਦ ਕੋਲ ਸਾਡੇ,
ਪੰਥਕ ਏਕਤਾ ਦੀ ਇਕੋ ਲੋੜ ਸਾਨੂੰ ।
ਸ੍ਰੀ ਗੁਰੂ ਗ੍ਰੰਥ ਜਦ ਕੋਲ ਸਾਡੇ,
ਕਿਹੜੀ ਚੀਜ਼ ਦੀ ਹੈ ਹੋਰ ਥੋੜ ਸਾਨੂੰ ?

ਆਨ-ਸ਼ਾਨ ਤੇ ਅਣਖ, ਜ਼ਮੀਰ ਆਪਣੀ,
ਸਿੱਖ ਕੌਮ ਨਹੀਂ ਨੀਂਵਿਆਂ ਕਰ ਸਕਦੀ ।
ਮਰ ਸਕਦੇ ਨੇ ਲੱਖਾਂ ਹੀ ਸਿੱਖ 'ਕੋਮਲ'
ਐਪਰ ਸਿੱਖੀ ਨਹੀਂ ਕਦੇ ਵੀ ਮਰ ਸਕਦੀ ।

ਭਾਗ ਤੀਜਾ

# ਅੰਮ੍ਰਿਤ ਅਤੇ ਖ਼ਾਲਸਾ

ਖਾਲਸਾ ਜੋ ਸੱਜਦਾ ਹੈ, ਜੁੜਦਾ ਅਕਾਲ ਨਾਲ,
ਇਕ ਹੱਥ ਮਾਲਾ ਉਹਦੇ, ਦੂਜੇ ਤਲਵਾਰ ਹੋਵੇ।
ਅੱਖਾਂ 'ਚ ਨਿਆਂ ਹੋਵੇ, ਬੁੱਲਾਂ 'ਚ ਮਿਠਾਸ ਹੋਵੇ।
ਜੀਭ ਉਤੇ ਨਾਮ ਹੋਵੇ, ਕੰਨਾਂ 'ਚ ਪੁਕਾਰ ਹੋਵੇ ।
ਮਨ ਉਹਦਾ ਨੀਵਾਂ ਹੋਵੇ, ਮੱਤ ਉਹਦੀ ਉਚੀ ਹੋਵੇ ।
ਆਤਮਾ 'ਚ ਰੱਬ ਹੋਵੇ, ਦਿਲ ਸੇਵਾਦਾਰ ਹੋਵੇ ।
ਪੰਜ ਕੱਕੇ ਧਾਰ ਲਵੇ, ਪੰਜ ਵੈਰੀ ਮਾਰ ਲਵੇ ।
ਪੰਜ ਪੜ੍ਹੇ ਬਾਣੀਆਂ, ਤੇ ਪੰਜਾਂ 'ਚ ਪਿਆਰ ਹੋਵੇ ।

## ਖ਼ਾਲਸਾ ਪੰਥ ਦੀ ਸਾਜਣਾ

ਪੁਰੀ ਅਨੰਦ 'ਚ ਕੌਤਕ ਕੀਤਾ,
ਵੱਖਰਾ ਇਕ ਜਹਾਨੋਂ ਸਤਿਗੁਰ ।
ਆ ਕੇ ਬੜੇ ਜਲਾਲ ਦੇ ਅੰਦਰ,
ਕੱਢੀ ਤੇਗ਼ ਮਿਆਨੋਂ ਸਤਿਗੁਰ ।
ਬਿਨ ਬੱਦਲੋਂ ਚਮਕਾਈ ਐਸੀ,
ਬਿਜਲੀ ਜਹੀ ਅਸਮਾਨੋਂ ਸਤਿਗੁਰੁ ।
ਆ ਕੇ ਡਾਢੇ ਜੋਸ਼ ਦੇ ਅੰਦਰ,
ਬੋਲੇ ਇਉਂ ਜ਼ਬਾਨੋਂ ਸਤਿਗੁਰ ।

"ਇਕ ਸਿੱਖ ਦੀ ਲੋੜ ਹੈ ਮੈਨੂੰ,
ਜਿਹਨੂੰ ਪਿਆਰ ਉਹ ਹੋਵੇ ਅੱਗੇ ।
ਧਰ ਕੇ ਸੀਸ ਤਲੀ ਦੇ ਉੱਤੇ,
ਉੱਠੇ ਆਣ ਖਲੋਵੇ ਅੱਗੇ ।"

ਚੁੱਪ ਵਰਤ ਗਈ ਇਉਂ ਚੁਫੇਰੇ,
ਭਰੇ ਹੋਏ ਦੀਵਾਨ ਦੇ ਅੰਦਰ ।
ਚੁੱਪ ਜਿਵੇਂ ਵੀਰਾਨੀ ਥਾਂ 'ਤੇ,
ਚੁੱਪ ਜਿਵੇਂ ਸ਼ਮਸ਼ਾਨ ਦੇ ਅੰਦਰ ।
ਨਾ ਕੋਈ ਹਿੱਲੇ ਨਾ ਕੋਈ ਬੋਲੇ,
ਜਾਨ ਰਹੀ ਨਾ ਜਾਨ ਦੇ ਅੰਦਰ ।
ਨਵਾਂ ਹੀ ਪਰਚਾ ਪਾ ਕੇ ਸਤਿਗੁਰ,
ਪਾਇਆ ਇਮਤਿਹਾਨ ਦੇ ਅੰਦਰ ।

ਫਿਰ ਲਲਕਾਰੇ, 'ਹੈ ਕੋਈ ਐਸਾ ?
ਤੇਗ਼ ਦੀ ਪਿਆਸ ਬੁਝਾਏ ਜਿਹੜਾ ।
ਹੈ ਕੋਈ ਗੁਰੂ ਕਾ ਸਿੱਖ ਪਿਆਰਾ,
ਮੌਤ ਨੂੰ ਗਲੇ ਲਗਾਏ ਜਿਹੜਾ !"

'ਦਇਆ ਰਾਮ' ਉੱਠ ਆਖਣ ਲੱਗਾ,
"ਵਾਰੀ ਕਲਗੀਆਂ ਵਾਲੇ ਤੇਰੇ ।
ਮੈਂ ਹਾਂ ਖੱਤਰੀ, ਸਾਰ ਕੀ ਜਾਣਾ ?
ਵਾਹ ਵਾਹ ਚੋਜ ਨਿਰਾਲੇ ਤੇਰੇ ।
ਮੇਰਾ ਸਿਰ ਹੈ ਹਾਜ਼ਰ ਸਾਈਆਂ,
ਪੀਸਾਂ ਤੇਗ਼-ਪਿਆਲੇ ਤੇਰੇ ।
ਸੌ ਸਿਰ ਮੇਰੇ ਹੋਣ ਜੇ ਦਾਤਾ ।
ਸੋ ਹੀ ਕਰਾਂ ਹਵਾਲੇ ਤੇਰੇ ।"

ਤੰਬੂ ਅੰਦਰ ਲੈ ਗਏ ਸਿੱਖ ਨੂੰ,
ਕੁਝ ਪਲ ਮਗਰੋਂ ਬਾਹਰ ਸੀ ਆਏ ।
ਲਹੂ-ਰੰਗੀ ਤਲਵਾਰ ਪਈ ਆਖੇ,
ਕਰ ਕੇ ਸਿੱਖ ਤੇ ਵਾਰ ਸੀ ਆਏ ।

ਸਿਰ ਮੰਗਿਆ ਜਾਂ ਆਣ ਦੁਬਾਰਾ,
'ਧਰਮ ਦਾਸ' ਜੱਟ ਆਣ ਖਲੋਤਾ ।
ਤੀਜੀ ਮੰਗੇ 'ਮੁਹਕਮ' ਛੀਂਬਾ,
ਹੱਥ ਜੋੜ ਨਿਰਮਾਣ ਖਲੋਤਾ ।
ਚੌਥੀ ਵਾਰ 'ਸਾਹਿਬ ਚੰਦ' ਨਾਈ,
ਹਾਜ਼ਰ ਲੈ ਕੇ ਪ੍ਰਾਣ ਖਲੋਤਾ ।
ਪੰਜਵਾਂ 'ਹਿੰਮਤ ਰਾਏ' ਝੀਵਰ,
ਸੀਸ ਲੋ ਭੇਟ ਚੜ੍ਹਾਣ ਖਲੋਤਾ ।

ਵਾਰੀ ਵਾਰੀ ਸਭਨਾਂ ਪਹਿਲਾਂ,
ਹੱਥ ਬੰਨ੍ਹ ਕੁਰਬਾਨੀ ਦਿੱਤੀ ।
ਫਿਰ ਪੰਜਾਂ ਨੂੰ ਸਤਿਗੁਰ ਨੇ ਸੀ,
ਆਪ ਨਵੀਂ ਜ਼ਿੰਦਗਾਨੀ ਦਿੱਤੀ ।

ਖੰਡੇ-ਧਾਰ ਬਣਾ ਕੇ ਅੰਮ੍ਰਿਤ,
ਪਾਨ ਕਰਾਇਆ ਪੰਜਾਂ ਨੂੰ ਸੀ ।
ਜ਼ਾਤ ਪਾਤ ਤੇ ਗੋਤ ਮਿਟਾ ਕੇ,
ਇਕ ਵਿਖਾਇਆ ਪੰਜਾਂ ਨੂੰ ਸੀ ।
ਚੰਦ, ਮੱਲ ਤੇ ਦਾਸ ਬਦਲ ਕੇ,
ਸਿੰਘ ਸਜਾਇਆ ਪੰਜਾਂ ਨੂੰ ਸੀ ।
ਪੰਜਾਂ ਨੂੰ ਹੀ ਗੁਰੂ ਬਣਾ ਕੇ,
ਪੰਥ ਬਣਾਇਆ ਪੰਜਾਂ ਨੂੰ ਸੀ ।

ਓਹੋ ਪੰਥ ਅਮਰ ਹੈ ਅੱਜ ਵੀ,
'ਗਾਂਹ ਵੀ 'ਚੱਲ ਸੋ ਚੱਲ' ਰਹੇਗਾ ।
'ਕੋਮਲ' ਪੰਥ ਹੈ ਕਾਇਮ ਦਾਇਮ,
ਜੁੱਗੋ ਜੁੱਗ ਅਟੱਲ ਰਹੇਗਾ ।

## ਪੰਜ ਪਿਆਰੇ

*(ਕੀਤਾ ਜਿਨ੍ਹਾਂ ਨੇ ਮਰਨ ਮੰਨਜ਼ੂਰ ਪਹਿਲਾਂ)*

ਰੱਖਿਆ ਹੱਥ ਦਸਮੇਸ਼ ਨੇ ਤੇਗ ਉੱਤੇ,
ਉਹਦੇ ਚਿਹਰੇ ਦਾ ਅਜਬ ਸੀ ਰੰਗ ਹੋਇਆ।
ਅੱਖਾਂ ਲਾਲ ਹੋਈਆਂ, ਡੌਲੇ ਫਰਕ ਉੱਠੇ,
ਉਹਦਾ ਜੋਸ਼ ਅੰਦਰ ਅੰਗ ਅੰਗ ਹੋਇਆ।
ਉਹਦੀ ਤੇਗ ਦਾ ਨਹੀਂ, ਨਾਗਣੀ ਦਾ,
ਉਚਾ ਫੰਨ ਹੋਇਆ, ਤਿੱਖਾ ਡੰਗ ਹੋਇਆ।
ਜਦੋਂ ਕੜਕ ਕੇ ਓਸ ਨੇ ਸੀਸ ਮੰਗੇ,
ਧਰਤੀ ਕੰਬ ਉੱਠੀ ਅੰਬਰ ਦੰਗ ਹੋਇਆ।
ਐਸੇ ਪਿੱਠ ਵਿਖਾ ਕੇ ਕਈ ਨੱਸੇ,
ਸੁਣਿਆ ਪਿਛੋਂ ਤੇ ਹੋਏ ਕਾਫੂਰ ਪਹਿਲਾਂ।
ਐਪਰ ਕਈ ਹਜ਼ਾਰ ਸ਼ਰਧਾਲੂਆਂ 'ਚੋਂ,
ਕੀਤਾ ਪੰਜਾਂ ਨੇ ਮਰਨ ਮੰਨਜ਼ੂਰ ਪਹਿਲਾਂ।

ਸਤਿਗੁਰ ਮੁਸਕਰਾਏ ਤੇ ਕਹਿਣ ਲੱਗੇ,
ਕਾਰ ਸਿਦਕ ਵਾਲੀ ਕੀਤੀ ਖਰੀ ਪੰਜਾਂ।
ਮੈਂ ਸੀ ਸੀਸ ਮੰਗੇ ਤੁਸੀਂ ਰਹੇ ਡਰਦੇ,
ਭੇਟਾ ਸਿਰਾਂ ਵਾਲੀ ਐਪਰ ਧਰੀ ਪੰਜਾਂ।
ਮੁੜ ਮੁੜ ਆਖਿਆ ਮੈਂ ਸੁਣਦੇ ਰਹੇ ਤੁਸੀਂ,
ਆਖਰ ਹਾਮੀ ਪਿਆਰ ਦੀ ਭਰੀ ਪੰਜਾਂ।

ਢਿੱਲ ਲਾਈ ਨਾ ਮੇਰੇ ਪਿਆਰਿਆਂ ਨੇ,
ਖਵਰੇ ਤੇਗ਼ ਸਮਝੀ ਸੁੰਦਰ ਪਰੀ ਪੰਜਾਂ ।
ਅੱਜ ਤੋਂ ਪੰਥ ਦੇ ਇਹੋ ਨੇ ਪੰਜ ਆਗੂ,
ਜਿਹੜੇ ਹੋਏ ਨੇ ਹਾਜ਼ਰ ਹਜ਼ੂਰ ਪਹਿਲਾਂ ।
ਏਸ ਪਦਵੀ ਦਾ ਹੱਕ ਵੀ ਇਨ੍ਹਾਂ ਦਾ ਏ,
ਕੀਤਾ ਜਿਨ੍ਹਾਂ ਨੇ ਮਰਨ ਮੰਨਜ਼ੂਰ ਪਹਿਲਾਂ ।
ਮੈਂ ਬੇਮੁੱਖ ਸਮਝਾਂ ਨੱਸਣ ਵਾਲਿਆਂ ਨੂੰ,
ਜੋ ਆਰ ਦੇ ਰਹੇ ਨਾ ਪਾਰ ਦੇ ਰਹੇ ।
ਮੈਂ ਮਨਮੁਖ ਸਮਝਾਂ ਹੁੱਜਤਾਂ ਵਾਲਿਆਂ ਨੂੰ,
ਗੱਲਾਂ ਰਹੇ ਕਰਦੇ, ਫੜ੍ਹਾਂ ਮਾਰਦੇ ਰਹੇ ।
ਮੈਂ ਸਨਮੁਖ ਸਮਝਾਂ ਤੁਸਾਂ ਸਾਰਿਆਂ ਨੂੰ,
ਜਿਹੜੇ ਸੋਚਦੇ ਰਹੇ, ਵਿਚਾਰਦੇ ਰਹੇ ।
ਹੁਣ ਉੱਠਦੇ ਆਂ ਹੁਣ ਉੱਠਦੇ ਆਂ,
ਵਾਰੀ ਲੱਭਦੇ ਪਰ ਦਿਲੋਂ ਪਿਆਰਦੇ ਰਹੇ ।
ਐਪਰ ਗੁਰਮੁਖ ਮੈਂ ਪੰਜਾਂ ਨੂੰ ਮੰਨਦਾ ਹਾਂ,
ਜਿਹੜੇ ਸਿਦਕ ਨਾਲ ਸਨ ਭਰਪੂਰ ਪਹਿਲਾਂ ।
ਏਸ ਪਦਵੀ ਦਾ ਹੱਕ ਵੀ ਉਨ੍ਹਾਂ ਦਾ ਹੈ,
ਕੀਤਾ ਜਿਨ੍ਹਾਂ ਨੇ ਮਰਨ ਮੰਨਜ਼ੂਰ ਪਹਿਲਾਂ ।

ਵੇਖੋ ਅੰਮ੍ਰਿਤ ਦੇ ਨਾਲ ਮੈਂ ਕਰਨ ਲੱਗਾਂ,
"ਨਵੀਂ ਜ਼ਿੰਦਗੀ ਪੰਜਾਂ ਪਿਆਰਿਆਂ ਦੀ ।
ਸਿੱਧੇ ਰਾਹ 'ਤੇ ਪੈਣਗੇ ਕਈ ਬੇੜੇ,
ਲੋਅ ਵੇਖ ਕੇ ਚਾਨਣ ਮੁਨਾਰਿਆਂ ਦੀ ।

ਇਹਨਾਂ ਵਿਚ ਹੋਊ ਸਬਰ ਆਜਜ਼ਾਂ ਦਾ,
ਦਰਦ ਲਿੱਸਿਆਂ, ਕੂਕ ਦੁਖਿਆਰਿਆਂ ਦੀ ।
ਮੂੰਹ ਵਿਚ ਉਂਗਲਾਂ ਪਾਊ ਜਹਾਨ ਸਾਰਾ,
ਸ਼ਾਨ ਵੇਖ ਕੇ ਉੱਚੀ ਸਿਤਾਰਿਆਂ ਦੀ ।"
ਕਰ ਕੇ ਭਗਤੀ ਭਗਉਤੀ ਨੂੰ ਇਕ ਥਾਂ 'ਤੇ,
ਘੜਿਆ ਕਿਸੇ ਨਹੀਂ ਐਸਾ ਦਸਤੂਰ ਪਹਿਲਾਂ ।
ਏਹੋ ਜਿਹੀ ਨ ਕਿਸੇ ਨੇ ਮੰਗ ਮੰਗੀ,
ਕੀਤਾ ਕਿਸੇ ਨਹੀਂ ਮਰਨ ਮੰਨਜ਼ੂਰ ਪਹਿਲਾਂ ।

## ਸਜਾਇਆ ਗਿਆ ਖ਼ਾਲਸਾ

ਜਬਰ ਨੂੰ ਮਿਟਾਉਣ ਵਾਲਾ ਲੱਭਾ ਜਦੋਂ ਰਾਹ ਕੋਈ ਨਾ,
ਚਿਹਰਾ ਹੋਇਆ ਲਾਲੋ ਲਾਲ ਪਟਣੇ ਦੇ ਮਾਹੀ ਦਾ।
ਓਟ ਰੱਖ ਰੱਬ ਉੱਤੇ, ਕਰ ਲਿਆ ਫੈਸਲਾ ਇਹ,
ਦੇਸ਼ ਲਈ ਤੇਗ਼ ਨੂੰ ਉਠਾਵਣਾ ਹੈ ਚਾਹੀਦਾ।
ਲੱਖਾਂ 'ਚ ਖਲੋਤਾ ਵੀ ਪਛਾਤਾ ਜਾਵੇ ਸਿੱਖ ਮੇਰਾ,
ਐਸਾ ਨਿਆਰਾ ਰੂਪ ਹੋਵੇ, ਮੂਰਤੀ ਇਲਾਹੀ ਦਾ।
ਕੌਮ ਮੈਂ ਬਣਾਵਾਂ ਉਹ ਜੋ ਖੁਰਾ ਖੋਜ ਮੇਟ ਦੇਵੇ,
ਜ਼ੁਲਮ ਤੇ ਸਿੱਤਮ ਵਾਲੀ ਅੰਨ੍ਹੀ ਪਾਤਸ਼ਾਹੀ ਦਾ।
ਏਕੇ ਨਾਲ ਧੋਇਆ ਜਾਵੇ, ਹਿੰਦੀਆਂ ਦੇ ਹਿਰਦਿਆਂ ਤੋਂ,
ਲੱਗਾ ਹੋਇਆ ਦਾਗ਼ ਜ਼ਾਤ ਪਾਤ ਦੀ ਸਿਆਹੀ ਦਾ।
ਤਦੇ ਰੂਪ ਰੱਬ ਦਾ ਵਿਖਾਇਆ ਗੁਰਾਂ ਤੇਗ਼ ਵਿਚੋਂ,
ਸਾਜਣਾ ਸੀ ਰੂਪ ਜਿਹੜਾ ਸੰਤ ਤੇ ਸਿਪਾਹੀ ਦਾ।

ਫੇਰ ਸਮਾਂ ਸੋਚਿਆ ਸੀ ਸ੍ਰੀ ਦਸਮੇਸ਼ ਜੀ ਨੇ,
ਐਵੇਂ ਨਹੀਂ ਸੀ ਪਲਾਂ 'ਚ ਬਣਾਇਆ ਗਿਆ ਖਾਲਸਾ।
ਸਮੇਂ ਦੀ ਇਹ ਮੰਗ ਸੀ, ਤੇ ਮੌਜ ਪ੍ਰਮਾਤਮਾ ਦੀ,
ਤਦੇ ਰੂਪ ਗੁਰਾਂ ਨੂੰ ਵਿਖਾਇਆ ਗਿਆ ਖਾਲਸਾ ,।
ਪਹਿਲਾਂ ਗੁਰਾਂ ਤੱਕਿਆ ਸੀ, ਬਿਰਤੀ ਨੂੰ ਜੋੜ ਕੇ ਤੇ,
ਸੁਰਤ ਵਿਚ ਫੇਰ ਸੀ ਟਿਕਾਇਆ ਗਿਆ ਖਾਲਸਾ।
ਓਸੇ ਦਾ ਹੀ ਨਕਸ਼ਾ ਦਿਮਾਗ਼ ਨਾਲ ਖਿੱਚ ਕੇ ਤੇ,
ਓਹੋ ਮਨ ਵਿਚ ਸੀ ਵਸਾਇਆ ਗਿਆ ਖਾਲਸਾ।

'ਗੋਬਿੰਦ ਰਾਏ' ਸੀ ਪ੍ਰਭੂ ਵਿਚ ਲੀਨ ਹੋਇਆ,
ਕਾਦਰ ਦੀ ਕੁਦਰਤ ਉਹਨੂੰ ਸਾਹਮਣੇ ਵਿਖਾਈ ਦਿੱਤੀ।
ਬੱਦਲਾਂ ਨੇ ਗਰਜ ਦਿੱਤੀ, ਬਿਜਲੀ ਨੇ ਚਮਕ ਦਿੱਤੀ,
ਸੱਤੇ ਰੰਗ ਪੀਂਘ ਦਿੱਤੇ, ਸੂਰਜ ਗਰਮਾਈ ਦਿੱਤੀ।
ਸਾਗਰਾਂ ਨੇ ਜੋਸ਼ ਦਿੱਤਾ, ਪਰਬਤਾਂ ਨੇ ਸ਼ਾਂਤਮਈ,
ਤਾਰਿਆਂ ਨੇ ਲੋਅ ਦਿੱਤੀ, ਚੰਨ ਠੰਢਿਆਈ ਦਿੱਤੀ।
ਧਰਤੀ ਨੇ ਨਿੰਮ੍ਰਤਾ ਤੇ ਖੁੱਲ੍ਹ ਅਸਮਾਨ ਦਿੱਤੀ,
ਪੌਣ, ਪਾਣੀ, ਬਰਫ਼ਾਂ ਨੇ ਸੁੱਚ ਤੇ ਸਫ਼ਾਈ ਦਿੱਤੀ।
ਊਸ਼ਾ ਨੇ ਜਲਾਲ ਦਿੱਤਾ, ਖੇੜਾ ਪ੍ਰਭਾਤ ਦਿੱਤਾ,
ਰਾਤ ਨੇ ਇਕਾਂਤ ਦਿੱਤੀ, ਦਿਨ ਰੁਸ਼ਨਾਈ ਦਿੱਤੀ।
ਬਾਗਾਂ ਨੇ ਬਹਾਰ ਦਿੱਤੀ, ਭੌਰਿਆਂ ਪਿਆਰ ਦਿੱਤਾ,
ਕੋਇਲਾਂ ਨੇ ਦਰਦ ਦਿੱਤਾ, ਫੁੱਲਾਂ ਨਰਮਾਈ ਦਿੱਤੀ।

ਸਾਰੇ ਗੁਣ ਕੱਠੇ ਕਰ ਸ੍ਰੀ ਦਸਮੇਸ਼ ਪਿਤਾ,
ਪੂਰਨ-ਮਨੁੱਖ ਦਾ ਸਰੂਪ ਸੀ ਬਣਾਈ ਗਏ।
ਨਾਮ, ਸੰਤੋਖ, ਦਇਆ, ਧਰਮ ਤੇ ਗਿਆਨ ਲੈ,
ਸੱਚ, ਇਨਸਾਫ, ਨੇਕੀ ਵਿੱਚੇ ਉਹਦੇ ਪਾਈ ਗਏ।
ਸੇਵਾ ਤੇ ਸਿਦਕ, ਪ੍ਰੇਮ, ਨਿੰਮ੍ਰਤਾ ਤੇ ਸ਼ਾਂਤਮਈ,
ਅਣਖ, ਕੁਰਬਾਨੀ, ਜੋਸ਼, ਬੀਰਤਾ ਮਿਲਾਈ ਗਏ।
ਜੁਗਤੀ ਤੇ ਮੁਕਤੀ ਨੂੰ ਸ਼ਕਤੀ ਤੇ ਭਗਤੀ ਨੂੰ,
ਜਪ, ਤਪ, ਸੰਜਮ ਤੇ ਏਕਤਾ ਰਲਾਈ ਗਏ।

ਸਰਬ ਲੋਹ ਤੇ ਬਾਟੇ ਵਿਚ, ਨਿਰਮਲ ਜਲ ਪਾ ਕੇ,
ਫੇਰ ਫੇਰ ਖੰਡਾ, ਜੌਹਰ ਖੰਡੇ ਦਾ ਮਿਲਾਇਆ ਗਿਆ।

'ਜੀਤੋਂ' ਜੀ ਨੇ ਆਣ ਕੇ ਸੀ, ਬਾਟੇ 'ਚ ਪਤਾਸੇ ਪਾਏ,
ਸਮਝੋ ਮਿਠਾਸ ਨੂੰ ਸੀ ਜਲ 'ਚ ਰਲਾਇਆ ਗਿਆ।
ਫੇਰ ਪੰਜਾਂ ਸਾਹਮਣੇ ਸੀ 'ਜਪੁ ਜੀ' ਦਾ ਪਾਠ ਕੀਤਾ,
ਇਓਂ ਨਾਮ ਇੱਕੋ ਸੀ ਅਕਾਲ ਦਾ ਧਿਆਇਆ ਗਿਆ।
ਪੜ੍ਹਿਆ ਜਾਂ 'ਜਾਪ ਸਾਹਿਬ', ਸ਼ਕਤੀ ਬੇਅੰਤ ਆਈ,
ਫੇਰ ਸੀ ਵੈਰਾਗ ਲਈ 'ਸਵੈਯਾਂ' ਨੂੰ ਸੁਣਾਇਆ ਗਿਆ।
ਖੁਸ਼ੀ ਖੇੜੇ ਵਾਸਤੇ ਸੀ ਪੜ੍ਹਿਆ 'ਅਨੰਦ ਸਾਹਿਬ',
ਨਿੰਮ੍ਰਤਾ ਤੇ ਵਾਸਤੇ ਸੀ 'ਚੌਪਈ' ਨੂੰ ਗਾਇਆ ਗਿਆ।
ਭਗਤੀ ਤੇ ਸ਼ਕਤੀ ਨੂੰ ਕੱਠਾ ਕਰ ਇੱਕ ਥਾਵੇਂ,
ਇਓਂ ਖੰਡੇ-ਧਾਰ ਦਾ ਸੀ ਅੰਮ੍ਰਿਤ ਬਣਾਇਆ ਗਿਆ।

'ਦਇਆ ਰਾਮ' ਬੈਠਾ ਸੀ ਜੋ ਗਊ-ਰੂਪ ਧਾਰ ਕੇ ਤੇ,
ਖੰਡੇ-ਧਾਰ ਪਾਹੁਲ ਲੈ ਕੇ ਹੋ ਗਿਆ ਉਹ ਸ਼ੇਰ ਸੀ।
'ਧਰਮ ਦਾਸ' ਧਰਮੀ ਨੇ ਪੀਤਾ ਇਕ ਚੂਲਾ ਜਦੋਂ,
ਮਿਲੀ ਉਹਨੂੰ ਸ਼ਕਤੀ ਉਹ ਹੋ ਗਿਆ ਦਲੇਰ ਸੀ।
'ਸਾਹਿਬ ਚੰਦ' ਸਮਝਦਾ ਸੀ ਸਾਹਿਬ ਜਿਹੜਾ ਸਾਰਿਆਂ ਨੂੰ,
ਤੱਜ ਕੇ ਗੁਲਾਮੀ ਉਹ ਆਜ਼ਾਦ ਹੋਇਆ ਫੇਰ ਸੀ।
'ਹਿੰਮਤ ਰਾਏ' ਪੀਂਦਿਆਂ ਹੀ ਬਣਿਆਂ ਸੀ ਹਿੰਮਤੀ,
ਤੋਲੇ ਜਿਨਾਂ 'ਮੁਹਕਮ ਚੰਦ' ਹੋਇਆ ਸਵਾ ਸੇਰ ਸੀ।

ਲੱਖਾਂ 'ਚ ਖਲੋਤਾ ਸਿੰਘ ਵੱਖਰਾ ਹੀ ਜਾਪਦਾ ਏ,
ਕੇਸਾਂ ਵਾਲੇ ਰੂਪ 'ਚ ਵਿਖਾਇਆ ਗਿਆ ਖਾਲਸਾ।
ਕੰਘਾ, ਕੜਾ, ਕੱਛ ਅਤੇ ਕੇਸ, ਕ੍ਰਿਪਾਨ ਦੇ ਕੇ,
ਦੂਰ ਸੀ ਕੁਰਹਿਤਾਂ ਤੋਂ ਹਟਾਇਆ ਗਿਆ ਖਾਲਸਾ।

ਵਾਹਿਗੁਰੂ ਦੇ ਨਾਮ ਬਿਨਾਂ ਡਰੇ ਨਾ ਇਹ ਕਿਸੇ ਕੋਲੋਂ,
ਮੌਤ ਨਾਲ ਹੋਵੇ ਜਿਉਂ ਵਿਆਹਿਆ ਗਿਆ ਖਾਲਸਾ।
ਸਵੱਰਗਾਂ ਦੇ ਵਿੱਚ ਵੀ ਨਹੀਂ ਏਹੋ ਜਿਹਾ ਰੂਪ ਹੋਣਾ,
ਧਰਤੀ ਦਾ ਰੱਬ ਜੋ ਬਣਾਇਆ ਗਿਆ ਖਾਲਸਾ।
ਜਪੀ, ਤਪੀ, ਹਠੀ,ਐਸੀ ਰੀਸ ਕਿਸੇ ਕਰਨੀ ਕੀ ?
ਜੱਗ ਵਿਚ ਮੰਨਿਆ, ਸਲਾਹਿਆ ਗਿਆ ਖਾਲਸਾ।
ਏਹੋ ਜਹੇ ਖ਼ਾਲਸੇ ਦੀ ਲੋੜ ਸੀ ਜ਼ਰੂਰੀ ਓਦੋਂ,
ਤਦੇ ਸੀ ਵਿਸਾਖੀ 'ਤੇ ਸਜਾਇਆ ਗਿਆ ਖਾਲਸਾ।

ਖਾਲਸਾ ਜੋ ਸੱਜਦਾ ਏ ਜੁੜਦਾ ਅਕਾਲ ਨਾਲ,
ਇਕ ਹੱਥ ਮਾਲਾ ਓਹਦੇ, ਦੂਜੇ ਤਲਵਾਰ ਹੋਵੇ।
ਅੱਖਾਂ 'ਚ ਨਿਆਂ ਹੋਵੇ ਬੁੱਲ੍ਹਾਂ 'ਚ ਮਿਠਾਸ ਹੋਵੇ,
ਜੀਭ ਉੱਤੇ ਨਾਮ ਹੋਵੇ, ਕੰਨਾਂ 'ਚ ਪੁਕਾਰ ਹੋਵੇ।
ਮਨ ਉਹਦਾ ਨੀਵਾਂ ਹੋਵੇ, ਮੱਤ ਉਹਦੀ ਉੱਚੀ ਹੋਵੇ,
ਆਤਮਾ 'ਚ ਰੱਬ ਹੋਵੇ, ਦਿਲ ਸੇਵਾਦਾਰ ਹੋਵੇ।
ਪੰਜ ਕੱਕੇ ਧਾਰ ਲਵੇ, ਪੰਜ ਵੈਰੀ ਮਾਰ ਲਵੇ,
ਪੰਜ ਪੜ੍ਹੇ ਬਾਣੀਆਂ ਤੇ ਪੰਜਾਂ 'ਚ ਪਿਆਰ ਹੋਵੇ।

ਅੰਮ੍ਰਿਤ ਜੋ ਪੀ ਲਵੇ, ਸਦਾ ਚਿਰ ਜੀਅ ਲਵੇ,
ਸਰਬ ਗੁਣਾਂ ਵਾਲਾ ਉਹਨੂੰ ਮਿਲਦਾ ਖਜ਼ਾਨਾ ਏਂ।
ਹਰ ਥਾਂ ਕਨ੍ਹਈਏ ਵਾਗੂੰ ਇੱਕੋ ਉਹਨੂੰ ਰੂਪ ਦਿਸੇ,
ਵੈਰੀ ਕੋਈ ਓਸ ਦਾ ਤੇ ਨਾਹੀ ਕੋਈ ਬਿਗਾਨਾ ਏਂ।
ਨਾਮ ਜਪੇ, ਵੰਡ ਛਕੇ, ਧਰਮ ਦੀ ਕਮਾਈ ਕਰੇ,
ਭਾਣੇ ਵਿਚ ਰਹੇ, ਕਿੰਨਾ ਉੱਚਾ ਇਹ ਨਿਸ਼ਾਨਾ ਏਂ।

ਭੁੱਜੇ ਛੋਲੇ ਚੱਬ ਕੇ ਵੀ ਆਖੇ ਮੈਂ ਬਦਾਮ ਖਾਧੇ,
ਹੋਵੇ ਜੇ ਉਹ ਭੁੱਖਾ, ਆਖੇ ਲੰਗਰ ਮਸਤਾਨਾ ਏਂ ।
ਸੂਲ ਨੂੰ ਸੁਰਾਹੀ ਆਖੇ, ਖੰਜਰ ਨੂੰ ਪਿਆਲਾ ਕਹੇ,
ਹੱਸ ਕੇ ਸ਼ਹੀਦੀ ਦਾ ਉਹ ਬੰਨ੍ਹ ਲੈਂਦਾ ਗਾਨਾ ਏਂ ।
ਰਾਜਾ ਹੋ ਕੇ, ਯੋਗੀ ਹੋ ਕੇ, ਸਭਨਾਂ ਦਾ ਭਲਾ ਮੰਗੇ,
ਮੁੱਕਦੀ ਏ ਗੱਲ ਇਹਨੂੰ ਮੰਨਦਾ ਜ਼ਮਾਨਾ ਏਂ ।

ਨੂਰੋ ਨੂਰ ਚਿਹਰੇ ਵਾਲਾ, ਨੂਰ ਦੀ ਨੁਹਾਰ ਵਾਲਾ,
ਸਾਬਤ ਏ ਸੂਰਤ, ਸਿਰ ਸੋਹਣੀ ਦਸਤਾਰ ਏ ।
ਦੇਗ਼ ਵਾਲਾ, ਤੇਗ਼ ਵਾਲਾ, ਤੇਜ ਪਰਤਾਪ ਵਾਲਾ,
ਚੜ੍ਹਦੀਆਂ ਕਲਾਂ ਵਾਲਾ ਸਿੰਘ ਸਰਦਾਰ ਏ ।
ਅਮਨ ਵਿਚ, ਜੰਗ ਵਿਚ, ਸਾਇੰਸ ਵਿਚ, ਸਾਹਿਤ ਵਿਚ,
ਖੇਡਾਂ ਵਿਚ, ਘੋਲਾਂ ਵਿਚ, ਤਿਆਰ ਬਰ ਤਿਆਰ ਏ ।
ਸੰਤ ਵੀ ਸਿਪਾਹੀ ਵੀ ਏ, ਗੁਰੂ ਵੀ ਏ, ਚੇਲਾ ਵੀ ਏ,
'ਕੋਮਲ' ਇਹ ਮਨੁੱਖ ਏ ਕਿ ਆਪ ਕਰਤਾਰ ਏ ।

## ਅੰਮ੍ਰਿਤ ਸ਼ਕਤੀ ਅਤੇ ਸਿੰਘ

ਬਾਟੇ ਲੋਹੇ ਦੇ ਵਿਚੋਂ ਫ਼ੌਲਾਦ ਲੈ ਕੇ,
ਨਿਰਮਲ ਜਲ ਵਿਚੋਂ ਪਵਿਤ੍ਰਤਾਈ ਲੈ ਕੇ।
ਜੌਹਰ ਖੰਡੇ ਤੋਂ, ਮਿੱਠਤ ਪਤਾਸਿਆਂ ਤੋਂ।
'ਜਪੁ ਜੀ' ਸਾਹਿਬ ਤੋਂ ਨਾਮ ਵਡਿਆਈ ਲੈ ਕੇ।
ਲੈ ਕੇ ਖ਼ੁਸ਼ੀ ਤੇ ਖੇੜਾ 'ਅਨੰਦ' ਵਿਚੋਂ,
'ਜਾਪੁ' ਸਾਹਿਬ ਤੋਂ ਸ਼ਕਤੀ ਕਰੜਾਈ ਲੈ ਕੇ।
ਲੈ ਕੇ ਸਿਦਕ, ਵੈਰਾਗ 'ਸਵੱਈਆਂ' ਵਿਚੋਂ,
'ਚੌਪਈ' ਸਾਹਿਬ ਵਿਚੋਂ ਨਿੰਮ੍ਰਤਾਈ ਲੈ ਕੇ।
ਕਲਗ਼ੀਧਰ ਨੇ ਕੀਤਾ ਤਿਆਰ ਅੰਮ੍ਰਿਤ,
ਪੰਜਾਂ ਚੁਣਿਆਂ ਨੂੰ ਫੇਰ ਪਿਲਾ ਦਿੱਤਾ।
ਉਹਨਾਂ ਪੰਜਾਂ ਤੋਂ ਪੀ ਕੇ ਪਾਹੁਲ ਪਹਿਲਾਂ,
ਗੁਰੂ ਚੇਲੇ ਦਾ ਭੇਤ ਮਿਟਾ ਦਿੱਤਾ।
ਅੰਮ੍ਰਿਤ ਛਕ ਕੇ ਪੰਜਾਂ ਪਿਆਰਿਆਂ ਤੋਂ,
ਨਵੀਂ ਸਿੰਘਾਂ ਦੀ ਇਕ ਜਮਾਤ ਬਣ ਗਈ।
ਹਰ ਇਕ ਸਿੰਘ ਬਣਿਆ ਸਵਾ ਲੱਖ ਵਰਗਾ,
ਅੰਮ੍ਰਿਤ-ਦਾਤ ਐਸੀ ਕਰਾਮਾਤ ਬਣ ਗਈ।
ਗਿੱਦੜ ਸ਼ੇਰ ਬਣ ਗਏ, ਚਿੜੀਆਂ ਬਾਜ਼ ਬਣੀਆਂ,
ਕਾਲੀ ਰਾਤ ਵੀ ਨਵੀਂ ਪ੍ਰਭਾਤ ਬਣ ਗਈ।
ਊਚ ਨੀਚ ਮਿਟਿਆ, ਜ਼ਾਤ ਪਾਤ ਮੁੱਕੀ,
ਸਾਂਝੀ ਇਕੋ ਹੀ ਰੱਬ ਦੀ ਜ਼ਾਤ ਬਣ ਗਈ।

ਆਤਮਕ ਬਲ ਤੇ ਚੜ੍ਹਦੀਆਂ ਕਲਾਂ ਵਾਲੇ,
ਸਿੰਘ ਬਣੇ ਨਿਰਾਲੇ ਦਸਮੇਸ਼ ਵਰਗੇ ।
ਸੂਰੇ, ਤੇਜ ਪਰਤਾਪੀ, ਮਨੁੱਖ ਪੂਰਨ,
ਬਾਦਸ਼ਾਹ ਤੇ ਗੁਰੂ-ਦਰਵੇਸ਼ ਵਰਗੇ ।

ਅੰਮ੍ਰਿਤ-ਸ਼ਕਤੀ ਹੀ ਸੀ ਕਿ ਸਿੰਘ ਚਾਲੀ,
ਦਸ ਲੱਖ ਫ਼ੌਜ਼ ਦੇ ਅੱਗੇ ਸੀ ਅੜ ਸਕੇ ।
ਅੰਮ੍ਰਿਤ-ਕ੍ਰਿਸ਼ਮਾ ਹੀ ਸੀ ਕਿ ਦੀਪ ਸਿੰਘ ਜੀ,
ਸੀਸ ਤਲੀ 'ਤੇ ਰੱਖ ਕੇ ਲੜ ਸਕੇ ।
ਬੰਦ ਬੰਦ ਕਟਵਾਏ, ਲੁਹਾਏ ਖੋਪਰ,
ਤਨ ਤੁੜਵਾਏ ਤੇ ਚਰਖੜੀ ਚੜ੍ਹ ਸਕੇ ।
ਪਾ ਕੇ ਸਿਰਾਂ ਦੇ ਮੁੱਲ ਵੀ ਖ਼ਾਲਸੇ ਨੂੰ,
ਜ਼ਾਲਮ ਧਰਮ ਤੋਂ ਲਾਂਭੇ ਨਾ ਖੜ ਸਕੇ ।

'ਬੰਦੇ' ਨਾਲ ਸਨ ਫੜੇ ਗਏ ਸਿੰਘ ਅੱਠ ਸੌ,
ਐਪਰ ਧਰਮ ਤੋਂ ਇੱਕ ਵੀ ਡੋਲਿਆ ਨਾ ।
ਰੋਜ਼ ਦਿੱਲੀ ਵਿਚ ਸੌ ਸੌ ਸ਼ਹੀਦ ਹੋਏ,
ਮੂੰਹੋਂ 'ਸੀ' ਪਰ ਕੋਈ ਵੀ ਬੋਲਿਆ ਨਾ ।

ਪਏ ਸਿੰਘਾਂ ਦੇ ਸਿਰਾਂ ਦੇ ਮੁੱਲ ਭਾਵੇਂ,
ਤਾਂ ਵੀ ਕਰਦੇ ਉਪਕਾਰ ਨਾ ਰੱਜਦੇ ਰਹੇ ।
ਧਰਮ ਵਾਸਤੇ ਰਹੇ ਸ਼ਹੀਦ ਹੁੰਦੇ,
ਦੇਸ਼ ਵਾਸਤੇ ਰਣ ਵਿਚ ਗੱਜਦੇ ਰਹੇ ।
ਹਿੰਦੂ ਲੜਕੀਆਂ ਖੋਹ ਕੇ ਜ਼ਾਲਮਾਂ ਤੋਂ,
ਪਰਦੇ ਹਿੰਦ ਨਿਮਾਣੀ ਦੇ ਕੱਜਦੇ ਰਹੇ ।

ਏਦਾਂ ਪੱਤ ਬਚਾਉਂਦੇ ਸੀ ਸਿੰਘ ਉਦੋਂ,
ਹੱਥ ਲਾ ਕੰਨੀਂ ਵੈਰੀ ਭੱਜਦੇ ਰਹੇ।
ਐਸੇ ਸਿੰਘਾਂ ਨੇ ਹੱਸ ਕੇ ਮੌਤ ਨੂੰ ਵੀ,
ਕਰ ਕੇ ਟਿਚਕਰਾਂ ਸਵੈ-ਵਿਸ਼ਵਾਸ ਰੱਖਿਆ।
ਖੂੰਨ ਡੋਲ੍ਹ ਰਵਾਇਤਾਂ ਨੂੰ ਕਾਇਮ ਕੀਤਾ,
ਜੀਉਂਦਾ ਸਿੱਖੀ ਦਾ ਰੋਸ਼ਨ ਇਤਿਹਾਸ ਰੱਖਿਆ।
ਖੂੰਨੀ ਵਰਕੇ ਇਤਿਹਾਸ ਦੇ ਦਸਦੇ ਨੇ,
ਸਿੰਘਾਂ ਮਾਨਤਾ ਦਿੱਤੀ ਕੁਰਬਾਨੀਆਂ ਨੂੰ।
ਅੰਮ੍ਰਿਤ-ਧਾਰੀਆਂ ਰੱਖ ਵਿਖਾ ਦਿੱਤੀ,
ਠਲ੍ਹ ਪਾਈ ਲੁਟੇਰੇ ਅਫ਼ਗਾਨੀਆਂ ਨੂੰ।
ਚਨੇ ਲੋਹੇ ਦੇ ਚੰਗੇ ਚਬਾਏ ਸਿੰਘਾਂ,
ਫੜ ਅਬਦਾਲੀਆਂ ਅਤੇ ਦੁੱਰਾਨੀਆਂ ਨੂੰ।
ਅਜੇ ਕੱਲ੍ਹ ਹੀ ਜਿਹੜੀ ਸੀ ਮਾਰ ਮਾਰੀ,
ਕਦੋਂ ਭੁੱਲਣੀ ਏਂ, ਪਾਕਿਸਤਾਨੀਆਂ ਨੂੰ।
ਰਖੇ ਹਿੰਦ ਦੀ ਲਾਜ ਤੇ ਪੱਤ ਦੇ ਇਹ,
ਪਰਉਪਕਾਰ ਤੇ ਕਰਨੀਆਂ ਕਰਨ ਵਾਲੇ।
ਇਹ ਮਰਜੀਵੜੇ ਹੈਨ ਮਨੁੱਖ ਉੱਤਮ,
ਸੱਚ ਧਰਮ ਲਈ ਜੀਊਣ ਤੇ ਮਰਨ ਵਾਲੇ।
ਅੰਮ੍ਰਿਤ ਨਾਲ ਹੈ ਖਾਲਸਾ ਅਮਰ ਹੋਇਆ,
ਨਾ ਹੀ ਹਾਰ ਸਕਿਆ, ਨਾ ਹੀ ਝੁੱਕ ਸਕਿਆ।
ਬੂਟਾ ਧਰਮ ਦਾ ਖੂੰਨ ਦੇ ਨਾਲ ਪਲਿਆ,
ਨਾ ਹੀ ਢਹਿ ਸਕਿਆ, ਨਾ ਹੀ ਸੁੱਕ ਸਕਿਆ।

ਸੂਰਬੀਰਾਂ ਦਾ ਕਾਫ਼ਲਾ, ਠੀਕ ਰਾਹੋਂ,
ਨਾ ਹੀ ਉੱਕ ਸਕਿਆ, ਨਾ ਹੀ ਰੁੱਕ ਸਕਿਆ ।
ਕਿਸੇ ਸਮੇਂ ਜ਼ਰੂਰ ਇਹ ਘਟ ਗਿਆ ਸੀ,
ਪਰ ਨਾ ਮਰ ਸਕਿਆ, ਨਾ ਹੀ ਮੁੱਕ ਸਕਿਆ ।
ਦੁੱਖ ਜਰੇ ਅਸਹਿ ਅਕਹਿ ਭਾਵੇਂ,
ਧਰਮ ਛੱਡਣਾ ਨਹੀਂ ਕਬੂਲਿਆ ਸੀ ।
ਆਖ਼ਰ 'ਜਮਨਾ' ਤੋਂ ਲੈ ਕੇ 'ਜਮਰੌਦ' ਤੀਕਰ;
ਸਿੱਖ-ਰਾਜ ਦਾ ਕੇਸਰੀ ਝੂਲਿਆ ਸੀ ।

## ਸਿੰਘ-ਸੰਤ ਸਿਪਾਹੀ

ਸਿੰਘ ਜਨਮਦਾ ਤੇਗ਼ ਦੀ ਧਾਰ ਵਿਚੋਂ,
ਨਵਾਂ ਰੂਪ ਲੈ ਵਿਚ ਸੰਸਾਰ ਆਉਂਦੈ ।
ਗੁੜ੍ਹਤੀ ਪੀ ਕੇ ਖੰਡੇ ਦੀ ਧਾਰ ਵਿਚੋਂ,
ਚੜ੍ਹਦੀ ਕਲਾ ਵਿਚ ਤਿਆਰ-ਬਰ-ਤਿਆਰ ਆਉਂਦੈ।
ਸਾਬਤ ਸੂਰਤ ਉਹ ਕੇਸਾਂ ਤੇ ਨਾਲ ਦਾੜ੍ਹੀ,
ਸਿਰ 'ਤੇ ਬੰਨ੍ਹ ਕੇ ਜਦੋਂ ਦਸਤਾਰ ਆਉਂਦੈ ।
ਲੱਖਾਂ ਵਿਚੋਂ ਪਛਾਣਿਆਂ ਜਾਏ 'ਕੱਲਾ',
ਲੋਕੀਂ ਦੂਰੋਂ ਹੀ ਕਹਿੰਦੇ, ਸਰਦਾਰ ਆਉਂਦੈ ।

ਅੰਮ੍ਰਿਤ ਛਕ ਕੇ ਸਿੰਘ ਅਮੱਰ ਹੁੰਦੇ,
ਮਰਦ ਸੂਰਮਾਂ, ਪੁਰਖ ਉਹ ਪਰਮ ਹੁੰਦੈ ।
ਉਹਦੇ ਮਨ ਵਿਚ ਨਿੰਮ੍ਰਤਾ, ਪ੍ਰੇਮ, ਭਗਤੀ,
ਸਤਿ, ਸੰਤੋਖ, ਸੇਵਾ, ਦਇਆ, ਧਰਮ ਹੁੰਦੈ ।
ਜੋਸ਼, ਅਣਖ, ਕੁਰਬਾਨੀ ਤੇ ਬੀਰਤਾ ਵੀ,
ਲੋਕ-ਭਲਾ, ਉਹਦਾ ਸ਼ੁਭ ਕਰਮ ਹੁੰਦੈ ।
ਸ਼ਾਂਤੀ, ਖੁਸ਼ੀ, ਗਿਆਨ, ਵੈਰਾਗ, ਮੁਕਤੀ,
ਜੀਊਣ-ਮਰਨ ਦੀ ਚਿੰਤਾ, ਨਾ ਭਰਮ ਹੁੰਦੈ ।

ਸਿੰਘ ਸ਼ੇਰ ਵਾਂਗੂ ਸ਼ਕਤੀਵਾਨ ਹੁੰਦੈ,
ਉਹਦੇ ਉਤੇ ਨਿਰਾਲਾ ਹੀ ਰੰਗ ਹੁੰਦੈ ।
ਹੱਡਾਂ ਵਿਚ ਰਚਿਆ ਉਹਦੇ ਧਰਮ ਹੁੰਦੈ,
ਸਿਖੀ-ਸਿਦਕ ਉਹਦੇ ਅੰਗ-ਅੰਗ ਹੁੰਦੈ ।
ਉਹਨੂੰ ਗੁਰੂ ਕੀ ਲਾਡਲੀ ਫੌਜ ਕਹਿੰਦੇ,
ਸਿੰਘ ਸੂਰਮਾਂ ਸਦਾ ਨਿਹੰਗ ਹੁੰਦੈ ।

ਸਿੰਘ ਅਮਨ ਵਿਚ ਸਦਾ ਹੀ ਸੰਤ ਹੁੰਦੈ,
ਜੂਝੇ ਬਣ ਸਿਪਾਹੀ ਜਦ ਜੰਗ ਹੁੰਦੈ ।

ਸਿੰਘਾਂ ਵਿਚੋਂ ਦਸਮੇਸ਼ ਦਾ ਰੂਪ ਦਿਸਦੈ,
ਇਕ ਰੱਬ ਤੋਂ ਹੈਨ ਇਹ ਡਰਨ ਵਾਲੇ ।

ਆਤਮ ਗਿਆਨੀ, ਨਿਰਲੇਪ ਤੇ ਰਾਜ-ਯੋਗੀ,
ਹਾਮੀ ਸਦਾ ਗੁਰਬਾਣੀ ਦੀ ਭਰਨ ਵਾਲੇ ।

ਜੀਵਨ ਮੌਤ ਨੂੰ ਇਕੋ ਜਿਹਾ ਸਮਝਦੇ ਨੇ,
ਦੁੱਖ ਸੁੱਖ ਨੂੰ ਹੱਸ ਕੇ ਜਰਨ ਵਾਲੇ ।

ਹਰ ਦਮ ਰਹਿਣ ਤਿਆਰ ਕੁਰਬਾਨੀਆਂ ਨੂੰ,
ਸਿਰ ਸਿਦਕ ਲਈ ਤਲੀ 'ਤੇ ਧਰਮ ਵਾਲੇ ।

ਐਸੇ ਸਿੰਘਾਂ ਨੇ ਲੱਖਾਂ ਹੀ ਜ਼ਾਲਮਾਂ ਦੀ,
ਰੱਖ ਦਿੱਤੀ ਸੀ ਮਿੱਟੀ ਵੈਰਾਨ ਕਰ ਕੇ,

ਕਰਤੱਵ ਇਹਨਾਂ ਦੇ ਵੱਧ ਕੇ ਕਰਾਮਾਤੋਂ,
ਰੱਖਿਆ ਜੱਗ ਨੂੰ ਇਹਨਾਂ ਹੈਰਾਨ ਕਰ ਕੇ ।

'ਕੋਮਲ' ਪਰ-ਉਪਕਾਰੀ ਇਹ ਪਾਤਸ਼ਾਹ ਨੇ,
ਜੀਉਂਦੇ ਜਾਗਦੇ ਉੱਚੇ ਨਿਸ਼ਾਨ ਕਰ ਕੇ ।

ਮਰਨਾ ਜੀਊਣ ਖ਼ਾਤਰ, ਜੀਣਾ ਮਰਨ ਖ਼ਾਤਰ,
ਸਿੰਘਾਂ ਸਿੱਖਿਆ ਏ ਅੰਮ੍ਰਿਤ ਪਾਨ ਕਰ ਕੇ ।

## ਪੂਰਨ-ਮਨੁੱਖ ਖ਼ਾਲਸਾ

ਉਤਮ ਜੂਨ ਦੇ ਕੇ ਜੀਵਾਂ ਸਾਰਿਆਂ ਤੋਂ,
ਘੜਿਆ ਰੱਬ ਨੇ ਰੀਝਾਂ ਦੇ ਨਾਲ ਬੰਦਾ ।
ਸੋਹਣੀ ਜ਼ਿੰਦਗੀ ਨਾਲ ਸ਼ਿੰਗਾਰ ਕੇ ਤੇ,
ਗੁਣਾਂ ਨਾਲ ਬਣਾਇਆ ਕਮਾਲ ਬੰਦਾ ।

ਐਪਰ ਫਸ ਕੇ ਮਾਇਆ ਦੇ ਜਾਲ ਅੰਦਰ,
ਬੰਦਾ ਆਪਣਾ ਆਪ ਭੁਲਾ ਬੈਠਾ ।
ਜਿਹੜਾ ਅਸਲ ਮਨੋਰਥ ਸੀ ਜ਼ਿੰਦਗੀ ਦਾ,
ਦੀਵਾ ਓਸ ਦਾ ਮੂਲੋਂ ਬੁਝਾ ਬੈਠਾ ।

ਮਨ ਵਿਚ ਹੋਇਆ ਹਨੇਰਾ ਅਗਿਆਨ ਵਾਲਾ,
ਹਿੱਸੇ ਕੀਤੇ ਉਸ ਇਕ ਭਗਵਾਨ ਦੇ ਦੋ ।
ਆਪੋ ਆਪਣੇ ਮਜ਼ਹਬ ਬਣਾ ਕੇ ਤੇ,
ਧੜੇ ਕੀਤੇ ਉਸ ਇੱਕ ਇਨਸਾਨ ਦੇ ਦੋ ।

ਇੱਕ ਧੜੇ ਦੇ ਹੱਥ ਤਲਵਾਰ ਆ ਗਈ,
ਏਨੇ ਬਣੇ ਜ਼ਾਲਮ ਚਿਟੇ ਲਹੂ ਹੋ ਗਏ,
ਦੂਜੇ ਧੜੇ ਨੇ ਹੱਥ ਵਿਚ ਫੜੀ ਮਾਲਾ,
ਏਨੀ ਦਇਆ ਆਈ ਨਿਰੇ ਗਊ ਹੋ ਗਏ ।

ਬੱਸ ਫੇਰ ਕੀ ਸੀ, ਜਾਬਰ ਜ਼ਬਰਦਸਤੀ,
ਹਾਕਮ ਅਤੇ ਮਾਲਿਕ ਸ਼ਰ੍ਹੇ-ਆਮ ਬਣ ਗਏ ।
ਮੰਨਣ ਵਾਲੇ ਅਹਿੰਸਾ ਨੂੰ, ਬਣੇ ਨਿਰਬਲ,
ਹੌਲੀ ਹੌਲੀ ਉਹ ਪੱਕੇ ਗੁਲਾਮ ਬਣ ਗਏ ।

ਏਸ ਤਰ੍ਹਾਂ ਮਨੁੱਖਤਾ ਗਈ ਵੰਡੀ,
ਹੁਕਮ ਤਕੜੇ ਦਾ ਮਾੜੇ ਲਈ ਛੁਰੀ ਹੋ ਗਈ ।

ਹੋਇਆ ਰੱਬ ਦੇ ਕੋਲੋਂ ਘਸੁੰਨ ਨੇੜੇ,
ਸੋਹਣੀ ਜ਼ਿੰਦਗੀ ਮੌਤ ਤੋਂ ਬੁਰੀ ਹੋ ਗਈ ।

ਹਾਲਤ ਵੇਖ ਦਾਤਾਰ ਨੇ ਮਿਹਰ ਕੀਤੀ,
ਜਗਤ ਗੁਰੂ ਦਾ ਉਹਨੇ ਪ੍ਰਕਾਸ਼ ਕੀਤਾ ।
ਜਿਸ ਨੇ ਹੱਥ ਵਿਚ ਸੱਚ ਦੀ ਸ਼ਮ੍ਹਾਂ ਲੈ ਕੇ,
ਪਰਦਾ ਨ੍ਹੇਰ ਵਾਲਾ ਪਾਸ਼ ਪਾਸ਼ ਕੀਤਾ ।

ਉਹਨੇ ਬੂਟਾ ਗੁਰਸਿੱਖੀ ਦਾ ਲਾ ਦਿੱਤਾ,
ਗੂੜ੍ਹੀ ਛਾਂ ਦਾ ਰੁੱਖ ਬਨਾਉਣ ਬਦਲੇ ।
ਦਸ ਜਾਮੇ ਫਿਰ ਧਾਰਨੇ ਪਏ ਉਹਨੂੰ,
ਜੱਗ ਤੇ ਪੂਰਨ ਮਨੁੱਖ ਬਨਾਉਣ ਬਦਲੇ ।

ਪਹਿਲੇ ਪੰਜਾਂ ਨੇ ਪਾਲਣ ਲਈ ਇਹ ਬੂਟਾ,
ਨਾਲ ਮਾਲਾ ਤੇ ਸ਼ਾਂਤਮਈ ਜਲ ਦਿੱਤਾ ।
ਦੂਜੇ ਪੰਜਾਂ ਨੇ ਰੱਖਿਆ ਕਰਨ ਦੇ ਲਈ,
ਨਾਲ ਤੇਗ਼ ਦੇ ਤੇਜ ਤੇ ਬਲ ਦਿੱਤਾ ।

ਮਿਲੀ ਭਗਤੀ ਤਾਂ ਮਨ ਇਹ ਸ਼ਾਂਤ ਹੋਇਆ,
ਤਨ ਮਨ ਬੰਦੇ ਦਾ ਸੱਚ ਦਾ ਰਾਹੀ ਬਣਿਆ ।
ਮਿਲੀ ਬੀਰਤਾ ਜਦੋਂ ਭਗਉਤੀ ਤੋਂ,
ਪੂਰਨ ਖ਼ਾਲਸਾ ਸੰਤ ਸਿਪਾਹੀ ਬਣਿਆ ।

ਬਣਿਆ ਸਹੀ ਮੁਕੰਮਲ ਇਨਸਾਨ ਜੱਗ 'ਤੇ,
ਨਾਮ ਓਸ ਦਾ ਰੱਖਿਆ ਖਾਲਸਾ ਸੀ ।
ਜਿਹਨੂੰ ਮੌਤ ਦਾ ਉਕਾ ਹੀ ਗ਼ਮ ਨਹੀਂ ਸੀ,
ਤੇ ਨਾ ਜੀਊਣ ਦੀ ਹੀ ਕੋਈ ਲਾਲਸਾ ਸੀ ।

ਮੱਥਾ ਦਮਕਦਾ, ਚਮਕਦੇ ਨੈਣ ਉਹਦੇ,
ਚਿਹਰਾ ਨੂਰ ਭਰਿਆ ਤੇ ਨੁਹਾਰ ਸੋਹਣੀ ।
ਮੁੱਛਾ ਕੁੰਢੀਆਂ ਤੇ ਦਾਹੜਾ ਤੇਜ ਵਾਲਾ,
ਸਿਰ 'ਤੇ ਕੇਸ ਉਹਦੇ 'ਤੇ ਦਸਤਾਰ ਸੋਹਣੀ ।

ਚੌੜੀ ਹਿੱਕ ਉਹਦੀ, ਡੌਲੇ ਜ਼ੋਰ ਵਾਲੇ,
ਰੋਅਬ ਦਾਬ ਵਾਲਾ ਰੰਗ ਢੰਗ ਉਹਦਾ ।
ਬਾਹਵਾਂ ਲੰਮੀਆਂ, ਲੱਤਾਂ ਦੇ ਵਿਚ ਫੁਰਤੀ,
ਸ਼ਕਤੀ ਨਾਲ ਭਰਿਆ ਅੰਗ ਅੰਗ ਉਹਦਾ ।

ਦਾਸ ਪੰਥ ਦਾ, ਪੂਰਾ ਗੁਰਸਿੱਖ ਸੂਰਾ,
ਦੁਨੀਆ ਵਿਚ ਨਿਆਰਾ ਸਰੂਪ ਹੈ ਉਹ ।
ਸਦਾ ਨਾਮ ਜਹਾਨ ਤੇ ਅਮਰ ਉਹਦਾ,
ਅਸਲ ਵਿਚ ਅਕਾਲ ਦਾ ਰੂਪ ਹੈ ਉਹ ।

ਚੜ੍ਹਿਆ ਰੰਗ ਅੱਜ ਸਿੱਖੀ 'ਤੇ ਦਿਸਦਾ ਜੋ,
ਖ਼ੂੰਨ ਖ਼ਾਲਸੇ ਦਾ ਸੁੱਚਾ ਜਾਪਦਾ ਏ ।
ਸੂਰਜ ਵਾਂਗ ਜੋ ਅੱਜ ਤੱਕ ਪਈ ਚਮਕੇ,
ਸਿੱਟਾ ਉਸੇ ਹੀ ਤੇਜ ਪ੍ਰਤਾਪ ਦਾ ਏ ।
ਐਸਾ ਖਾਲਸਾ ਚੜ੍ਹਦੀਆਂ ਕਲਾਂ ਵਾਲਾ,
'ਕੋਮਲ' ਵਿਰਲਾ ਹੀ ਕਿਤੇ ਨਿਡਰ ਦਿਸਦੈ ।
ਜੇ ਕਰ ਮਿਲੇ ਤਾਂ ਉਹਦੀ ਨੁਹਾਰ ਵਿਚੋਂ,
ਸਾਖਿਆਤ ਵੇਖੋ ਕਲਗ਼ੀਧਰ ਦਿਸਦੈ ।

## ਭਾਗ ਚੌਥਾ

# ਖ਼ਾਲਸਾ ਸ਼ਹਾਦਤ ਦੇ ਮੈਦਾਨ ਵਿਚ

ਕਿਸੇ ਕੌਮ ਦੀ ਸ਼ਕਤੀ ਜੇ ਵੇਖਣੀ ਏਂ,
ਕਦੇ ਗਿਣੋਂ ਨਾ ਉਹਦੇ ਮੁਰੀਦ ਕਿੰਨੇ ?
ਬੰਦੇ ਗਿਣੋਂ ਨਾ, ਸਗੋਂ ਇਹ ਕਰੋ ਗਿਣਤੀ,
ਓਸ ਕੌਮ ਵਿਚ ਹੋਏ ਸ਼ਹੀਦ ਕਿੰਨੇ ?

# ਸਾਹਿਬਜ਼ਾਦਾ ਅਜੀਤ ਸਿੰਘ
# ਜੰਗ ਚਮਕੌਰ ਵਿਚ

ਅੱਧਿਓਂ ਵੱਧ ਜਦ ਸਿੰਘ ਸਨ, ਕਰ ਗਏ ਕੁਰਬਾਨੀ।
ਤਦ ਉਠਿਆ ਸ਼ੇਰ ਅਜੀਤ ਸਿੰਘ, ਲੈ ਹੱਥ ਭਵਾਨੀ।
ਉਹ ਉੱਨੀ ਸਾਲ ਦਾ ਗੱਭਰੂ, ਉੱਠ ਰਹੀ ਜਵਾਨੀ।
ਉਦ੍ਹੇ ਚੇਹਰੇ 'ਤੇ ਤਪ ਤੇਜ ਸੀ, ਜਿਉਂ ਜੋਤਿ ਨੂਰਾਨੀ।
ਉਦ੍ਹੇ ਅੰਗਾਂ ਵਿਚ ਸੀ ਚੁਸਤੀ, ਫੁਰਤੀ ਤੇ ਰਵਾਨੀ।
ਤੇ ਰੂਪ ਨਿਰਾ ਦਸਮੇਸ਼ ਦਾ, ਦਸਮੇਸ਼-ਨਿਸ਼ਾਨੀ।
ਉਸ ਹੱਥ ਜੋੜ ਕੇ ਆਖਿਆ, "ਗੁਰ-ਪਿਤਾ ਲਾਸਾਨੀ!
ਦਿਓ ਅਸੀਸਾਂ ਪੁੱਤ ਨੂੰ, ਅੱਜ ਮੇਰੇ ਜਾਨੀ।
ਮੈਂ ਦੂਜੇ ਸਿੰਘਾਂ ਵਾਂਗਰਾਂ, ਜਾ ਲੜਾਂ ਮੈਦਾਨੀਂ।
ਤੇ ਕਲਾ ਵਿਖਾਵਾਂ ਤੇਗ ਦੀ, ਵਰਤੇ ਹੈਰਾਨੀ।"

ਹੱਸ ਬੋਲੇ ਕਲਗੀਧਰ ਜੀ, "ਮੈਂ ਜਾਂ ਬਲਿਹਾਰੀ।
ਮੈਂ ਖੁਸ਼ ਹਾਂ ਬੇਟਾ ਯਾਦ ਹੈ, ਤੈਨੂੰ ਆਪਣੀ ਵਾਰੀ।
ਸ਼ਾਵਾ! ਕਰ ਲਈ ਜੰਗ ਦੀ, ਤੂੰ ਦਿਲੋਂ ਤਿਆਰੀ।
ਜਾ ਲੇਖੇ ਲਾ ਦੇ ਪੰਥ ਦੇ, ਆਪਣੀ ਸਰਦਾਰੀ।
ਜੌਹਰ ਦਿਖਾ ਕਿ ਨੱਸ ਜਾਣ, ਜ਼ਾਲਮ, ਹੰਕਾਰੀ।
ਰੱਖਣ ਯਾਦ ਕਿ ਸੂਰਮੇ, ਕਿਸੇ ਤੇਗ ਸੀ ਮਾਰੀ।"

ਥਾਪੀ ਲੈ ਅਜੀਤ ਸਿੰਘ ਰਣ ਜੂਝਣ ਚੜ੍ਹਿਆ।
ਬੂਹਾ ਗੜ੍ਹੀ ਦਾ ਖੋਲ੍ਹ ਕੇ ਓਹ ਰਣ ਵਿਚ ਵੜਿਆ।
ਪੰਜਾਂ ਸਿੰਘਾ ਨਾਲ ਉਹ ਦਲ ਅੱਗੇ ਖੜਿਆ।
ਜਿਵੇਂ ਰੱਬ ਨੇ ਉਨ੍ਹਾਂ ਨੂੰ ਸੀ ਜੰਗ ਲਈ ਘੜਿਆ।
ਤੀਰ ਮੁੱਕੇ ਤਾਂ ਉਹਨਾਂ ਨੇ ਤੇਗਾਂ ਨੂੰ ਫੜਿਆ।
ਉਨ੍ਹਾਂ ਵਧ ਵਧ ਤੇਗਾਂ ਮਾਰੀਆਂ ਅੜਿਆ ਸੋ ਝੜਿਆ।

ਜਾਂ ਸਿੰਘ ਸ਼ਹੀਦੀ ਪਾ ਗਏ, ਉਹ ਕੱਲ੍ਹਾ ਈ ਲੜਿਆ।
ਕੀਰਤਨ ਸੋਹਿਲਾ ਓਸ ਨੇ ਕਈਆਂ ਦਾ ਪੜ੍ਹਿਆ।

ਓਧਰ ਫ਼ੌਜ 'ਸਰਹੰਦ' ਦੀ, ਦਲ ਬਹੁਤ ਵਡੇਰਾ।
ਮੁਗ਼ਲ, ਪਠਾਣ, ਮੁਹੰਮਦੀ, ਮੀਲਾਂ ਤੱਕ ਡੇਰਾ।
ਗੁੱਜਰ, ਰੰਘੜ ਆਏ ਸਨ, ਲੈ ਦਰਦ ਘਨੇਰਾ।
ਕੁੱਲ ਰਾਜਪੂਤ, ਚੌਗੱਤਿਆਂ ਸੀ ਪਾਇਆ ਘੇਰਾ।
ਚੁਗ਼ਲ, ਗ਼ੱਦਾਰ, ਤਮਾਸ਼ਬੀਨ, ਕੁੱਲ ਚੋਰ ਲੁਟੇਰਾ।
ਕੁੱਟ ਕੁੱਟ ਭਰਿਆ ਜਿਨ੍ਹਾਂ ਵਿਚ, ਸੀ ਕੁਫਰ ਵਧੇਰਾ।
ਕੀ ਜਵਾਨ, ਕੀ ਅਧਖੜ, ਕੀ ਬੁੱਢਾ ਠੇਰਾ।
ਗਾਮਾਂ, ਦੀਨਾ, ਹਸਨਾ, ਅਲੀਆ ਤੇ ਸ਼ੇਰਾ।
ਓਧਰ ਕੱਠਾ ਹੋ ਗਿਆ ਸੀ ਮੁਲਕ ਬਥੇਰਾ।
ਏਧਰ ਕੱਲੇ ਸੂਰਮੇ ਦਾ ਵੇਖੋ ਜੇਰਾ।

ਇਕ ਵਧਿਆ ਮੁਗਲ ਅਗਾਂਹ ਨੂੰ, ਸੰਗ ਲੋਹੇ ਮੜ੍ਹਿਆ।
ਓਹਦਾ ਵਾਰ ਬਚਾਅ ਅਜੀਤ ਨੇ, ਉਦ੍ਹੇ ਨੇਜ਼ਾ ਜੜਿਆ।
ਉਹ ਸਿੱਧਾ ਖੁਭ ਕੇ ਲੋਹੇ ਵਿਚ, ਜਾ ਹਿੱਕ 'ਚ ਵੜਿਆ।
ਉਹ ਖਿੱਚਿਆਂ ਟੁੱਟਾ ਅੱਧ 'ਚੋਂ ਨਾ ਮੁੜਿਆ ਮੜਿਆ।
ਵੈਰੀ ਡਿੱਗਾ ਧਰਤਿ 'ਤੇ, ਹੰਕਾਰ 'ਚ ਸੜਿਆ।
ਪਰ ਨੇਜ਼ਾ ਰਹਿ ਗਿਆ ਹਿੱਕ ਵਿਚ ਅੜਿਆ ਦਾ ਅੜਿਆ।

ਖਿੱਚ ਕੇ ਤੇਗ ਅਜੀਤ ਨੇ, ਫਿਰ ਹੋਰ ਵੀ ਮਾਰੇ।
ਦੈਂਤਾਂ ਵਰਗੇ ਖ਼ਾਨ ਕਈ, ਉਸ ਅੱਗੇ ਹਾਰੇ।
ਅਨਵਰ ਖਾਂ ਜਰਨੈਲ ਓਧਰੋਂ, ਹੁਕਮ ਉਚਾਰੇ।
ਬੈਠਾ ਸੀ ਵਿਚ ਪਾਲਕੀ, ਮਾਰੇ ਲਲਕਾਰੇ।

ਉਹ ਪਾਸੇ ਹਟਵੀਂ ਥਾਂ 'ਤੇ, ਤੱਕ ਰਿਹਾ ਸੀ ਕਾਰੇ।
ਪਰ ਅਜੀਤ ਨੇ ਸੋਚਿਆ, ਕੁਝ ਓਹਦੇ ਬਾਰੇ।
ਦੱਸਣ ਲਈ ਉਸ ਮੁਗ਼ਲ ਨੂੰ, ਕੁਝ ਹੱਥ ਕਰਾਰੇ।
ਵਧਿਆ ਹੋਰ ਅਗਾਂਹ ਨੂੰ ਦੰਗ ਰਹਿ ਗਏ ਸਾਰੇ।

ਕੀਤਾ ਫੇਰ ਕਮਾਲ ਸੀ, ਉਸ ਨਾਲ ਦਲੇਰੀ।
ਉਹ ਬਣਿਆ ਇਕ ਤੂਫ਼ਾਨ ਸੀ, ਨਾ ਲਾਈ ਦੇਰੀ।
ਉਸ ਅਨਵਰ ਖਾਂ ਦੇ ਢਿੱਡ ਵਿਚ ਤਲਵਾਰ ਸੀ ਫੇਰੀ।
ਉਹ ਵਾਰ ਹੀ ਕਰਦਾ ਰਹਿ ਗਿਆ ਤੇ ਹੋ ਗਿਆ ਢੇਰੀ।
ਆਖ਼ਰ ਪੈ ਗਈ ਟੁੱਟ ਕੇ ਸੀ ਫ਼ੌਜ ਬਥੇਰੀ।
ਏਦਾਂ ਕੱਲ੍ਹੀ ਜਿੰਦੜੀ ਲੱਖਾਂ ਨੇ ਘੇਰੀ।

ਪਰ ਸੂਰੇ ਨੇ ਫ਼ੌਜ ਦੇ, ਦੰਦ ਕੀਤੇ ਖੱਟੇ।
ਢੇਰੀ ਕਰ ਕੇ ਰੱਖ 'ਤੇ ਕਈ ਹੱਟੇ ਕੱਟੇ।
ਜਿਉਂ ਤਰਖਾਣਾਂ ਵੱਢ ਕੇ, ਰੁੱਖ ਹੋਵਣ ਸੱਟੇ।
ਮੋਛੇ ਪਾ ਕੇ, ਹੋਣ ਜਾਂ, ਕਿਸੇ ਰੱਖੇ ਫੱਟੇ।
ਅੱਧੇ ਮੋਏ ਲੈਣ ਪਏ, ਕਈ ਉਸੱਲ-ਵੱਟੇ।
ਕਈ ਹੈਸਨ ਲੰਮ-ਸਲੰਮੇ ਕਈ ਚੱਠੂ-ਵੱਟੇ।
ਲੋਥਾਂ ਸਨ ਕਈ ਰੁਲਦੀਆਂ ਵਿਚ ਮਿੱਟੀ-ਘੱਟੇ।
ਲਹੂ-ਭਿੱਜੇ ਸੀ ਤੜਫਦੇ ਕਈ ਵੱਢੇ-ਕੱਟੇ।
ਇੰਜ ਖਿੱਲਰ ਕੇ ਲਹੂ ਨੇ ਕਈ ਥਾਂ ਸੀ ਅੱਟੇ।
ਰੰਗੇ ਹੋਣ ਲਲਾਰੀਆਂ ਜਿਉਂ ਲਾਲ ਦੁਪੱਟੇ।
ਕੱਲ੍ਹਾ ਪੋਤਾ ਤੇਗ਼ ਦਾ, ਪਿਆ ਤੇਗ਼ ਚਲਾਵੇ।
ਸ਼ੋਭਾ ਗੋਬਿੰਦ ਸਿੰਘ ਦੀ, ਉਹ ਪਿਆ ਵਧਾਵੇ।

ਤੇਗ਼ੋਂ ਗੱਫੇ ਰੱਜਵੇਂ ਸਭ ਨੂੰ ਵਰਤਾਵੇ ।
ਵੈਰੀ ਸਮਝ ਕੇ ਬੱਕਰੇ, ਉਹ ਪਿਆ ਝਟਕਾਵੇ ।
ਇੱਕੋ ਮਾਰੇ ਕਈ ਢਹਿਣ; ਉਹ ਇੰਜ ਤੜਵਾਵੇ ।
ਮਾਲੀ ਬੂਟੇ ਫਾਲਤੂ ਜਿਉਂ ਪੁੱਟਦਾ ਜਾਵੇ ।
ਇੰਜ ਪੈਂਤੜੇ ਬੰਨ੍ਹ ਕੇ ਉਹ ਅੰਗ ਹਿਲਾਵੇ ।
ਅੱਥਰਾ ਜੱਟ ਪੰਜਾਬ ਦਾ ਜਿਉਂ ਭੰਗੜਾ ਪਾਵੇ ।
ਬਸਤਰ ਲਹੂ-ਲੁਹਾਨ ਸਨ, ਪਿਆ ਲਹੂ 'ਚ ਨ੍ਹਾਵੇ ।
ਏਨੇ ਜ਼ਖ਼ਮ ਸਰੀਰ 'ਤੇ ਕੋਈ ਮਰਦ ਹੀ ਖਾਵੇ ।
ਰਣ ਵਿਚ ਪੁੱਤਰ ਆਖਰੀ ਪਿਆ ਫਤਹ ਗਜਾਵੇ ।
ਪਿਤਾ ਗੜ੍ਹੀ 'ਚੋਂ ਵੇਖ ਕੇ ਤੇ ਮੁਸਕਰਾਵੇ ।
ਵਿਰਲਾ ਹੀ ਕੋਈ ਸੂਰਮਾ, ਇੰਜ ਮਰ ਦਿਖਲਾਵੇ ।
ਧੰਨ ਧੰਨ 'ਅਜੀਤ ਸਿੰਘ' ਜਸ 'ਕੋਮਲ' ਗਾਵੇ ।

## ਸਾਹਿਬਜ਼ਾਦਾ ਜੁਝਾਰ ਸਿਘ ਜੀ

ਵੱਡਾ ਵੀਰ ਅਜੀਤ, ਜਿਵੇਂ ਸੀ ਜੂਝਿਆ,
ਵੇਖਿਆ ਉਹ ਦਲ-ਜੀਤ, ਵੀਰ ਜੁਝਾਰ ਨੇ
ਹੋਇਆ ਨਾ ਭੈ-ਭੀਤ, ਸਗੋਂ ਰੋਹ ਜਾਗਿਆ
ਕਹਿੰਦੇ, "ਹੇ ਰਣ-ਜੀਤ, ਸੁਣੋ, ਗੁਰ-ਪਿਤਾ ਜੀ
ਮੈਂ ਵੀ ਕੁਲ ਦੀ ਰੀਤ, ਨਿਭਾਵਾਂ ਜੂਝ ਕੇ
ਮੈਨੂੰ ਹੈ ਪਰਤੀਤ, ਦਿਉਗੇ ਆਗਿਆ
ਰਣ ਦੇ ਮਾਰੂ-ਗੀਤ, ਮੈਨੂੰ ਸੱਦਦੇ
ਰੁੱਤ ਸ਼ਹੀਦੀ ਮੀਤ, ਵਾਜਾਂ ਮਾਰਦੀ
ਤੁਸਾਂ ਨੇ ਵਿਚ ਅਤੀਤ, ਆਪਣੇ ਪਿਤਾ ਨੂੰ
ਦਿੱਲੀ-ਪਤਿ, ਬਦਨੀਤ, ਵੱਲ ਸੀ ਤੋਰਿਆ
ਵਕਤ ਰਿਹਾ ਹੈ ਬੀਤ, ਅੱਜ ਇਸ ਪੁੱਤ ਨੂੰ
ਖਾਤਰ ਧਰਮ ਪੁਨੀਤ, ਤੋਰੋ ਜੰਗ ਨੂੰ
ਤੋੜ ਕੇ ਝੂਠੀ ਪ੍ਰੀਤਿ, ਸ਼ਹੀਦੀ ਪਾ ਲਵਾਂ
ਹੋਵਾਂ ਮੁੜ ਸੁਰਜੀਤ, ਵੀਰੇ ਵਾਂਗਰਾਂ"
ਸੁਣੇ ਜਾਂ ਸ਼ੁਭ ਖਿਆਲ, ਆਪਣੇ ਪੁੱਤ ਦੇ
ਗੋਬਿੰਦ ਹੋਏ ਨਿਹਾਲ, ਅਸੀਸਾਂ ਦਿੱਤੀਆਂ
ਘੁੱਟਿਆ ਛਾਤੀ ਨਾਲ, ਮੂੰਹ ਸਿਰ ਚੁੰਮਿਆ
ਚਹੁੰ ਲਾਲਾਂ 'ਚੋਂ ਲਾਲ, ਕੋਲ ਜੋ ਇੱਕ ਸੀ
ਚੌਦਾਂ ਸਾਲ ਦਾ ਬਾਲ, ਸਜਾ ਕੇ ਲਾਡਲਾ
ਪੰਜਾਂ ਸਿੰਘਾਂ ਨਾਲ, ਤੋਰਿਆ ਜੰਗ ਨੂੰ
ਛੀਏ ਹੀ ਨੌਨਿਹਾਲ, ਗੜ੍ਹੀ 'ਚੋਂ ਨਿਕਲੇ
ਸਮਝ ਕੇ ਹਲਵਾ ਮਾਲ, ਫੌਜੀ ਟੁੱਟ ਪਏ
ਬੋਲੇ ਸੋ ਨਿਹਾਲ, ਜੈਕਾਰਾ ਗੱਜਿਆ
ਆਇਆ ਜਿਵੇਂ ਭੁਚਾਲ, ਪਈ ਤੜਥੱਲ ਸੀ

ਲੜਨਾ ਹੋਇਆ ਮੁਹਾਲ, ਪਈਆਂ ਭਾਜੜਾਂ
ਫੇਰ ਪਾਲ ਦੀ ਪਾਲ, ਵਧੀ ਅਗਾਂਹ ਨੂੰ
ਸਿੰਘਾਂ ਲਈ ਸੰਭਾਲ, ਕਰ ਕੇ ਟਾਕਰਾ
ਕੀਤੇ ਕਈ ਨਿਢਾਲ, ਤੀਰਾਂ ਜ਼ਹਿਰੀਆਂ
ਕੀਤੇ ਮੰਦੇ ਹਾਲ, ਡਾਢੇ ਤੜਫਦੇ
ਹਾਲੋਂ ਹੋਏ ਬੇ-ਹਾਲ, ਅੱਗੇ ਹੋਏ ਜੋ
ਮਾਰੂ ਸੁਰ ਤੇ ਤਾਲ, ਕਲੇਜੇ ਕੱਢਦੇ
ਝੱਲ ਨਾ ਸਕੇ ਝਾਲ, ਹੋ ਗਏ ਢੇਰੀਆਂ
ਆ ਕੇ ਵਿਚ ਜਲਾਲ, ਸਿੰਘ ਮਰ-ਜੀਵੜੇ
ਚੱਲੇ ਨਵੀਂ ਹੀ ਚਾਲ, ਬਦਲੇ ਪੈਂਤੜੇ
ਸਵਾ ਸਵਾ ਲੱਖ ਨਾਲ, ਇੱਕ ਇੱਕ ਸਿੰਘ ਨੇ
ਕੀਤਾ ਯੁੱਧ ਕਮਾਲ, ਵਿਖਾਈ ਬੀਰਤਾ
ਆਖ਼ਰ ਪੰਜੇ ਲਾਲ, ਸ਼ਹੀਦੀ ਪਾ ਗਏ
ਘਾਲ ਕੇ ਡਾਢੀ ਘਾਲ, ਹੋਏ ਸੁਰਖਰੂ
ਮਿਲੇ ਨਾ ਕਿਤੇ ਮਿਸਾਲ, ਸੂਰਮਗਤੀ ਦੀ
ਹੋਇਆ ਨਾ ਵਿੰਗਾ ਵਾਲ, ਵੀਰ ਜੁਝਾਰ ਦਾ

ਏਧਰ ਇੱਕ ਜੁਝਾਰ, ਕੱਲ-ਮ - ਕੱਲੜਾ
ਓਧਰ ਨਹੀਂ ਸ਼ੁਮਾਰ ਦਲ ਬੇ-ਓੜਕਾ
ਏਧਰ ਤੇਜ਼ ਤਰਾਰ, ਤੀਰ ਸਨ ਚੱਕਦੇ
ਓਧਰ ਪੈਂਦੀ ਮਾਰ, ਧੜਾ-ਧੜ ਡਿੱਗਦੇ
ਏਧਰ ਸੀ ਭਬਕਾਰ, ਸੂਰੇ ਸ਼ੇਰ ਦੀ
ਓਧਰ ਮਿਰਗਾਂ-ਡਾਰ, ਸੀਨੇ ਧੜਕਦੇ
ਏਧਰ ਸੀ ਲਲਕਾਰ, ਸਾਹ ਸੁਕਾਉਂਦੀ
ਓਧਰ ਕਾਇਰ ਯਾਰ, ਪਿਛਾਂਹ ਨੂੰ ਨੱਸਦੇ

ਏਧਰ ਬਾਜ, ਵੰਗਾਰ, ਝਪੱਟੇ ਮਾਰਦਾ
ਓਧਰ ਕਾਵਾਂ-ਹਾਰ, ਰੌਲਾ ਪਿਆ ਸੀ
ਓਹ ਯੋਧਾ ਬਲਬੀਰ, ਅੜਿਆ ਡੱਟਕੇ
ਜਿਦ੍ਹਾ ਪੀਰ ਤੇ ਮੀਰ, ਕਲਗ਼ੀਧਰ ਪਿਤਾ
ਜਿਸ ਨੇ ਮਾਂ ਦਾ ਸ਼ੀਰ, ਪੀਤਾ ਅੰਮ੍ਰਿਤੀ
ਜਿਸ ਦੀ ਹੈ ਤਾਸੀਰ ਪਰ-ਉਪਕਾਰ ਦੀ
ਜਿਸ ਨੇ ਅੰਮ੍ਰਿਤ-ਨੀਰ, ਪੀਤਾ ਖੰਡਿਓਂ
ਜੋ ਨੁਸਖਾ ਅਕਸੀਰ, ਮੌਤ ਨੂੰ ਮਾਰਦਾ
ਉਸ ਤੇ ਸ਼ਾਹੀ ਵਹੀਰ, ਪੈ ਗਈ ਟੁੱਟ ਕੇ
ਅੱਗੋਂ ਤੀਰ ਤੇ ਤੀਰ, ਵਗਾਏ ਸੂਰਮੇਂ
ਡਿੱਗੇ ਥੰਮ ਸ਼ਤੀਰ, ਮੁਗ਼ਲੀਆਂ ਫੌਜ ਦੇ
ਵਿੰਨ੍ਹੇ ਗਏ ਬੇ-ਪੀਰ, ਭਾੜੇ ਭੰਗ ਦੇ
ਅੱਗੇ ਮੌਤ-ਲਕੀਰ, ਕੋਈ ਨਾ ਟੱਪਦਾ
ਪੈਰੀਂ ਜਿਵੇਂ ਜ਼ੰਜੀਰ, ਟੁਰਨੋਂ ਰੋਕਦੀ
ਚੱਲਦੀ ਹੈਂ ਤਦਬੀਰ, ਵਿਚ ਰਣ-ਖੇਤ ਦੇ
ਬਦਲਦੇ ਨੇ ਤਕਦੀਰ, ਮਰਦ ਮੈਦਾਨ ਦੇ
ਫਿਰ ਖਿੱਚੀ ਸ਼ਮਸ਼ੀਰ, ਮਿਆਨੋਂ ਸ਼ੂਕਦੀ
ਬਿਜਲੀ ਜਿਵੇਂ ਅਧੀਰ, ਚਮਕਾਂ ਮਾਰਦੀ
ਲੋਹਾ ਲਿਆ ਉਸ ਬੀਰ, ਲੋਹੇ ਨਾਲ ਸੀ
ਦੇਹਾਂ ਦਿੱਤੀਆਂ ਚੀਰ, ਚੀਰ ਕੇ ਫ਼ੌਜ ਨੂੰ
ਆਕੜ ਖ਼ਾਨ ਕਬੀਰ, ਅੜਿਆ ਕੋਈ ਨਾ
ਸੁੱਟ ਹਥਿਆਰ ਹਕੀਰ, ਦੂਰ ਹੀ ਢਹਿ ਪਏ
ਦੂਰੋਂ ਦੇਣ ਅਮੀਰ, ਹੱਲਾ ਸ਼ੇਰੀਆਂ
ਦੂਰੋਂ ਖੜੀ ਮੁੰਡੀਰ, ਤਮਾਸ਼ਾ ਵੇਖਦੀ

ਆਖ਼ਰ ਉਸ ਰਣ-ਬੀਰ, ਤੇਗਾਂ ਮਾਰੀਆਂ
ਦਿਲ ਵਿਚ ਧਰ ਕੇ ਧੀਰ, ਲੜਿਆ ਖ਼ੂਬ ਸੀ
ਖਾ ਖਾ ਫੱਟ ਅਖ਼ੀਰ, ਅਸਥਿਰ ਹੋ ਗਿਆ
ਲਹੂ ਲੁਹਾਨ ਸਰੀਰ, ਲੰਮਾ ਪੈ ਗਿਆ ।
ਸੁੱਤਾ ਕੋਈ ਰਾਹਗੀਰ, ਜੀਕਣ ਥੱਕ ਕੇ
ਵਾਂਗਰ ਵਡੇ ਵੀਰ, ਗਿਆ ਸੱਚਖੰਡ ਨੂੰ
ਗੜ੍ਹੀ 'ਚੋਂ ਹਿੰਦ ਦੇ ਪੀਰ, ਸਭ ਕੁਝ ਵੇਖਿਆ
ਜੂਝਿਆ ਧਰਮ ਦਾ ਬੀਰ, ਕੀਤਾ ਸ਼ੁਕਰ ਸੀ
ਏਦਾਂ ਦੋ ਹਮਸ਼ੀਰ, ਸਾਹਿਬਜ਼ਾਦਿਆਂ
ਰਖੀ ਅਣਖ, ਜ਼ਮੀਰ, ਦੇਸ਼ ਤੇ ਧਰਮ ਦੀ
ਧਰਤ ਜੋ ਬੇ-ਨਜ਼ੀਰ, ਕੁੱਲ ਪੰਜਾਬ ਦੀ
ਉਹ ਹੈ ਕੁੱਲ ਜਾਗੀਰ, ਖਾਲਸਾ ਪੰਥ ਦੀ
ਜਾਨਣ ਗੁਣੀ ਗਹੀਰ, ਇਸ ਇਤਿਹਾਸ ਨੂੰ
ਖਿੱਚੀ ਇਹ ਤਸਵੀਰ, 'ਕੋਮਲ' ਕਵੀ ਨੇ ।

## ਛੋਟੇ ਸਾਹਿਬਜ਼ਾਦੇ

(ਵਜ਼ੀਰ ਖਾਂ ਸੂਬਾ ਸਰਹਿੰਦ ਦੀ ਕਚਹਿਰੀ ਵਿਚ)

**ਵਜ਼ੀਰ ਖਾਂ**

ਬਾਪ ਤੁਸਾਂ ਦਾ, ਭਾਈ ਤੇ ਸਿੰਘ ਸਾਰੇ,
ਮਾਰੇ ਗਏ, ਬਸ ਬਚੇ ਹੋ ਦੋ ਤੁਸੀਂ ।
ਕਲਮਾਂ ਪੜ੍ਹੋ ਤੇ ਜੱਗ 'ਤੇ ਮੌਜ ਮਾਣੋ,
ਤੋੜੋ ਬੱਚਿਓ ਸਿੱਖੀ ਦਾ ਮੋਹ ਤੁਸੀਂ ।

**ਜ਼ੋਰਾਵਰ ਸਿੰਘ**

ਤੁਸਾਂ ਰੱਜ ਕੇ ਮਾਰਿਆ ਝੂਠ ਚਿੱਟਾ,
ਸਾਡੇ ਪਿਤਾ ਨੂੰ ਕਾਲ ਨਹੀਂ ਪੋਹ ਸਕਦਾ ।
ਸਿੰਘਾਂ ਵਿਚੋਂ ਕੋਈ ਰਿਹਾ ਨਾ ਜੀਅ ਬਾਕੀ,
ਪੈਦਾ ਇਹ ਵੀ ਸਵਾਲ ਨਹੀਂ ਹੋ ਸਕਦਾ ।
ਧਰਤੀ ਉਲਟ ਸਕਦੀ, ਅੰਬਰ ਡਿੱਗ ਸਕਦੈ,
ਸੱਚ ਅੱਗੇ ਨਹੀਂ ਝੂਠ ਖਲੋ ਸਕਦਾ ।
ਤਿੱਪ ਖ਼ੂਨ ਦੀ ਸਾਡੇ ਵਿਚ ਜਦੋਂ ਤੀਕਰ,
ਸਾਡੇ ਧਰਮ ਨੂੰ ਕੋਈ ਨਹੀਂ ਖੋਹ ਸਕਦਾ ।

**ਵਜ਼ੀਰ ਖਾਂ**

ਜੇਕਰ ਦੋਹਾਂ ਨੂੰ ਅਸੀਂ ਰਿਹਾ ਕਰੀਏ,
ਕਿੱਥੇ ਜਾਓਗੇ ਦੋਵੇਂ ਹੀ ਜੀਅ ਤੁਸੀਂ ?
ਦੋਵੇਂ ਸਿੱਖ ਇਸ ਏਡੇ ਸੰਸਾਰ ਅੰਦਰ,
ਕੱਲ੍ਹੇ ਜੀ ਕੇ ਕਰੋਗੇ ਕੀ ਤੁਸੀਂ ?

ਫ਼ਤਹ ਸਿੰਘ

ਕੱਲ੍ਹੇ ਨਹੀਂ ਆਂ, ਵਾਹਿਗੁਰੂ ਨਾਲ ਸਾਡੇ,
ਜੇ ਰਿਹਾ ਕੀਤਾ, ਰਾਹੇ ਪਾ ਦਿਆਂਗੇ।
ਫ਼ੌਜ ਖ਼ਾਲਸੇ ਦੀ ਕਰ ਕੇ ਫੇਰ ਕੱਠੀ,
ਅਸੀਂ ਕੇਸਰੀ ਉੱਚਾ ਝੂਲਾ ਦਿਆਂਗੇ।
ਇਸ ਹਕੂਮਤ ਵਿਰੁੱਧ ਫਿਰ ਯੁੱਧ ਕਰ ਕੇ,
ਅਸੀਂ ਜ਼ੁਲਮ ਦਾ ਬੀਜ ਮੁਕਾ ਦਿਆਂਗੇ।
ਜਦ ਤਕ ਜੀਆਂਗੇ, ਜੀਆਂਗੇ ਧਰਮ ਖਾਤਰ,
ਸਿਰੜ ਵਾਸਤੇ ਸੀਸ ਲਗਾ ਦਿਆਂਗੇ।

ਸੁੱਚਾ ਨੰਦ

ਸੂਬਾ ਤੁਸਾਂ ਤੇ ਬੜਾ ਦਿਆਲ ਹੋਇਆ,
ਕਿਉਂ ਨਹੀਂ ਸਮੇਂ ਦਾ ਫ਼ਾਇਦਾ ਉਠਾ ਲੈਂਦੇ ?
ਦੋਵੇਂ ਦੀਨ ਇਸਲਾਮ ਕਬੂਲ ਕਰ ਕੇ,
ਕਿਉਂ ਨਹੀਂ ਕੀਮਤੀ ਜਾਨਾਂ ਬਚਾ ਲੈਂਦੇ ?

ਫ਼ਤਹ ਸਿੰਘ

ਹਿੰਦੂ ਜਾਤੀ ਨੂੰ ਤੂੰ ਕਲੰਕ ਲੱਗੋਂ,
ਝੂਠੇ ਲਾਲਚਾਂ ਵਿਚ ਗ਼ਲਤਾਨ ਹੋ ਕੇ।
ਕਿਉਂ ਨਹੀਂ ਆਪ ਤੂੰ ਫ਼ਾਇਦਾ ਉਠਾ ਲੈਂਦਾ,
ਧਰਮ ਛੱਡ ਕੇ ਤੇ ਮੁਸਲਮਾਨ ਹੋ ਕੇ ?
ਸਾਡੇ ਸਿਰ 'ਤੇ ਹੱਥ ਪ੍ਰਮਾਤਮਾ ਦਾ,
ਅਸਾਂ ਵੇਖਿਐ, ਅੰਤਰ-ਧਿਆਨ ਹੋ ਕੇ।
ਇਹਨਾਂ ਜਾਨਾਂ ਤੋਂ ਕੀਮਤੀ ਧਰਮ ਸਾਡਾ,
ਧਰਮ ਰੱਖਣਾਂ, ਅਸਾਂ ਕੁਰਬਾਨ ਹੋ ਕੇ।

**ਸੁੱਚਾ ਨੰਦ**

ਬੱਚੇ ਨਾਗਾਂ ਦੇ ਸਦਾ ਹੀ ਡੰਗ ਮਾਰਨ,
ਭਾਵੇਂ ਕਿੰਨਾ ਵੀ ਦੁੱਧ ਪਿਲਾ ਦੇਵੋ ।
ਇਸ ਲਈ ਮੇਰੀ ਇਹ ਰਾਇ ਕਿ ਬੱਚਿਆਂ ਨੂੰ,
ਗ਼ਲਤ ਹਰਫ਼ਾਂ ਦੇ ਵਾਂਗ ਮਿਟਾ ਦੇਵੋ ।

**ਜ਼ੋਰਾਵਰ ਸਿੰਘ**

ਝੂਠਾ ਨੰਦ ! ਨਹੀਂ ਨਾਗ ਦੇ ਪੁੱਤ ਅਸੀਂ,
ਪੁੱਤਰ ਸ਼ੇਰ ਦੇ, ਸ਼ੇਰਾਂ ਸਾਮਾਨ ਅਸੀਂ ।
ਗੁਰੂ ਨਾਨਕ ਦੇ ਘਰ ਦੇ ਅਸੀਂ ਵਾਰਸ,
ਅਰਜਨ ਗੁਰੂ ਦੀ ਸੋਢੀ ਸੰਤਾਨ ਅਸੀਂ ।
ਅਸੀਂ ਤੇਗ ਬਹਾਦਰ ਦੇ ਪੋਤਰੇ ਹਾਂ,
ਮਹਾਂ-ਬਲੀ ਦਸਮੇਸ਼ ਦੀ ਜਾਨ ਅਸੀਂ ।
ਸਿੱਖੀ ਸਿਦਕ ਨਹੀਂ ਕਦੇ ਵੀ ਦੇ ਸਕਦੇ,
ਦੇ ਸਕਦੇ ਹਾਂ, ਬਲੀ-ਦਾਨ ਅਸੀਂ ।

**ਵਜ਼ੀਰ ਖਾਂ**

ਸਾਰੇ ਮਜ਼ਹਬਾਂ ਤੋਂ ਮਜ਼ਹਬ ਇਸਲਾਮ ਚੰਗਾ,
ਕੋਈ ਨਹੀਂ ਰੀਸ ਇਸਲਾਮ ਦੀ ਕਰ ਸਕਦਾ ।
ਤੁਸੀਂ ਬੱਚਿਓ ਓਏ ਮੁਸਲਮਾਨ ਹੋ ਜਾਓ,
ਮੁਸਲਮਾਨ ਨਹੀਂ ਕਦੇ ਵੀ ਮਰ ਸਕਦਾ ।

**ਫ਼ਤਹ ਸਿੰਘ**

ਜੇ ਇਸਲਾਮ ਹੈ ਚੰਗਾ, ਤਾਂ ਸਣੇ ਕਾਜ਼ੀ,
ਮੁਸਲਮਾਨ ਇਹ ਕਿਵੇਂ ਸ਼ੈਤਾਨ ਬਣ ਗਏ ?

ਜੇਕਰ ਮੁਸਲਿਮ ਨੇ ਹੁੰਦੇ ਈਮਾਨ ਵਾਲੇ,
ਤਾਂ ਫਿਰ ਇਹ ਕਿੱਦਾਂ ਬੇ-ਈਮਾਨ ਬਣ ਗਏ ?
ਇਹ ਜੋ ਬੈਠੇ ਨੇ ਤੇਰੇ ਦਰਬਾਰ ਅੰਦਰ,
ਤੇਰੇ ਸਣੇ ਕਿਉਂ ਨਹੀਂ ਸਭ ਇਨਸਾਨ ਬਣ ਗਏ?
ਜੇ ਨਹੀਂ ਮੋਮਨਾਂ ਨੂੰ ਕਦੇ ਮੌਤ ਆਉਂਦੀ,
ਮੀਲਾਂ ਤੀਕ ਕਿੰਜ ਇਹ ਕਬਰਸਤਾਨ ਬਣ ਗਏ?

ਵਜ਼ੀਰ ਖ਼ਾਂ

ਮੰਨੋ ਬੱਚਿਓ ! ਆਓ ਇਸਲਾਮ ਅੰਦਰ,
ਅੱਧਾ ਰਾਜ ਸਰਹਿੰਦ ਦਾ ਦੇ ਦਿਆਂਗਾ ।
ਨਾਲੇ ਦਿਆਂਗਾ ਡੋਲੇ ਸ਼ਹਿਜ਼ਾਦੀਆਂ ਦੇ,
ਨਹੀਂ ਤਾਂ ਮਿੱਟੀ ਦੇ ਵਿਚ ਮਿਲਾ ਦਿਆਂਗਾ ।

ਦੋਵੇਂ ਸਾਹਿਬਜ਼ਾਦੇ

ਸਾਡੇ ਧਰਮ ਦੀ ਰੀਤ ਜੋ ਚਲੀ ਆਉਂਦੀ,
ਉਹ ਨਾ ਕਿਸੇ ਤੋਂ ਕਦੇ ਵੀ ਅਟਕਣੀ ਏਂ ।
ਐਪਰ ਤੇਰੀ ਇਸ ਸੜੀ ਸਰਹਿੰਦ ਉਤੇ,
ਚੰਡੀ ਬਣ ਬਿਜਲੀ ਵੇਖੀਂ ਕੜਕਣੀ ਏਂ ।
ਐਸੀ ਧਰਮ ਤੇ ਜ਼ੁਲਮ ਦੀ ਖੜਕਣੀ ਏਂ,
ਇੱਟ ਇੱਟ ਸਰਹਿੰਦ ਦੀ ਖੜਕਣੀ ਏਂ ।
ਤੈਨੂੰ ਭੱਜਿਆਂ ਰਾਹ ਨਾ ਲੱਭਣਾ ਏਂ,
ਰੂਹ ਨਰਕ ਵਿਚ ਵੀ ਤੇਰੀ ਭਟਕਣੀ ਏਂ ।

ਵਜ਼ੀਰ ਖ਼ਾਂ

ਕਾਜ਼ੀ ਸਾਹਿਬ ! ਇਹ ਬੜੇ ਗੁਸ਼ਤਾਖ਼ ਬੱਚੇ,
ਦੱਸੋ ਇਨ੍ਹਾਂ ਨੂੰ ਕੀ ਸਜ਼ਾ ਦੇਈਏ ?

ਦੱਸੋ ਸ਼ਰ੍ਹਾ ਕੀ ਆਖਦੀ ਇਨ੍ਹਾਂ ਬਾਰੇ,
ਕਿਹੜੀ ਮੌਤੇ ਇਹ ਦੋਵੇਂ ਮਰਵਾ ਦੇਈਏ ?

ਕਾਜ਼ੀ

ਇਹ ਨੇ ਦੁਸ਼ਮਣ ਦੇ ਬਾਲ, ਨਵਾਬ ਸਾਹਿਬ,
ਜਲਦੀ ਕੰਮ ਮੁਕਾਉਣਾ ਚਾਹੀਦਾ ਏ ।
ਸ਼ਰ੍ਹਾ ਆਖਦੀ ਏ ਇਹਨਾਂ ਕਾਫ਼ਰਾਂ ਨੂੰ,
ਝੱਟ ਪਾਰ ਬੁਲਾਉਣਾ ਚਾਹੀਦਾ ਏ ।
ਜਾਂ ਤਾਂ ਕਲਮਾ ਪੜ੍ਹਾ ਕੇ ਇਨ੍ਹਾਂ ਤਾਈਂ
ਮੁਸਲਮਾਨ ਬਣਾਉਣਾ ਚਾਹੀਦਾ ਹੈ ।
ਜਾਂ ਫਿਰ ਦੋਵੇਂ ਜੀਊਂਦਿਆਂ ਬੱਚਿਆਂ ਨੂੰ,
ਕੰਧ ਵਿਚ ਚਿਣਵਾਉਣਾ ਚਾਹੀਦਾ ਏ ।

ਦੋਵੇਂ ਸਾਹਿਬਜ਼ਾਦੇ

'ਕੋਮਲ' ਅਸੀਂ ਦੋਵੇਂ ਗੱਜ ਕੇ ਆਖਦੇ ਹਾਂ,
ਮੌਤਾਂ-ਲਾੜੀਆਂ ਅਸਾਂ ਨੇ ਵਰਨੀਆਂ ਨੇ ।
ਸਿੱਖ ਧਰਮ ਦੇ ਉੱਸਰਦੇ ਮਹਿਲ ਦੀਆਂ,
ਨੀਹਾਂ ਹੱਸ ਕੇ ਅਸਾਂ ਨੇ ਭਰਨੀਆਂ ਨੇ ।

## ਨਵਾਬ ਮਲੇਰਕੋਟਲਾ–
## ਸੂਬਾ ਸਰਹੰਦ ਦੀ ਕਚਹਿਰੀ ਵਿੱਚ

ਨਵਾਬ ਮਲੇਰ ਕੋਟਲਾ

ਤੋਬਾ ਤੋਬਾ ! ਕਹਿਰ ਹੈ ਵਜ਼ੀਰ ਖ਼ਾਂ ਕਹਿਰ ਹੈ,
ਬੱਚਿਆਂ ਨੂੰ ਮਾਰਨਾ, ਗੁਨਾਹ ਏਂ , ਗੁਨਾਂਹ ਏਂ ।
ਨਿੱਕੇ ਨਿੱਕੇ ਭੋਲੇ ਭੋਲੇ ਐਹੋ ਜਹੇ ਇਆਣਿਆਂ ਨੂੰ,
ਮਾਰਨਾ ਇਸਲਾਮ 'ਚ ਮਨ੍ਹਾ ਏ ਮਨ੍ਹਾਂ ਏਂ ।
ਜੀਊਂਦਾ ਹੈ ਗੋਬਿੰਦ ਸਿੰਘ ਨਾਲ ਉਹਦੇ ਲੜ ਕੇ ਤੇ,
ਮਾਰੇਂ ਜੇ ਤੂੰ ਉਹਨੂੰ ਤਾਂ ਸੁਆਦ ਔਂਦਾ ਤਾਂ ਏਂ ।
ਮਾਰ ਦੇਣਾ ਫੜ ਕੇ ਮਾਸੂਮਾਂ ਤੇ ਬਿਦੋਸ਼ਿਆਂ ਨੂੰ,
ਚੰਗਾ ਇਹ ਕਾਨੂੰਨ ਏਂ, ਚੰਗਾ ਇਹ ਨਿਆਂ ਏਂ?

ਸੂਬਾ ਸਰਹਿੰਦ

ਸੁਣੋ ਸੁਣੋ ! ਕੰਨ ਖੋਲ੍ਹ ਮੇਰੀ ਵੀ ਨਵਾਬ ਸਾਹਿਬ,
ਜੋਸ਼ ਵਿਚ ਆਉਂਦੇ ਓ, ਹੋਸ਼ ਵਿਚ ਆਓ ਖਾਂ।
ਇਨ੍ਹਾਂ ਦੇ ਪਿਊ ਨੇ ਪਿਓ ਤੁਹਾਡਾ ਮਾਰਿਆ ਸੀ,
ਅੱਜ ਬਾਪ ਆਪਣੇ ਦਾ ਬਦਲਾ ਚੁਕਾਓ ਖਾਂ ।
ਰਹਿਮ ਕਦੇ ਕਾਫ਼ਰਾਂ ਤੇ ਕਰਨਾ ਨਹੀਂ ਚਾਹੀਦਾ,
ਕਰੋ ਨਾ ਲਿਹਾਜ਼ ਪਹਿਲਾਂ ਵੈਰੀ ਨੂੰ ਮੁਕਾਓ ਖਾਂ !
ਹੱਥੀਂ ਕਰੋ ਵਾਰ ਅਤੇ ਕੋਹ ਕੋਹ ਕੇ ਮਾਰੋ ਤੁਸੀਂ,
ਖ਼ੂੰਨ ਵਿਚ ਨ੍ਹਾ ਕੇ ਕਲੇਜੇ ਠੰਡ ਪਾਓ ਖਾਂ ।

ਨਵਾਬ ਮਲੇਰਕੋਟਲਾ

ਸੂਬਾ ਸਰਹੰਦ ਸਾਹਿਬ, ਤੁਸੀਂ ਵੀ ਕਮਾਲ ਓ !

ਬੇਟਿਆਂ ਤੋਂ ਲੈ ਲਵਾਂ ਬਦਲਾ ਮੈਂ ਬਾਪ ਦਾ ?
ਏਹੋ ਜਿਹਾ ਨੀਵਾਂ ਕੰਮ, ਕਾਇਰਾਂ ਦਾ ਕੰਮ ਏਂ,
ਮੈਨੂੰ ਤਾਂ ਇਹ ਮਰਦਾਂ ਦਾ ਕੰਮ ਨਹੀਂ ਜਾਪਦਾ ।
ਕੀਤੀ ਦਸਮੇਸ਼ ਨੇ ਤਾਂ ਭਰਨ ਕਿਉਂ ਬੱਚੇ ਉਹਦੇ,
ਚੰਗਾ ਨਹੀਂ ਲੱਗਦਾ ਖਿਆਲ ਮੈਨੂੰ ਆਪ ਦਾ ।
ਮੋਮਨਾਂ ਦਾ ਦਿਲ ਹੁੰਦਾ ਮੋਮ ਵਾਂਗ 'ਕੋਮਲ' ਜਿਹਾ,
ਸੰਗ-ਦਿਲ ਬਣ ਕੇ ਮੈਂ ਭਾਗੀ ਹੋਵਾਂ ਪਾਪ ਦਾ ?

### ਸੂਬਾ ਸਰਹੰਦ

ਵਾਹ ਮਲੇਰਕੋਟਲੇ ਦੇ ਵਾਹ ਵਾਹ ਨਵਾਬ ਸਾਹਿਬ !
ਖੌਰੇ ਕਿਉਂ ਵੈਰੀ ਨਾਲ ਤੁਸਾਂ ਦੀ ਪ੍ਰੀਤੀ ਏ !
ਇਨ੍ਹਾਂ ਦੇ ਪਿਉ ਨੇ ਸਾਡੇ ਲੱਖਾਂ ਬੰਦੇ ਮਾਰ ਸੁੱਟੇ,
ਕੀ ਚਮਕੌਰ ਵਿਚ ਘੱਟ ਉਹਨੇ ਕੀਤੀ ਏ ?
ਕਿੰਨੀ ਏ ਬੇ-ਅਕਲੀ ਕਿ ਅੱਜ ਅਸੀਂ ਭੁੱਲ ਜਾਈਏ,
ਜਿਹੜੀ ਅਜੇ ਕਲ੍ਹ ਸਾਡੇ ਨਾਲ ਹੋਈ ਬੀਤੀ ਏ ।
ਤੁਸੀਂ ਵੀ ਨਾ ਸਮਝਦੇ ਓ, ਮੈਂ ਵੀ ਹਾਂ ਹੈਰਾਨ ਬੜਾ,
ਜਾਣਦੇ ਨਹੀਂ ਤੁਸੀਂ, ਕੀ ਹੁੰਦੀ ਰਾਜਨੀਤੀ ਏ ?

### ਨਵਾਬ ਮਲੇਰਕੋਟਲਾ

ਨਹੀਂ ਬਈ ਨਹੀਂ, ਇਹ ਰਾਜਨੀਤੀ ਠੀਕ ਨਹੀਂ,
ਉਹਦੇ ਉਤੇ ਵਾਰ ਕਰੋ ਜੀਹਦੇ ਨਾਲ ਵੈਰ ਏ ।
ਦਸਦਾ ਕੁਰਾਨ ਏ ਕਿ ਕਰੇ ਜਿਹੜਾ ਭਰੇ ਓਹੋ,
ਭਾਵੇਂ ਕੋਈ ਆਪਣਾ ਤੇ ਭਾਵੇਂ ਕੋਈ ਗ਼ੈਰ ਏ ।
ਡਰਦੇ ਜੇ ਨਹੀਂਓਂ ਤੁਸੀਂ ਕਿਸੇ ਇਨਸਾਨ ਕੋਲੋਂ,
ਰੱਬ ਕੋਲੋਂ ਡਰੋ, ਬੱਸ ਏਸੇ ਵਿਚ ਖ਼ੈਰ ਏ ।

ਕਰਨਾ ਕਤਲ ਇਹਨਾਂ ਨਾਦਾਨ ਬਾਲਕਾਂ ਨੂੰ,
ਜ਼ੁਲਮ ਏਂ, ਸਿੱਤਮ ਏਂ, ਹਨੇਰ ਏ, ਕਹਿਰ ਏ।

ਸੂਬਾ ਸਰਹੰਦ

ਬੱਸ ਬੱਸ ਚੁੱਪ ਕਰੋ, ਰਹਿਣ ਦਿਓ ਰਾਜਨੀਤੀ,
ਇਹ ਤਾਂ ਕਮਦਿਲੀ, ਬੁਜ਼ਦਿਲੀ, ਕਮਜ਼ੋਰੀ ਏ।
ਚੰਗੇ ਨੇ ਇਹ ਬੱਚੇ ਇਸਲਾਮ ਨੂੰ ਨਾ ਮੰਨਦੇ ਨੇ,
ਕਹਿੰਦੇ ਸਿੱਖ ਧਰਮ ਉਤੇ ਸਾਡੀ ਬੱਸ ਡੋਰੀ ਏ।
ਹਰ ਗੱਲ ਕੀਤੀ ਏ ਤੂੰ ਕਾਫ਼ਰਾਂ ਦੇ ਹੱਕ ਵਿਚ,
ਮੇਰੇ ਨਾਲ ਕੀਤੀ ਤੂੰ ਕਰਾਰੀ ਅਤੇ ਕੋਰੀ ਏ।
ਔਣ ਇਸਲਾਮ ਵਿਚ ਨਹੀਂ ਤਾਂ ਮੌਤ ਖੜੀ ਏਥੇ,
ਸ਼ਰ੍ਹਾ 'ਚ ਸ਼ਰਮ ਕਾਹਦੀ ਸ਼ਰ੍ਹਾ 'ਚ ਕੀ ਚੋਰੀ ਏ?

ਨਵਾਬ ਮਲੇਰਕੋਟਲਾ

ਕੋਲ ਕੋਲ, ਰੱਬ-ਰੂਪ, ਇੱਕ ਨਹੀਂ ਦੋ ਨੇ,
ਲਗਦੇ ਪਿਆਰੇ ਬੜੇ ਨੰਨ੍ਹੇ ਨੰਨ੍ਹੇ ਸੋਹਲ ਸੋਹਲ।
ਸੋਹਲ ਸੋਹਲ ਫੁੱਲਾਂ ਵਾਂਗੂੰ, ਖਿੜੇ ਖਿੜੇ ਮੁੱਖੜੇ ਨੇ,
ਹਸੂੰ ਹਸੂੰ ਕਰਦੇ ਨੇ, ਚਿਹਰੇ ਹੈਨ ਗੋਲ ਗੋਲ।
ਗੋਲ ਗੋਲ ਮੂੰਹਾਂ ਵਿਚੋਂ ਲਾਲ ਲਾਲ ਬੁੱਲ੍ਹਾਂ ਵਿਚੋਂ,
ਦਸਦੇ ਨੇ ਸੱਚ ਸੱਚ, ਸੋਚ ਸੋਚ, ਤੋਲ ਤੋਲ।
ਤੋਲ ਤੋਲ ਖੋਲ੍ਹ ਖੋਲ੍ਹ, ਆਖਦਾਂ ਮੈਂ ਇਨ੍ਹਾਂ ਕੋਲੋਂ,
ਜਿਨਾਂ ਏਂ ਤੂੰ ਦੂਰ ਦੂਰ, ਓਨਾਂ ਹਾਂ ਮੈਂ ਕੋਲ ਕੋਲ।

ਵੈਰ ਨਾ ਵਿਰੋਧ ਕਿਤੇ, ਡਰ ਨਾ ਕਰੋਧ ਕਿਤੇ,
ਅੰਗ ਅੰਗ ਵਿਚ ਵੇਖੋ, ਅਮਨ ਅਤੇ ਚੈਨ ਏਂ।

ਤਪ ਤੇਜ ਨੂਰ ਵੀ ਏ, ਨੈਣਾਂ 'ਚ ਸਰੂਰ ਵੀ ਏ,
ਮੇਰੀ ਨਿਗਾਹ ਵਿਚ ਤਾਂ ਫਰਿਸ਼ਤੇ ਈ ਹੈਨ ਏਂ ।
ਥੋੜੇ ਜਿਹੇ ਫਰਕ ਨਾਲ ਇਓਂ ਪਏ ਸ਼ੋਭਦੇ ਨੇ,
ਜਿਵੇਂ ਦੋ ਹਰਫ਼ ਹੁੰਦੇ, ਐਨ ਅਤੇ ਗ਼ੈਨ ਏਂ ।
ਭਾਵੇਂ ਹੈਨ ਭੁੱਖੇ ਪਰ ਰੱਜੇ ਰੱਜੇ ਲਗਦੇ ਨੇ,
ਜਾਪਦੇ ਪਿਆਸੇ ਜਿਵੇਂ ਹਸਨ ਤੇ ਹੁਸੈਨ ਏਂ ।

ਸੱਚ ਹੁੰਦਾ ਕੌੜਾ, ਦਸਮੇਸ਼ ਦਰਵੇਸ਼ ਏ,
ਮੰਨ ਭਾਵੇਂ ਨਾਂਹ ਮੰਨ, ਗੱਲ ਸਾਫ ਸਾਫ ਏ ।
ਉਦ੍ਹੇ ਨਾਲ ਵੈਰ ? ਉਹਦੇ ਬਾਲਾਂ ਨਾਲ ਵੈਰ ?
ਰੱਬ ਵਲੋਂ ਹੋਇਆ ਤੈਨੂੰ ਜਾਪਦਾ ਸਰਾਫ ਏ ।
ਵਿਚੋ ਵਿਚ ਤੈਨੂੰ ਡਰ ਆਪਣਾ ਹੀ ਖਾ ਰਿਹੈ,
ਇਸੇ ਲਈ ਤੂੰ ਕਰਨਾ ਨਾ ਕਦੇ ਇਨਸਾਫ ਏ ।
ਤੇਰੀ ਝੂਠੀ ਸਭਾ ਵਿਚੋਂ ਜਾ ਰਿਹਾਂ ਮੈਂ, ਯਾਦ ਰੱਖੀਂ,
ਅੱਲਾ ਤੈਨੂੰ ਕਰਨਾ ਨਾ ਕਦੇ ਵੀ ਮੁਆਫ ਏ ।

## ਬਾਬਾ ਬੰਦਾ ਸਿੰਘ ਦੀ ਸ਼ਹੀਦੀ

'ਫਰਖਸੀਅਰ' ਦੀਆਂ ਫੌਜਾਂ ਅੱਗੇ ਡਟ ਕੇ, ਅੜਕੇ ਲੜਿਆ 'ਬੰਦਾ'।
ਭੁੱਖ, ਪਿਆਸ, ਅਨੀਂਦਰੇ ਕਾਰਨ, ਅੰਤ ਗਿਆ ਸੀ ਫੜਿਆ ਬੰਦਾ।
ਮੁਗ਼ਲ ਸਿਪਾਹੀਆ ਕਾਬੂ ਕਰ ਕੇ, ਨਾਲ ਜ਼ੰਜੀਰਾਂ ਕੜਿਆ ਬੰਦਾ।
ਲੋਹੇ ਦੇ ਫਿਰ ਪਿੰਜਰੇ ਅੰਦਰ, ਬੇ-ਵੱਸ ਹੋ ਕੇ ਤੜਿਆ ਬੰਦਾ।
ਤੁਰਿਆ ਸੀ ਨਾਂਦੇੜੋਂ ਲੈ ਕੇ, ਪੰਜ-ਤੀਰ ਗੋਬਿੰਦ-ਨਿਸ਼ਾਨੀ।
ਕਿਵੇਂ ਜ਼ਾਲਮਾਂ ਨਾਲ ਜੂਝਿਆ, ਵੇਖੋ ਬੰਦੇ ਦੀ ਕੁਰਬਾਨੀ।
ਹਾਥੀ ਉਤੇ ਬੱਧਾ ਪਿੰਜਰਾ, ਪਿੰਜਰੇ ਵਿਚ ਸੀ ਗੁਰੂ-ਦੁਲਾਰਾ।
ਸੱਤ ਸੌ ਸਿੰਘ ਊਠਾਂ ਤੇ ਬੱਧੇ, ਹਰ ਇਕ ਸੀ ਦਸਮੇਸ਼-ਪਿਆਰਾ।
ਜਮਾਂ ਵਾਂਗ ਤਲਵਾਰਾਂ ਨੰਗੀਆਂ, ਸਿਰਾਂ ਦੇ ਉਤੇ ਪਹਿਰਾ ਭਾਰਾ।
ਤੋਰਿਆ ਸੀ, 'ਗੁਰਦਾਸ ਨੰਗਲੋਂ', ਦਿੱਲੀ ਵਲ ਜਲੂਸ ਨਿਆਰਾ।
ਲਾਲ ਕਿਲ੍ਹੇ ਦਿੱਲੀ ਵਿਚ ਡੱਕੇ, ਸ਼ਾਹੀ ਕੈਦੀ ਸਿੰਘ ਲਾਸਾਨੀ।
ਕਸ਼ਟ ਝੱਲ ਕੇ ਸਣੇ ਸਾਥੀਆਂ, ਕੀਤੀ ਬੰਦੇ ਨੇ ਕੁਰਬਾਨੀ।
ਬੰਦਾ ਸਿੰਘ ਦੇ ਸਾਹਵੇਂ ਸਾਰੇ, ਸਿੱਖ-ਰਾਜ ਦੇ ਸ਼ੇਰ ਤੇ ਚੀਤੇ।
ਸਹਿੰਦੇ ਰਹੇ ਅਸਹਿ ਤਸੀਹੇ, ਤਨ ਆਪਣੇ 'ਤੇ ਚੁੱਪ-ਚੁਪੀਤੇ।
ਜੱਲਾਦਾਂ ਨੇ ਵਾਰੀ-ਵਾਰੀ, ਸੌ ਸੌ ਰੋਜ਼ ਦੇ ਕਤਲ ਸੀ ਕੀਤੇ।
ਸੱਤਾਂ ਦਿਨਾਂ 'ਚ ਸੱਤ ਸੌ ਸਿੰਘਾਂ, ਹੱਸ ਕੇ ਜਾਮ ਸ਼ਹਾਦਤ ਪੀਤੇ।
ਇੱਕ ਵੀ ਸਿੰਘ ਨੇ ਈਨ ਨਾ ਮੰਨੀ, ਇਹ ਹੈ ਸਿੰਘਾਂ ਦੀ ਜ਼ਿੰਦਗਾਨੀ।
ਧੰਨ ਸਨ ਉਹ ਬੀਰ ਸੂਰਮੇਂ, ਧੰਨ ਬੰਦਾ ਸਿੰਘ ਧੰਨ ਕੁਰਬਾਨੀ।
ਬੰਦਾ ਸਿੰਘ ਦੇ ਨਾਲ ਕੈਦ ਸਨ, ਬਾਕੀ ਸਾਥੀ ਸਿੰਘ ਸਤਾਰਾਂ।
ਦਿੱਲੀ ਕਿਲ੍ਹੇ 'ਚੋਂ ਕੱਢ ਲਿਆਂਦੇ, ਗਿਰਦੇ ਮੁਗ਼ਲ-ਸਿਪਾਹੀ ਹਜ਼ਾਰਾਂ।

ਇਕ ਜਲੂਸ ਦੀ ਸ਼ਕਲ ਬਣਾ ਕੇ, ਫੇਰ ਫੇਰਿਆ ਵਿਚ ਬਜ਼ਾਰਾਂ।
ਕੁਤਬ ਮੀਨਾਰ ਦੇ ਕੋਲ ਲਿਜਾ ਕੇ, ਰੋਕ ਲਿਆ ਸੀ ਕੋਲ ਮਜ਼ਾਰਾਂ।
ਹਾਥੀ ਉਤੋਂ ਸਿੰਘ ਨੂੰ ਲਾਹਿਆ, ਨਾਲ ਹੀ ਦਿਲ ਦਾ ਟੁਕੜਾ ਜਾਨੀ।
ਪਰ ਉਸ ਨੇ ਕੋਈ ਕਾਂਪ ਨਾ ਖਾਧੀ, ਵੇਖੋ ਬੰਦੇ ਦੀ ਕੁਰਬਾਨੀ।
ਫੇਰ 'ਸਰਬਰਾਹ ਖਾਨ' ਬੋਲਿਆ, "ਸਾਰੇ ਸੁਣੋ ਹੁਕਮ ਸਰਕਾਰੀ :
ਦੱਸੋ ਕਿਥੇ ਮਾਲ ਖਜ਼ਾਨੇ, ਕਿੱਥੇ ਦੱਬੀ ਦੌਲਤ ਸਾਰੀ ?
ਨਾਲੇ ਮੁਸਲਮਾਨ ਹੋ ਜਾਵੋ, ਜੇਕਰ ਤੁਸਾਂ ਨੂੰ ਜਾਨ ਪਿਆਰੀ।
ਪਰ ਜੇ ਅਜੇ ਵੀ ਹੋ ਇਨਕਾਰੀ, ਤਾਂ ਫਿਰ ਮਰਨ ਦੀ ਕਰੋ ਤਿਆਰੀ।"
ਅੱਗੋਂ ਸਭ ਨੇ ਮੌਤ ਕਬੂਲੀ, ਹੋਣ ਨਾ ਦਿੱਤੀ ਧਰਮ ਦੀ ਹਾਨੀ।
ਸਿੱਖੀ ਸਿਦਕ ਨਿਭਾਇਆ ਸਭ ਨੇ, ਵੇਖੋ ਸਿੰਘਾਂ ਦੀ ਕੁਰਬਾਨੀ।
ਅੰਤਮ ਵਾਰੀ ਬੰਦਾ ਸਿੰਘ ਨੂੰ, ਸ਼ਾਹੀ ਹੁਕਮ ਸੀ ਗਿਆ ਸੁਣਾਇਆ।
ਜਾਨ ਬਚਾਉਣ ਵਾਸਤੇ ਉਹਨੂੰ, ਧਰਮ ਤਿਆਗਣ ਲਈ ਸਮਝਾਇਆ।
ਅੱਗੋਂ ਸਿੰਘ ਨੇ ਪਹਿਲਾਂ ਵਾਗੂੰ, ਸਿਰ ਫੇਰ ਕੇ ਇਉਂ ਠੁਕਰਾਇਆ।
ਜਿਵੇਂ ਤਿਆਗੀ ਮਹਾਂ-ਪੁਰਸ਼ ਕੁਈ, ਠੁਕਰਾਂਦੇ ਝੂਠੀ ਮੋਹ-ਮਾਇਆ।
ਭਾਵੇਂ ਜਿਸਮ ਸੀ ਪੈ ਗਿਆ ਮਾੜਾ, ਪਰ ਚਿਹਰਾ ਸੀ ਅਜੇ ਨੂਰਾਨੀ।
ਪਰਬਤ ਵਾਂਗ ਅਡੋਲ ਰਿਹਾ ਉਹ, ਵੇਖੋ ਬੰਦੇ ਦੀ ਕੁਰਬਾਨੀ।
ਮਾਰ ਚੌਂਕੜਾਂ ਬੈਠਾ 'ਬੰਦਾ', ਰਿਸ਼ੀਆਂ ਵਾਂਗ ਸਮਾਧੀ ਲਾ ਕੇ।
ਚੌਂਹ ਸਾਲਾਂ ਦਾ ਪੁੱਤਰ ਉਹਦਾ, ਉਹਦੀ ਗੋਦੀ ਵਿਚ ਬਿਠਾ ਕੇ।
ਜ਼ਾਲਮ ਆਖਣ ਲੱਗੇ ਉਹਨੂੰ, ਖੰਜਰ ਉਹਦੇ ਹੱਥ ਫੜਾ ਕੇ।
ਪੁੱਤ ਆਪਣੇ ਦਾ ਦਿਲ ਕੱਢ ਦੇ, ਸੀਨੇ ਉਤੇ ਖੰਜਰ ਵਾਹ ਕੇ।
ਸਾਗਰ ਵਾਗੂੰ ਸ਼ਾਂਤ ਰਿਹਾ ਉਹ, ਜਿਗਰੇ ਵਾਲਾ ਬ੍ਰਹਮ ਗਿਆਨੀ।
ਨਾਲ ਜ਼ੁਲਮ ਦੇ ਟੱਕਰ ਲਾ ਕੇ, ਕੀਤੀ ਬੰਦੇ ਨੇ ਕੁਰਬਾਨੀ।

ਫਿਰ ਜੱਲਾਦ ਨੇ ਬਾਲ 'ਅਜੈ ਸਿੰਘ', ਚੁੱਕ ਕੇ ਧਰਤੀ 'ਤੇ ਪਟਕਾਇਆ।
ਬੜੀ ਬੇ-ਦਰਦੀ ਨਾਲ ਇੰਞਾਣਾ, ਚੀਰਿਆ, ਕੋਹਿਆ ਤੇ ਤੜਫਾਇਆ।
ਲਹੂ-ਭਿੱਜਾ ਦਿਲ ਕੱਢ ਕੇ ਉਹਦਾ, ਜਬਰੀ ਪਿਉ ਦੇ ਮੂੰਹ 'ਚ ਪਾਇਆ।
ਰਾਜ-ਨਸ਼ੇ ਵਿਚ ਫਰੁਖ਼ਸੀਅਰ ਨੇ, ਮੰਦਾ ਕੀਤਾ ਕਹਿਰ ਕਮਾਇਆ।
ਸਿੰਘ ਨੇ ਭਾਣਾ ਮਿੱਠਾ ਮੰਨ ਕੇ, ਅਣਡਿੱਠ ਕੀਤੀ ਕਾਰ ਸ਼ੈਤਾਨੀ।
ਪਾਪ ਰਾਜ ਨੂੰ ਜੜ੍ਹੋਂ ਹਿਲਾ ਕੇ, ਕੀਤੀ ਬੰਦੇ ਨੇ ਕੁਰਬਾਨੀ।

ਫਿਰ ਜੱਲਾਦ ਨੇ ਵਾਰੀ ਵਾਰੀ, ਸੱਜੀ, ਖੱਬੀ ਅੱਖ ਸੀ ਕੱਢੀ।
ਫਿਰ ਸਿੰਘ ਦੀ, ਨਾਲ ਬੇ-ਰਹਿਮੀ, ਗਿੱਟੇ ਕੋਲੋਂ ਲੱਤ ਵੀ ਵੱਢੀ।
ਫਿਰ ਦੋਵੇਂ ਹੀ ਹੱਥ ਵੱਢ ਕੇ, ਕਰ ਦਿੱਤੇ ਸਨ ਅੱਡੋ-ਅੱਡੀ।
ਏਦਾਂ ਸਿੰਘ ਦੇ ਅੰਗ ਕੱਟ ਕੇ, ਉਹਨਾਂ ਨੇ ਕੋਈ ਕਸਰ ਨਾ ਛੱਡੀ।
ਆਖਰ ਬੁਰਜ ਸਿੱਖੀ ਦਾ ਢੱਠਾ, ਜੋ ਸੀ ਸਿੱਖ-ਰਾਜ ਦਾ ਬਾਨੀ।
ਸਿੱਖੀ ਕੇਸਾਂ ਨਾਲ ਨਿਭਾ ਕੇ, ਸੂਰਾ ਕਰ ਗਿਆ ਉਹ ਕੁਰਬਾਨੀ।

ਏਥੇ ਬੱਸ ਨਹੀਂ ਕਸ਼ਟ ਦੇਣ ਲਈ, ਲਾਈ ਪੂਰੀ ਵਾਹ ਕਸਾਈਆਂ।
ਭੱਠੀ ਅੰਦਰ ਅੱਗ ਬਾਲ ਕੇ, ਵਿੱਚ ਸੰਨ੍ਹੀਆਂ ਖੂਬ ਤਪਾਈਆਂ।
ਨਾਲ ਸੰਨ੍ਹੀਆਂ ਮਾਸ ਤੋੜਿਆ, ਨਿਕਲ ਬੋਟੀਆਂ ਬਾਹਰ ਆਈਆਂ।
ਬੰਦਾ ਸਿੰਘ ਨੇ ਸੀ ਨਾ ਕੀਤੀ, ਧੰਨ ਸਿੰਘ ਤੇ ਧੰਨ ਕਮਾਈਆਂ।
ਅੱਗੋਂ ਫਿਰ ਜੋ ਹੋਇਆ 'ਕੋਮਲ' ਕਹਿ ਨਹੀਂ ਸਕਦੀ ਕਵੀ ਦੀ ਕਾਨੀ।
ਧੰਨ ਧੰਨ ਉਹ ਬੰਦਾ ਸਿੰਘ ਜੀ, ਧੰਨ ਧੰਨ ਉਹਦੀ ਕੁਰਬਾਨੀ।

# ਬਾਬਾ ਬੰਦਾ ਸਿੰਘ ਦੇ
# ਸਾਥੀ ਭਾਈ ਬਾਜ਼ ਸਿੰਘ ਦੀ ਸ਼ਹੀਦੀ

(ਜਦੋਂ ਦਸਮੇਸ਼ ਜੀ ਨੇ ਬੰਦਾ ਬੈਰਾਗੀ ਨੂੰ ਸਿੰਘ ਸਜਾ ਕੇ 'ਬਹਾਦਰ' ਦਾ ਖਿਤਾਬ ਦੇ ਕੇ ਨਾਂਦੇੜ ਤੋਂ ਪੰਜਾਬ ਤੋਰਿਆ ਸੀ ਉਸ ਵੇਲੇ ਉਸ ਨਾਲ ਨੀਯਤ ਕੀਤੇ ਹੋਏ ਪੰਜਾਂ ਪਿਆਰਿਆਂ ਵਿਚੋਂ ਇਕ ਭਾਈ 'ਬਾਜ਼ ਸਿੰਘ' ਵੀ ਸੀ, ਜੋ ਸਰਹਿੰਦ ਦਾ ਸੂਬੇਦਾਰ ਬਣਾਇਆ ਗਿਆ ਸੀ। ਜਦੋਂ ਬੰਦਾ ਸਿੰਘ ਬਹਾਦਰ ਆਪਣੇ ਸਾਥੀਆਂ ਸਮੇਤ ਫੜਿਆ ਗਿਆ ਤਾਂ ਬਾਜ਼ ਸਿੰਘ ਵੀ ਨਾਲ ਸੀ। ਉਸ ਨੇ ਅੰਤ ਸਮੇਂ ਵੀ ਉਹ ਕਮਾਲ ਦੀ ਸੂਰਮਤਾਈ ਵਿਖਾਈ ਕਿ ਹਿੰਦ ਦਾ ਬਾਦਸ਼ਾਹ 'ਫਰਖ਼ਸੀਅਰ' ਵੀ ਸਿੱਖ ਕੌਮ ਨੂੰ ਨਿਰਾਲੀ ਤੇ ਵੱਖਰੇ ਜਜ਼ਬੇ ਵਾਲੀ ਕੌਮ ਕਹਿਣੋਂ ਨਾ ਰਹਿ ਸਕਿਆ।)

ਜਦ 'ਬੰਦਾ ਸਿੰਘ' ਦੇ ਦਲ-ਸਾਥੀ,
ਫੜ ਦਿੱਲੀ ਆਂਦੇ ਸਾਰੇ ਗਏ।
ਤੇ ਮੁਸਲਮਾਨ ਬਣਾਉਣ ਲਈ,
ਹਰ ਤਰ੍ਹਾਂ ਦੇ ਕੀਤੇ ਚਾਰੇ ਗਏ।
ਜਾਂ 'ਫਰਖ਼ਸੀਅਰ' ਦੇ ਜ਼ੁਲਮਾਂ ਦੇ,
ਹੋ ਕੁੱਲ ਹਥਿਆਰ ਨਕਾਰੇ ਗਏ।
ਜਾਂ ਸਿੰਘ ਧਰਮ ਤੋਂ ਡੋਲੇ ਨਾ,
ਗਿਣ ਸੌ ਸੌ ਰੋਜ਼ ਦੇ ਮਾਰੇ ਗਏ।
ਤਦ 'ਬਾਜ਼ ਸਿੰਘ' ਦੀ ਵਾਰੀ ਸੀ,
ਜਿਸ ਚੁਣ ਲਈ ਮੌਤ ਪਿਆਰੀ ਸੀ।
ਜਿਸ ਸਿਦਕ ਨਿਭਾਉਣਾ ਸਿੱਖਿਆ ਸੀ,
ਕਿਉਂਕਿ ਉਹ ਅੰਮ੍ਰਿਤ-ਧਾਰੀ ਸੀ।
ਉਸ ਸਿੰਘ ਸੂਰਮੇ ਅਣਖੀ ਦੇ,
ਹੱਥਾਂ ਨੂੰ ਪਈਆ ਕੜੀਆਂ ਸਨ।

ਉਹ ਬਾਜ਼ੀ ਮਾਤ ਨਾ ਪਾ ਜਾਵੇ,
ਪੈਰਾਂ ਵਿਚ ਬੇੜੀਆਂ ਅੜੀਆਂ ਸਨ ।
ਪੈ ਜਾਵੇ 'ਬਾਜ਼' ਨਾ ਚਿੜੀਆਂ ਨੂੰ,
ਕਈਆਂ ਤਲਵਾਰਾਂ ਫੜੀਆਂ ਸਨ ।
ਪਰ ਸਿੰਘ ਦੇ ਨੂਰੀ ਮੁੱਖ ਉਤੇ,
ਰੂਹਾਨੀ ਲਾਲੀਆਂ ਚੜ੍ਹੀਆਂ ਸਨ ।
ਤੱਕ ਸ਼ਾਹ ਨੇ ਪੁੱਛਿਆ "ਓ ਬਾਗੀ,
ਦੱਸ ਹਿੰਮਤ ਤੇਰੀ ਕਿੱਥੇ ਹੈ ?
ਮੈਂ ਸੁਣਿਆ ਬੜਾ ਬਹਾਦਰ ਸੈਂ,
ਹੁਣ ਦੱਸ ਦਲੇਰੀ ਕਿਥੇ ਹੈ ?"
ਸਿੰਘ ਹੱਸ ਕੇ ਅੱਗੋਂ ਬੋਲ ਪਿਆ,
"ਮੈਂ 'ਸਿੰਘ' ਹਾਂ, ਏਨੀ ਜਾਣਾ ਮੈਂ ।
ਬਲ ਮੇਰਾ ਮੇਰੇ ਮਨ ਅੰਦਰ,
ਬੱਸ ਲੋੜ ਸਮੇਂ ਵਰਤਾਣਾ ਮੈਂ ।
ਪਰ ਦੂਜੇ ਸਾਥੀਆਂ ਵਾਂਗਰ ਹੀ,
ਪਿਆਂ ਮੰਨਣਾ ਰੱਬੀ ਭਾਣਾ ਮੈਂ ।
ਜੇ ਖੁੱਲ੍ਹਾ ਹੁੰਦਾ, ਤਾਂ ਤੈਨੂੰ,
ਫਿਰ ਕੱਚੇ ਨੂੰ ਸੀ ਖਾਣਾ ਮੈਂ ।
ਹੁਣ ਤੀਕਰ ਜੇ ਇਤਬਾਰ ਨਹੀਂ,
ਤਾਂ ਫਿਰ ਅਜ਼ਮਾ ਕੇ ਤੱਕ ਲੈ ਤੂੰ ।
ਜੇ ਤੱਕਣਾ ਚਾਹੇਂ ਤਮਾਸ਼ਾ ਤੂੰ,
ਆਜ਼ਾਦ ਕਰਾ ਕੇ ਤੱਕ ਲੈ ਤੂੰ ।"

ਤਦ ਹੋਇਆ ਹੁਕਮ ਸਿਪਾਹੀਆਂ ਨੂੰ,
"ਫੜ ਬੇੜੀਆਂ ਦਿਓ ਉਤਾਰ, ਸੁਣੋ ।
ਪਰ ਚਾਰ ਚੁਫੇਰੇ 'ਸਿਖੜੇ' ਦੇ,
ਬਣ ਜਾਵੇ ਇਕ ਦੀਵਾਰ, ਸੁਣੋ ।
ਇਹ ਘੂਰੇ ਪਿਆ ਸੱਯਾਦਾਂ ਨੂੰ,
ਅੱਜ ਪਿੰਜਰੇ ਵਿਚ ਸ਼ਿਕਾਰ, ਸੁਣੋ,
ਤਕ ਲਈਏ ਇਹਦੀ ਆਕੜ ਨੂੰ,
ਇਹ ਫੋਕਾ ਰਿਹੈ ਵੰਗਾਰ, ਸੁਣੋ ।"
ਜਾਂ ਪੈਰੋਂ ਬੇੜੀਆਂ ਲਹਿ ਗਈਆਂ,
ਉਸ ਤਕਿਆ ਜ਼ਰਾ ਸਿਪਾਹੀਆਂ ਨੂੰ ।
ਉਹ ਬਾਜ਼ਾਂ ਵਾਗੂੰ ਝਪਟ ਪਿਆ,
ਤੇ ਟੁੱਟ ਕੇ ਪਿਆ ਕਸਾਈਆਂ ਨੂੰ ।
ਉਸ , ਬੱਧੇ ਹੋਏ ਹੱਥ ਜਦੋਂ,
ਲਾ ਜ਼ੋਰ ਵੱਟ ਦੇ ਕੇ ਮਾਰੇ ਸੀ ।
ਤਿੰਨ ਬੰਦੇ ਇਕੋ ਵਾਰੀ ਹੀ,
ਉਸ ਮੌਤ ਦੇ ਘਾਟ ਉਤਾਰੇ ਸੀ ।
ਪਈ ਸਭ ਨੂੰ ਹਫੜਾ ਦਫੜੀ ਸੀ,
ਉਸ ਦੱਸੇ ਹੱਥ ਕਰਾਰੇ ਸੀ ।
ਫਿਰ 'ਬਾਦਸ਼ਾਹ' ਵੱਲ ਹੋਇਆ ਜਾਂ,
ਘਬਰਾ ਗਏ ਮੁਸਲੇ ਸਾਰੇ ਸੀ ।
ਉਹ ਕਈ ਦਿਨਾਂ ਦਾ ਭੁੱਖਾ ਸੀ,
ਪਰ ਸਭਨਾਂ ਅੱਗੇ ਅੜਿਆ ਸੀ ।

ਜੋ ਕਿਹਾ ਸੀ ਕਰ ਕੇ ਦੱਸ ਦਿੱਤਾ,
ਤੇ ਅੰਤ ਗਿਆ ਉਹ ਫੜਿਆ ਸੀ ।
ਇੱਕ ਭੁੱਖੇ ਸਿੰਘ 'ਚ ਇਹ ਸ਼ਕਤੀ,
ਤੱਕ 'ਫਰਖ਼ਸੀਅਰ' ਘਬਰਾਇਆ ਸੀ ।
ਉਹ ਦਿਲੋਂ ਹੋਇਆ ਸ਼ਰਮਿੰਦਾ ਸੀ,
ਤੇ ਗਲਤੀ 'ਤੇ ਪਛਤਾਇਆ ਸੀ ।"
ਉਸ ਝੱਟ ਇਸ਼ਾਰਾ ਕਰ ਕੇ ਤੇ,
'ਸੂਰੇ' ਨੂੰ ਕਤਲ ਕਰਾਇਆ ਸੀ ।
ਪਰ ਬੜੀ ਹੈਰਾਨੀ ਵਿਚ ਆ ਕੇ,
ਉਸ ਏਦਾਂ ਆਖ ਸੁਣਾਇਆ ਸੀ:
"ਇਹ ਕੌਮ ਨਿਰੀ ਸਿਰ-ਲੱਥਾਂ ਦੀ,
ਦੁਨੀਆਂ 'ਤੇ ਨਵੀਂ ਨਿਰਾਲੀ ਏ ।
ਇਦ੍ਹੇ ਕੰਮ ਨਿਆਰੇ ਵੇਖੇ ਨੇ,
ਇਹ ਵੱਖਰੇ ਜਜ਼ਬੇ ਵਾਲੀ ਏ ।"

# ਨਵੇਂ ਸੱਜੇ ਸਿੰਘ-ਬੱਚੇ ਦੀ ਸ਼ਹੀਦੀ

(ਦਿੱਲੀ ਵਿਖੇ 'ਬਾਬਾ ਬੰਦਾ ਸਿੰਘ' ਨਾਲ ਫੜੇ ਗਏ ਸਿੰਘਾਂ ਨੂੰ ਸ਼ਹੀਦ ਕਰਨ ਸਮੇਂ, ਸਿੰਘਾਂ ਦੀ ਚੜ੍ਹਦੀ ਕਲਾ ਦੀ ਗਵਾਹੀ ਇਤਿਹਾਸਕਾਰ ਖ਼ਾਫੀ ਖ਼ਾਨ ਨੇ ਭਰੀ ਹੈ। ਉਹ ਲਿਖਦਾ ਹੈ : "ਜਿਨ੍ਹਾਂ ਨੇ ਸਿੰਘਾਂ ਨੂੰ ਆਪਣੀ ਅੱਖੀਂ ਸ਼ਹੀਦ ਹੁੰਦੇ ਵੇਖਿਆ ਹੈ, ਇਹ ਹਕੀਕਤ ਉਹੋ ਹੀ ਜਾਣਦੇ ਹਨ, ਕਿ ਸਿੰਘ ਕਿਵੇਂ ਖਿੜੇ ਮੱਥੇ ਹੱਸ ਹੱਸ ਕੇ ਸ਼ਹੀਦ ਹੋਏ ਸਨ।" ਉਸ ਨੇ ਇਕ ਸੱਜ-ਵਿਆਹੇ ਤੇ ਨਵੇਂ ਸਜੇ ਅਨਦਾੜ੍ਹੀਏ ਸਿੰਘ ਦੀ ਘਟਨਾ ਇਉਂ ਲਿਖੀ ਹੈ :)

ਬੈਠਾ ਫਰਖ਼ਸੀਅਰ ਸੀ, ਲਾ ਸ਼ਾਹੀ ਦਰਬਾਰ।
ਮਾਈ ਇਕ ਫਰਿਆਦ ਲੈ, ਆਈ ਧਾਹੀਂ ਮਾਰ।
ਮਾਰੇ ਪਈ ਦੁਹੱਥੜਾਂ, ਮੱਥਾ ਲਿਆ ਉਸ ਭੰਨ।
ਆਖੇ 'ਮੇਰੇ ਪੁੱਤ ਨੂੰ, ਫੌਜ ਲਿਆਈ ਬੰਨ੍ਹ।
ਨਾਲ ਭੁਲੇਖੇ ਕਰ ਲਿਆ, ਕੈਦੀ ਮੇਰਾ ਲਾਲ।
ਸਿੱਖ ਸਮਝ ਕੇ ਫੜ ਲਿਆ, ਉਹਨੂੰ ਸਿੱਖਾਂ ਨਾਲ।
ਹਿੰਦੂ ਅਸੀਂ ਹਾਂ ਮੁੱਢ ਤੋਂ, ਲੋਕੀ ਜਾਣਨ ਸੱਭ।
ਬਖਸ਼ੀਂ ਮੇਰੇ ਪੁੱਤ ਨੂੰ, ਤੂੰ ਪਰਜਾ ਦਾ ਰੱਬ।
ਕਰਦੀ ਹਾਂ ਫਰਿਆਦ ਮੈਂ, ਮੇਰੀ ਸੁਣੀਂ ਹਜ਼ੂਰ।
ਹੈ ਸੀ ਫੜਿਆ ਗਿਆ ਓਹ, ਸਿੱਖਾਂ ਨਾਲ ਜ਼ਰੂਰ।
ਸਾਡੇ ਵੱਸਦੇ ਪਿੰਡ ਨੂੰ, ਸਿਖਾਂ ਲਿਆ ਸੀ ਲੁੱਟ।
ਸਾਡੇ ਵੀ ਪ੍ਰਵਾਰ 'ਤੇ ਪਈ ਮੁਸੀਬਤ ਟੁੱਟ।
ਜ਼ੋਰੀਂ ਫੜ ਕੇ ਲੈ ਗਏ, ਆਪਣੇ ਨਾਲ ਮਿਲਾ।
ਮੇਰੇ ਬਾਲ ਨਾਦਾਨ ਨੂੰ ਹੱਥੀਂ ਲਿਆ ਚੜ੍ਹਾ।
ਕੁਝ ਦਿਨ ਪਹਿਲਾਂ ਅਜੇ ਸੀ, ਹੋਯਾ ਉਦ੍ਹਾ ਵਿਆਹ।
ਸਿੱਖ ਭੂਤਰੇ ਆ ਪਏ, ਲੈ ਗਏ ਖ਼ਾਹ ਮਖ਼ਾਹ।
ਆਹ! ਤੱਕ, ਮੇਰੀ ਨੂੰਹ ਹੈ, ਖੜੀ ਜੋ ਮੇਰੇ ਨਾਲ।
ਇਹਦੇ ਅਜੇ ਵੀ ਹੱਥ ਨੇ, ਮਹਿੰਦੀ ਰੰਗੇ ਲਾਲ।

ਆਈਆਂ ਦਿੱਲੀ ਵਿਚ ਹਾਂ, ਦੂਰ ਪੰਜਾਬੋਂ ਚੱਲ।
ਜਾਂ ਸਾਨੂੰ ਵੀ ਮਾਰ ਦੇ, ਜਾਂ ਸੁਣ ਸਾਡੀ ਗੱਲ।

ਸੁਣਿਐ ਮੇਰੇ ਲਾਲ ਨੂੰ, ਹੋਈ ਮੌਤ ਸਜ਼ਾ।
ਇੱਕੋ ਮੇਰਾ ਪੁੱਤ ਹੈ, ਦੇਵੀਂ ਨਾ ਮਰਵਾ।"

ਦਿੱਤਾ ਫਰੁਖਸੀਅਰ ਨੇ ਇੰਜ ਪਰਵਾਨਾ ਲਿਖ।
"ਛੱਡੋ ਪੁਤ੍ਰ ਏਸ ਦਾ, ਜੇ ਉਹ ਨਹੀਂ ਹੈ ਸਿੱਖ।"

ਮਾਈ ਨੱਸਦੀ ਆ ਗਈ, ਲੈ ਕੇ ਨੂੰਹ ਨੂੰ ਨਾਲ।
ਅੰਦਰ ਕਤਲਗਾਹ ਦੇ, ਜਿੱਥੇ ਸੀ ਕੋਤਵਾਲ।

ਕੋਤਵਾਲ ਨੇ ਪੜ੍ਹਦਿਆਂ, ਦਿੱਤਾ ਹੁਕਮ ਸੁਣਾ;
'ਇਸ ਮਾਈ ਦੇ ਪੁੱਤ ਨੂੰ, ਕਰ ਦਿਓ ਹੁਣੇ ਰਿਹਾ।'

ਸੁਣ ਕੇ ਹੁਕਮ ਜੱਲਾਦ ਨੇ, ਰੋਕ ਲਈ ਤਲਵਾਰ।
ਭਰ ਕੇ ਲੱਗਾ ਕਰਨ ਸੀ, ਜੋ ਗਭਰੂ 'ਤੇ ਵਾਰ।

ਫਿਰ ਮੁੰਡੇ ਨੂੰ ਆਖਿਆ "ਤੂੰ ਨਹੀਂ ਹਿੰਦੂਆ! ਸਿੱਖ।
ਬਾਦਸ਼ਾਹ ਨੇ ਭੇਜਿਆ ਆਪਣੇ ਹੱਥੀਂ ਲਿੱਖ।

'ਸਿੱਖ ਨਹੀਂ ਮੈਂ' ਆਖ ਦੇਹ, ਦਈਏ ਤੈਨੂੰ ਛੱਡ।
ਨਹੀਂ ਤਾਂ ਸਿੱਖਾਂ ਵਾਂਗ ਹੀ ਹੁਣੇ ਦਿਆਂਗੇ ਵੱਢ।"

ਅੱਗੋਂ ਮੁੰਡੇ ਆਖਿਆ, "ਸਿੱਧੀ ਗੱਲ ਨਹੀਂ ਵਿੰਗ।
ਨਿਰਾ ਸਿੱਖ ਨ ਸਮਝਿਓ ਮੈਂ ਹਾਂ ਪੱਕਾ ਸਿੰਘ।"

ਕੋਤਵਾਲ ਨੇ ਆਖਿਆ, "ਕਹਿ ਮੈਂ ਹਿੰਦੂ ਹਾਂ।
ਮੂੰਹੋਂ ਮੂੰਹ ਪਈ ਆਖਦੀ, ਵੇਖ ਲੈ ਤੇਰੀ ਮਾਂ।"

ਸਿੰਘ ਸੂਰਮਾ ਬੋਲਿਆ, "ਹੋ ਨਹੀਂ ਸਕਦਾ ਇੰਜ।
ਸਿੰਘ ਨੂੰ 'ਹਿੰਦੂ' ਆਖਦੀ, ਪਤਾ ਨਹੀਂ ਏਂ ਕਿੰਜ।

ਮੇਰੀ ਜਾਨ ਬਚਾਉਣ ਲਈ, ਬੋਲ ਰਹੀ ਏ ਝੂਠ।
'ਸ਼ੇਰ' ਨੂੰ ਆਖੇ 'ਬੱਕਰੀ' 'ਹਾਥੀ' ਨੂੰ ਕਹੇ 'ਊਠ'।

'ਸਿੰਘ ਝੂਠ ਨਾ ਬੋਲਦੇ' ਇਹ ਮਸ਼ਹੂਰ ਹੈ ਗੱਲ।
ਮੈਨੂੰ ਸਿੰਘਾਂ ਕੋਲ ਹੀ ਛੇਤੀ ਦੇਵੋ ਘੱਲ।"

ਸੁਣ ਕੇ ਕਈਆਂ ਉਂਗਲਾਂ, ਮੂੰਹ ਵਿਚ ਲਈਆਂ ਦੱਬ।
ਆਖਣ ਬੰਦੇ ਕਿਹੋ ਜਿਹੇ, ਮੌਤ ਨੂੰ ਸਮਝਣ ਰੱਬ।

ਸੁਣ ਕੇ ਗੱਲ ਜੱਲਾਦ ਵੀ, ਹੋਇਆ ਬਹੁਤ ਹੈਰਾਨ।
ਆਖੇ 'ਜਾ ਘਰ ਆਪਣੇ, ਕਿਉਂ ਗਵਾਉਨੈਂ ਜਾਨ?'

ਪਰ ਮੰਨਿਆ ਨਾ ਕਿਸੇ ਦੀ, ਜਦ ਉਹ ਆਖਰਕਾਰ।
ਤਾਂ ਜੱਲਾਦ ਨੇ ਜ਼ੋਰ ਦਾ, ਕੀਤਾ ਇੱਕੋ ਵਾਰ।

ਨਾਲ ਸ਼ਹੀਦਾਂ ਮਿਲ ਗਿਆ, ਕੀਤਾ ਓਸ ਕਮਾਲ।
ਸਿੰਘ ਦੀ ਚੜ੍ਹਦੀ ਕਲਾ ਦੀ ਇਹ ਹੈ ਇਕ ਮਿਸਾਲ।

ਏਹੋ ਜਹੀਆਂ ਹੋਰ ਨੇ, ਕਈ ਮਿਸਾਲਾਂ ਖ਼ਾਸ।
ਗੈਰ-ਸਿੱਖਾਂ ਨੇ ਲਿਖੀਆਂ, ਬੋਲ ਰਿਹੈ ਇਤਿਹਾਸ।

## ਭਾਈ ਮਨੀ ਸਿੰਘ ਦੀ ਸ਼ਹੀਦੀ

ਵੈਸਾਖੀ ਨੂੰ ਦਸਮ ਪਿਤਾ ਨੇ,
ਸਿੱਖੀ ਜਦੋਂ ਸਜਾਈ, ਪਾਹੁਲ ਬਣਾਈ ।
ਮਨੀ ਸਿੰਘ ਵੀ ਸਿੰਘ ਸੱਜਿਆ,
ਜ਼ਿੰਦਗੀ ਲੇਖੇ ਲਾਈ, ਬਣਿਆ ਭਾਈ ।
ਸਤਿਗੁਰ ਦੇ ਦਰਬਾਰੋਂ ਉਹਨੇ,
ਉੱਚ ਵਿੱਦਿਆ ਪਾਈ, ਲੈ ਵਡਿਆਈ ।
'ਕੋਮਲ' ਗੁਰ-ਚਰਨਾਂ ਵਿਚ ਉਹਨੇ,
ਬਹੁਤੀ ਉਮਰ ਬਿਤਾਈ, ਧੰਨ ਕਮਾਈ ।

ਬਣੇ ਗ੍ਰੰਥੀ ਭਾਈ ਆ ਕੇ,
ਰਾਮਦਾਸ-ਗੁਰ ਘਰ ਦੇ, ਅੰਮ੍ਰਿਤਸਰ ਦੇ ।
ਜੱਥੇ-ਬੰਦ ਖਾਲਸਾ ਕਰ ਕੇ,
ਰਹੇ ਉਹ ਸੇਵਾ ਕਰਦੇ, ਸੇਵਕ ਦਰ ਦੇ ।
ਕਰਦੇ ਰਹੇ ਪ੍ਰਚਾਰ ਸਿੱਖੀ ਦਾ,
ਗੌਂਦੇ ਰਹੇ ਗੁਣ ਹਰਿ ਦੇ, ਦੁਖੜੇ ਜਰਦੇ ।
'ਕੋਮਲ' ਤਨ ਮਨ ਵਾਰ ਪੰਥ ਤੋਂ,
ਰਹੇ ਉਹ ਬਣ ਕੇ ਬਰਦੇ, ਹਰਿਮੰਦਰ ਦੇ ।

ਖ਼ਾਨ ਬਹਾਦਰ ਕੀਤੀ ਸਖਤੀ,
ਲੁੱਟਿਆ ਹਰ ਸਿੱਖ-ਡੇਰਾ, ਪਾ ਕੇ ਫੇਰਾ ।
ਗਸ਼ਤੀ ਫੌਜ ਚੜ੍ਹਾ ਕੇ ਉਹਨੇ,
ਰੋਕਿਆ ਚਾਰ ਚੁਫੇਰਾ, ਪਾ ਕੇ ਘੇਰਾ ।

ਸ਼ਹਿਰ ਦੀ ਨਾਕਾ-ਬੰਦੀ ਕਰ ਕੇ,
ਕੀਤਾ ਜ਼ੁਲਮ ਬਥੇਰਾ, ਪਿਆ ਅੰਨ੍ਹੇਰਾ ।
'ਕੋਮਲ' ਭਾਈ ਮਨੀ ਸਿੰਘ ਨੂੰ,
ਹੋਇਆ ਦੁੱਖ ਘਨੇਰਾ, ਕੀਤਾ ਜੇਰਾ ।

ਆਖਰ ਹਿੰਮਤ ਕਰ ਕੇ ਉਸ ਨੇ,
ਏਦਾਂ ਗੱਲ ਵਿਚਾਰੀ, ਪੱਕੀ ਧਾਰੀ ।
ਸਿੱਖਾਂ ਨਾਲ ਨੇ ਵੈਰ ਕਮਾਉਂਦੇ,
ਇਹ ਬੰਦੇ ਸਰਕਾਰੀ, ਮੱਤ ਹੈ ਮਾਰੀ ।
ਨਾਲ ਹਕੂਮਤ ਚਾਹੀਦੀ ਏ,
ਗੱਲ ਤੋਰਨੀ ਸਾਰੀ, ਬਾਤ ਵਿਹਾਰੀ ।
'ਕੋਮਲ' ਸਿੰਘਾਂ ਉੱਤੇ ਬਿਪਤਾ,
ਜਾਂਦੀ ਨਹੀਂ ਸਹਾਰੀ ਜਾਂ ਬਲਿਹਾਰੀ ।

ਨਾਲ ਕਾਜ਼ੀ ਦੇ ਮਿਲ ਕੇ, ਭਾਈ,
ਕੀਤੀਆਂ ਕੁੱਝ ਵਿਚਾਰਾਂ, ਸਿਦਕੀ ਕਾਰਾਂ ।
ਦੀਵਾਲੀ ਦਾ ਮੇਲਾ ਭਾਰਾ,
ਜੇ ਲੱਗੇ ਇਸ ਵਾਰਾਂ, ਤਾਂ ਪੌਂ ਬਾਰਾਂ ।
ਬਿਨਾਂ ਰੋਕ ਜੇ ਦਰਸ਼ਨ ਖਾਤਰ,
ਆਵਣ ਸਿੰਘ ਹਜ਼ਾਰਾਂ, ਸ਼ੁਕਰ ਗੁਜ਼ਾਰਾਂ ।
'ਕੋਮਲ' ਪੰਜ ਹਜ਼ਾਰ ਰੁਪਈਏ,
ਮੈਂ ਸਿੰਘਾਂ ਤੋਂ ਵਾਰਾਂ, ਗਿਣ ਕੇ ਤਾਰਾਂ ।

ਸੂਬੇ ਨੇ ਸਭ ਗੱਲਾਂ ਮੰਨੀਆਂ,
ਵਰ ਅਰਦਾਸਾਂ ਆਈਆਂ, ਘਾਲ ਕਮਾਈਆਂ ।

ਚਿੱਠੀਆਂ ਲਿਖ ਕੇ ਭਾਈ ਸਾਹਿਬ ਨੇ,
ਸਿੱਖ, ਜੱਥਿਆਂ ਨੂੰ ਪਾਈਆਂ, ਦਏ ਵਧਾਈਆਂ।
ਖਬਰਾਂ ਸੁਣ ਕੇ ਸਿੰਘਾਂ ਨੇ ਸੀ,
ਖੁਸ਼ੀਆਂ ਖੂਬ ਮਨਾਈਆਂ, ਦੂਣ ਸਵਾਈਆਂ।
'ਕੋਮਲ' ਸੰਗਤਾਂ ਅੰਮ੍ਰਿਤਸਰ ਨੂੰ,
ਤੁਰ ਪਈਆਂ ਸਧਰਾਈਆਂ, ਕਰ ਕੇ ਧਾਈਆਂ।

ਏਧਰ ਇਕ ਸੂਹੀਏ ਨੇ ਆ ਕੇ,
ਭਾਈ ਨੂੰ ਖਬਰ ਸੁਣਾਈ, "ਸੁਣ ਲੋ ਭਾਈ!
ਸੂਬੇ ਨੇ ਹੈ ਧੋਖਾ ਕੀਤਾ,
ਖਬਰ ਲਾਹੌਰੋਂ ਆਈ, ਫੌਜ ਚੜ੍ਹਾਈ।
ਸਿੰਘ ਘੇਰ ਕੇ ਮਾਰਨ ਵਾਲੀ,
ਗਈ ਏ ਬਣਤ ਬਣਾਈ, ਹੈ ਬੁਰਿਆਈ।
'ਕੋਮਲ' ਸਮਾਂ ਸੰਭਾਲੋ ਛੇਤੀ,
ਕਰ ਲੌ ਚਾਰਾ ਕਾਈ, ਨਾਲ ਦਾਨਾਈ।"

ਲਿਖਿਆ ਮਨੀ ਸਿੰਘ ਨੇ "ਸਿੰਘੋ!
ਹੋਇਆ ਰੱਬੀ ਭਾਣਾ, ਹੁਣ ਰੁਕ ਜਾਣਾ।
ਸੂਬੇ ਦੀ ਹੈ ਨੀਯਤ ਬਦਲੀ,
ਚਾਹੇ ਪੰਥ ਮੁਕਾਣਾ, ਜ਼ੁਲਮ ਕਮਾਣਾ।
ਉਹਨੇ ਤਕੜੀ ਫੌਜ ਚੜ੍ਹਾਈ,
ਰਤਾ ਵਿਸਾਹ ਨਾ ਖਾਣਾ, ਹੁਕਮ ਬਜਾਣਾ।
'ਕੋਮਲ' ਏਸੇ ਵਿਚ ਭਲਾਈ,
ਮੇਲਾ ਨਹੀਂ ਲਗਾਣਾ, ਅਜੇ ਨਾ ਆਣਾ।"

ਚੱਲੀ ਚਾਲ ਨਾ ਸੂਬੇ ਦੀ ਜਾਂ,
ਫੌਜੀ ਕੋਲ ਬੁਲਾ ਕੇ, ਗੁੱਸਾ ਖਾ ਕੇ ।
ਆਖਣ ਲੱਗਾ, "ਰਕਮ ਲਿਆਓ,
ਮਨੀ ਸਿੰਘ ਤੋਂ ਜਾ ਕੇ, ਹੁਕਮ ਸੁਣਾ ਕੇ ।
ਮੁੱਕਰ ਜਾਵੇ ਤਾਂ ਫਿਰ ਫੜ ਕੇ,
ਲੈ ਆਓ ਖਾਂ ਏਥੇ, ਬੰਨ੍ਹ ਬੰਨ੍ਹਾ ਕੇ ।
'ਕੋਮਲ' ਸਿੰਘ ਨੂੰ ਪੇਸ਼ ਕਰੋ ਖਾਂ,
ਵੇਖਾਂ ਕਤਲ ਕਰਾ ਕੇ, ਮਜ਼ਾ ਚਖਾ ਕੇ ।"

ਆਖਰ ਭਾਈ ਮਨੀ ਸਿੰਘ ਜੀ,
ਗਏ ਲਾਹੌਰ ਮੰਗਾਏ, ਬੰਨ੍ਹ ਬਿਠਾਏ ।
ਗੁੱਸੇ ਅੰਦਰ ਸੂਬੇ ਨੇ ਸੀ,
ਕਰੜੇ ਹੁਕਮ ਸੁਣਾਏ, ਗਏ ਡਰਾਏ ।
"ਜੇ ਨਹੀਂ ਵਾਹਦਾ ਪੂਰਾ ਹੁੰਦਾ,
ਨਹੀਂ ਰੁਪਈਏ ਆਏ, ਮੌਤ ਸਜ਼ਾਏ ।
'ਕੋਮਲ' ਕਾਫ਼ਰ ! ਮੋਮਨ ਬਣ ਜਾ,
ਕੋਈ ਨਾ ਦੁੱਖ ਪੁਚਾਏ, ਕਾਫ਼ਰ-ਜਾਏ !"

ਭਾਈ ਜੀ ਨੇ ਸੂਬੇ ਨੂੰ ਕਹੀ,
ਕੁੱਲ ਹਕੀਕਤ ਸਾਰੀ, ਗੱਲ ਨਿਤਾਰੀ ।
"ਕਿਉਂਕਿ ਨਹੀਂ ਦੀਵਾਲੀ ਲੱਗੀ,
ਕੀਤੀ ਤੁਸਾਂ ਖ਼ਵਾਰੀ, ਚਾੜ੍ਹ ਸ਼ਿਕਾਰੀ ।
ਨਾਲੇ ਮੈਂ ਵੀ ਸਮਝ ਗਿਆ ਸਾਂ,
ਤੁਸਾਂ ਨੇ ਦਿਲ ਵਿਚ ਧਾਰੀ, ਇਹ ਮੱਕਾਰੀ ।

'ਕੋਮਲ' ਤਾਹੀਓਂ ਸੋਚ ਸਾਚ ਕੇ,
ਰਕਮ ਨਹੀਂ ਮੈਂ ਤਾਰੀ, ਹਾਂ ਇਨਕਾਰੀ ।"
ਬੋਲ ਪਿਆ ਫਿਰ ਕਾਜ਼ੀ ਅੱਗੋਂ :
"ਮੁਸਲਮਾਨ ਬਣਾਓ, ਕੁਫ਼ਰ ਮਿਟਾਓ ।
ਮੰਨ ਜਾਵੇ ਤਾਂ ਗੱਲ ਹੈ ਚੰਗੀ,
ਨਹੀਂ ਤਾਂ ਮਾਰ ਮੁਕਾਓ, ਢਿੱਲ ਨਾ ਲਾਓ ।
ਨਾਲ ਤਸੀਹੇ ਇਸ ਨੂੰ ਮਾਰੋ,
ਦੁੱਖ ਦੇ ਕੇ ਤੜਫਾਓ, ਰਹਿਮ ਨਾ ਖਾਓ ।
'ਕੋਮਲ' ਜਿਸਮ ਕਰਾਓ ਟੋਟੇ,
ਬੰਦ ਬੰਦ ਕਟਵਾਓ, ਰਹਿਮਤ ਪਾਓ ।"

ਭਾਈ ਸਾਹਿਬ ਨੇ ਮੁਸਕਰਾ ਕੇ,
ਝੂਠ ਦੇ ਪਰਦੇ ਖੋਲ੍ਹੇ, ਏਦਾਂ ਬੋਲੇ :
"ਸੱਚ ਦੇ ਪ੍ਰਬਤ ਕਦੇ ਨਾ ਹਿਲਦੇ,
ਕੌਣ ਸਿਦਕ ਨੂੰ ਤੋਲੇ, ਰੂਹ ਨੂੰ ਰੋਲੇ ।
ਜਗਦੀ ਰਹੇਗੀ ਜੋਤਿ ਸ਼ਹੀਦੀ,
ਵੱਗਣ ਵਾ-ਵਰੋਲੇ, ਝੱਖੜ ਝੋਲੇ ।
'ਕੋਮਲ' ਧਰਮ ਨਾ ਕਦੇ ਤਿਆਗਾਂ,
ਗੁਰ-ਚਰਨਾਂ ਦੇ ਗੋਲੇ, ਕਦੇ ਨਾ ਡੋਲੇ ।"

## ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ

ਅੰਮ੍ਰਿਤਸਰ 'ਤੇ ਕਬਜ਼ਾ ਕਰ ਕੇ, ਕੀਤਾ ਜ਼ੁਲਮ ਜਦੋਂ ਅਬਦਾਲੀ।
ਗੁਰ-ਨਗਰੀ ਨੂੰ ਲੁੱਟਿਆ ਢਾਹਿਆ, ਸ਼ਹਿਰ ਸਿੰਘਾਂ ਤੋਂ ਹੋਇਆ ਖਾਲੀ।
ਵੇਖ ਬੇ-ਅਦਬੀ ਹਰਿਮੰਦਰ ਦੀ, ਉੱਡ ਗਈ ਸੀ ਕਲਸ ਦੀ ਲਾਲੀ।
ਦੀਪ ਸਿੰਘ ਨੇ ਵਿਚ ਦਮਦਮੇ, ਕਿਹਾ ਮੇਰੇ ਵਿਚ ਦਮ ਨੇ ਹਾਲੀ।
ਖੰਡਾ ਫੜ ਅਰਦਾਸਾ ਕੀਤਾ, ਮਿਹਰ ਕਰੀਂ ਤੂੰ ਪੰਥ ਦੇ ਵਾਲੀ।
ਸ਼ਕਤੀ ਦੇਹ ਕਿ ਗੁਰ-ਦਰਬਾਰ ਦੀ, ਆਪ ਕਰਾਂ ਮੈਂ ਜਾ ਰਖਵਾਲੀ।

ਸੁਣਿਐ ਪੂਰਿਆ ਗਿਆ ਸਰੋਵਰ, ਹਰਿਮੰਦਰ ਦਾ ਹੋਇਆ ਨਿਰਾਦਰ।
ਸਿਰ ਤੋਂ ਪਾਣੀ ਲੰਘ ਗਿਆ, ਪਰ, ਕਰਾਂਗਾ ਜੋ ਕਰਵਾਊ ਕਾਦਰ।
ਜਿਸ ਦਿੱਤਾ ਮੈਨੂੰ ਹੱਥੀਂ ਅੰਮ੍ਰਿਤ, ਜਿਦ੍ਹਾ ਪਿਤਾ ਗੁਰ ਤੇਗ ਬਹਾਦਰ।
ਉਸੇ ਗੁਰੂ ਦੇ ਇਸ ਖੰਡੇ ਨੇ, ਅੱਜ ਵੀ ਬਣਨੈ ਪੰਥ ਦੀ ਚਾਦਰ।

ਰਾਮਦਾਸ ਸਤਿਗੁਰ ਦੀ ਨਗਰੀ, ਜ਼ਾਲਮ ਕੋਲੋਂ ਖੋਹਵੋ ਸਿੰਘੋ !
ਅਬਦਾਲੀ ਨੇ ਸਮਝਿਆ ਕੀ ਏ, ਬਣ ਕੇ ਮੌਤ ਖਲੋਵੋ ਸਿੰਘੋ !
ਧਰਮ-ਯੁੱਧ ਦਾ ਨਾਅਰਾ ਲਾ ਕੇ, ਰਣ ਵਿਚ ਅੱਗੇ ਹੋਵੋ ਸਿੰਘੋ !
ਲੱਗੀ ਮੈਲ ਬੇ-ਅਦਬੀ ਵਾਲੀ, ਲਹੂ ਡੋਲ੍ਹ ਕੇ ਧੋਵੋ ਸਿੰਘੋ।

ਦੀਪ ਸਿੰਘ ਜਦ ਗੱਜਿਆ ਏਦਾਂ, ਸਿੰਘ ਆਪੇ ਤੋਂ ਬਾਹਰ ਸੀ ਹੋ ਗਏ।
ਬੋਲੇ ਸੋ ਨਿਹਾਲ ਬੋਲ ਕੇ, ਇਕਦਮ ਸਭ ਤਈਆਰ ਸੀ ਹੋ ਗਏ।
ਅੱਧੇ ਜੱਥੇ ਪੈਦਲ ਤੁਰ ਪਏ, ਅੱਧੇ ਘੋੜ ਸਵਾਰ ਸੀ ਹੋ ਗਏ।
ਦਮਦਮੇਂ ਤੋਂ ਤਰਨਤਾਰਨ ਤੱਕ, ਮਿਲ ਕੇ ਪੰਜ ਹਜ਼ਾਰ ਸੀ ਹੋ ਗਏ।

ਖੰਡੇ ਨਾਲ ਲਕੀਰ ਖਿੱਚ ਕੇ, ਬਾਬੇ ਨੇ ਕਿਹਾ, ਅੱਗੇ ਆਓ।
ਆਓ ਸ਼ਹੀਦੀਆਂ ਪੌਣ ਲਈ ਆਓ, ਨਹੀਂ ਤਾਂ ਮੁੜ ਕੇ ਘਰਾਂ ਨੂੰ ਜਾਓ।
'ਮਰਾਂ ਤਾਂ ਹਰ ਕੇ ਦੁਆਰ' ਮੈਂ ਸਿੰਘੋ, ਮਰਨ ਦਾ ਮੈਨੂੰ ਚੜ੍ਹਿਆ ਚਾਓ।
ਮੈਂ ਅੰਮ੍ਰਿਤਸਰ ਜਾ ਕੇ ਰੁਕਣਾ, ਮੇਰੇ ਮਨ ਵਿਚ ਭਰਿਆ ਭਾਓ।

ਮਰਜੀਵੜਿਓ! ਅੱਜ ਰੱਖ ਵਿਖਾਓ, ਨਾਲ ਜ਼ੁਲਮ ਦੇ ਟੱਕਰ ਲਾਓ।
ਦੁਸ਼ਮਣ-ਦਲ ਦੀਆਂ ਸਫ਼ਾਂ ਚੀਰ ਕੇ, ਤਲਵਾਰਾਂ ਦੀ ਪਿਆਸ ਬੁਝਾਓ।
ਬਣ ਕੇ ਮਰਦ ਮੈਦਾਨ ਦੇ ਨਿੱਤਰੋ, ਹਰਿਮੰਦਰ ਆਜ਼ਾਦ ਕਰਾਓ।
'ਜਉ ਤਉ ਪ੍ਰੇਮ ਖੇਲਣ ਕਾ ਚਾਉ। ਸਿਰੁ ਧਰਿ ਤਲੀ ਗਲੀ ਮੇਰੀ ਆਉ।'

ਇਹ ਲੀਕ ਕੋਈ ਯੋਧਾ ਟੱਪੇ, ਕੋਈ ਡਰਪੋਕ ਸਰੀਰ ਨਾ ਟੱਪੇ।
ਸੂਰਬੀਰ ਕੋਈ ਬਲੀ ਹੀ ਟੱਪੇ, ਐਵੇਂ ਕੋਈ ਵਹੀਰ ਨਾ ਟੱਪੇ।
ਟੱਪੇ ਓਹ ਜਿਨ ਜੂਝ ਕੇ ਮਰਨਾ, ਬੇਦਿਲ ਕੋਈ ਦਿਲਗੀਰ ਨਾ ਟੱਪੇ।
ਟੱਪੇ ਜਿਨ ਸਿਰ ਖੱਫਣ ਬੱਧਾ, ਨਹੀਂ ਤਾਂ ਕੋਈ ਲਕੀਰ ਨਾ ਟੱਪੇ।

ਸੁਣ ਕੇ ਧੌਣਾਂ ਉਚੀਆਂ ਹੋਈਆਂ, ਚਿਹਰਿਆਂ ਦਾ ਰੰਗ ਲਾਲ ਹੋ ਗਿਆ।
ਜੋਸ਼ ਨਾਲ ਜਜ਼ਬਾਤ ਭੜਕ ਪਏ, ਚੜ੍ਹਿਆ ਰੋਹ ਕਮਾਲ ਹੋ ਗਿਆ।
ਖ਼ੂਨ ਖੌਲਿਆ, ਡੌਲੇ ਫਰਕੇ, ਜੀਊਣਾ ਬੱਸ ਮੁਹਾਲ ਹੋ ਗਿਆ।
ਲੀਕ ਟੱਪ ਕੇ ਸਾਰੇ ਤੁਰ ਪਏ, ਕੁੱਲ ਖਾਲਸਾ ਨਾਲ ਹੋ ਗਿਆ।

ਸਿਪਾਹ ਸਾਲਾਰ ਜਹਾਨ ਖ਼ਾਨ ਵੀ, ਸੁਣ ਕੇ ਸ਼ਹਿਰੋਂ ਬਾਹਰ ਸੀ ਆਇਆ।
ਏਧਰੋਂ ਓਧਰੋਂ ਕੱਠੀ ਕਰ ਕੇ, ਦਸ ਹਜ਼ਾਰ ਸੀ ਫੌਜ ਲਿਆਇਆ।
ਅੱਗੋਂ ਕਰਨ ਮੁਕਾਬਲਾ ਤੁਰਿਆ, ਗੋਹਲਵੜ ਨੇੜੇ ਆ ਟਕਰਾਇਆ।
ਖ਼ੂਨ ਡੋਲ੍ਹਵੀਂ ਹੋਈ ਲੜਾਈ, ਸਿੰਘਾਂ ਫੌਜ ਨੂੰ ਅੱਗੇ ਲਾਇਆ।

ਕਿਧਰੇ ਲੱਥਣ ਘਾਣ ਲੱਗ ਪਏ, ਕਿਧਰੇ ਆਹੂ ਲਹਿਣ ਲੱਗ ਪਏ।
ਬਾਬੇ ਐਸੀ ਵਾਢੀ ਪਾਈ, ਤੁਰਕ ਧੜਾ ਧੜ ਢਹਿਣ ਲੱਗ ਪਏ।

ਚੱਬੇ ਕੋਲ ਜਾਂ ਸੀਸ ਲਹਿ ਗਿਆ, ਇਕ ਸਿੰਘ ਜੀ ਕਹਿਣ ਲੱਗ ਪਏ :
"ਬਾਬਾ ਜੀ ! ਤੁਸੀਂ ਅੰਮ੍ਰਿਤਸਰ ਤੋਂ, ਤਿੰਨ ਕੋਹ ਉਰੇ ਹੀ ਬਹਿਣ ਲੱਗ ਪਏ।"
ਬੱਸ ਫੇਰ ਕੀ, ਬਾਬਾ ਜੀ ਵੀ, ਤੁਰਕਾਂ ਦਾ ਬਣ ਕਾਲ ਸੀ ਚੜ੍ਹਿਆ।
ਸੀਸ ਟਿਕਾ ਕੇ ਤਲੀ ਦੇ ਉਤੇ, ਸਿਰ ਬਾਝੋਂ ਬੱਸ ਧੜ ਸੀ ਲੜਿਆ।
ਕੰਬੀ ਫੌਜ ਤੇ ਡਰ ਕੇ ਨੱਸੀ, ਖ਼ੱਬੀ ਖ਼ਾਨ ਕੋਈ ਨਾ ਅੜਿਆ।
ਪਲਾਂ ਵਿਚ ਹੀ ਦੀਪ ਸਿੰਘ ਸੀ, ਆ ਅੰਮ੍ਰਿਤਸਰ ਨੇੜੇ ਖੜ੍ਹਿਆ।

ਧੰਨ ਧੰਨ ਬਾਬਾ ਦੀਪ ਸਿੰਘ ਜੀ, ਧੰਨ ਸੀ ਉਹਦਾ ਜਿਗਰਾ ਜੇਰਾ।
ਨਾਲ ਸਵਾਸਾਂ ਬਚਨ ਨਿਭਾ ਕੇ, ਕੀਤਾ ਜੱਗ ਵਿਚ ਕੰਮ ਵਡੇਰਾ।
ਪਰਕਰਮਾਂ ਵਿਚ ਸੀਸ ਟਿਕਾ ਕੇ, ਗੁਰਚਰਨਾਂ ਵਿਚ ਲਾਇਆ ਡੇਰਾ।
'ਓੜਕਿ ਨਿਬਹੀ ਪ੍ਰੀਤਿ ਸੇਵਕ ਕੀ', ਗੂੰਜ ਉਠਿਆ ਚਾਰ ਚੁਫੇਰਾ।
'ਮੇਰਾ ਮੁਝ ਮਹਿ ਕਿਛੁ ਨਹੀ, ਜੋ ਕਿਛੁ ਹੈ ਸੋ ਤੇਰਾ ।
ਤੇਰਾ ਤੁਝ ਕਉ ਸਉਪਤੇ, ਕਿਆ ਲਾਗੈ ਮੇਰਾ ।"

## ਸਿੱਖੀ ਅਤੇ ਸ਼ਹਾਦਤ

ਮੰਦਰ ਇਹ ਸਿੱਖੀ ਵਾਲੜਾ, ਜੋ ਦਿਸਦਾ ਏ ਪਿਆਰਿਆ।
ਸਦਕਾ ਸ਼ਹੀਦੀ-ਖ਼ੂੰਨ ਦਾ, ਇਹ ਗਿਆ ਹੈ ਸ਼ਿੰਗਾਰਿਆ।
ਰੱਖੀ ਇਹਦੀ ਬੁਨਿਆਦ ਸੀ, ਚੌਥੇ ਗੁਰੂ ਦੇ ਲਾਲ ਨੇ।
ਕੀਤਾ ਸੀ ਪੱਕਿਆਂ ਏਸ ਨੂੰ ਨੌਵੇਂ ਗੁਰੂ ਦੀ ਘਾਲ ਨੇ।
ਧੰਨ ਗੁਰੂ ਦਸਮੇਸ਼ ਜੀ, ਜਿਸ ਦੇ ਨਿਆਰੇ ਕੰਮ ਸਨ।
ਨਿੱਕੇ ਬਿਠਾ ਕੇ ਵਿਚ ਨੀਹਾਂ, ਵੱਡੇ ਬਣਾਏ ਥੰਮ ਸਨ।

ਹਰ ਇੱਟ ਦੀ ਥਾਂ ਰੱਖ ਕੇ, ਤਦ ਹੱਡੀਆਂ ਦੇ ਵਾਰ ਨੂੰ।
ਗਿਆ ਸੀ ਫਿਰ ਉਸਾਰਿਆ, ਹਰ ਇੱਕ ਦਰ ਦੀਵਾਰ ਨੂੰ।
ਚੂਨੇ ਦੀ ਥਾਂ ਤੇ ਮਿੱਝ ਨੂੰ, ਪਾਣੀ ਦੀ ਥਾਂ ਪਾ ਰੱਤ ਨੂੰ।
ਸੂਰਿਆਂ ਦੇ ਸਿਰਾਂ 'ਤੇ ਰੱਖਿਆ ਸੀ ਇਹਦੀ ਛੱਤ ਨੂੰ।

ਰਾਖੀ ਸੀ ਕੀਤੀ ਏਸ ਦੀ, ਦੁੱਖ ਯੋਧਿਆਂ ਨੇ ਝੱਲ ਕੇ।
ਪਾਏ ਜੋ ਗੁਰੂਆਂ ਪੂਰਨੇ, ਉਹਨਾਂ 'ਤੇ ਪੂਰੇ ਚੱਲ ਕੇ।
ਸੀ ਆਰਿਆਂ ਸੰਗ ਪਾੜਿਆ, ਦੇਗੀਂ ਬਿਠਾ ਕੇ ਕਾੜ੍ਹਿਆ।
ਦੇ ਕੇ ਤਸੀਹੇ ਕੋਹਿਆ, ਤੇ ਚਰਖੀਆਂ 'ਤੇ ਚਾੜ੍ਹਿਆ।
ਘਾਲੀ ਜੋ ਸਿੰਘਾਂ ਘਾਲ ਸੀ, ਉਹ ਜੀਭ ਸਕੇ ਦੱਸ ਨਾ।
ਜੋ ਜੋ ਵੀ ਕੀਤੀ ਜ਼ਾਲਮਾਂ, ਏਥੇ ਉਹ ਹੁੰਦੀ ਬੱਸ ਨਾ।

ਰੱਖਿਆ ਪਿਆਰੇ ਧਰਮ ਨੂੰ, ਜਾਨਾ ਜਿਨ੍ਹਾਂ ਨੇ ਵਾਰ ਕੇ।
ਉਹ ਅਮਰ ਪਦਵੀ ਪਾ ਗਏ, ਫਿਰ ਕਾਲ ਨੂੰ ਵੀ ਮਾਰ ਕੇ।

ਜ਼ਾਲਮ ਜੋ ਕਰਦੇ ਰਹਿਣਗੇ, ਏਸੇ ਤਰ੍ਹਾਂ ਮਨ-ਮਾਨੀਆਂ ।
ਸੂਰੇ ਵੀ ਕਰਦੇ ਰਹਿਣਗੇ, ਏਸੇ ਤਰ੍ਹਾਂ ਕੁਰਬਾਨੀਆਂ ।

ਗਿਣਤੀ 'ਚ ਭਾਵੇਂ ਘੱਟ ਨੇ, ਪਰ ਵਧ ਕੇ ਬਲੀਦਾਨ ਨੇ ।
ਹਾਲੀ ਵੀ ਏਦਾਂ ਜਾਪਦੈ, ਹੋਣੇ ਕਈ ਇਮਤਿਹਾਨ ਨੇ ।

ਦਸਦਾ ਸਮਾਂ ਕਿ ਸਿੰਘ ਮੁੜ, ਕਸਵੱਟੀ 'ਤੇ ਲਾਏ ਜਾਣਗੇ ।
ਪਰਖਾਂ 'ਚ ਪਾ ਕੇ ਫੇਰ ਮੁੜ ਕੁੰਦਨ ਬਣਾਏ ਜਾਣਗੇ ।

ਸ਼ਹਾਦਤ ਦੇ ਹਰ ਮੈਦਾਨ ਵਿਚ, ਏਨੇ ਇਹ ਅੱਗੇ ਆਉਣਗੇ ।
ਇਕ ਨਾ ਇਕ ਦਿਨ ਸਿੰਘ 'ਕੋਮਲ', ਪਾਤਸ਼ਾਹ ਅਖਵਾਉਣਗੇ ।

## ਸ਼ਹੀਦਾਂ ਦੀ ਕੌਮ

ਕਿਸੇ ਕੌਮ ਦੀ ਸ਼ਕਤੀ ਜੇ ਵੇਖਣੀ ਏਂ
ਕਦੇ ਗਿਣੋਂ ਨਾ ਉਹਦੇ ਮੁਰੀਦ ਕਿੰਨੇ ?
ਬੰਦੇ ਗਿਣੋਂ ਨਾ, ਸਗੋਂ ਇਹ ਕਰੋ ਗਿਣਤੀ,
ਓਸ ਕੌਮ ਵਿਚ ਹੋਏ ਸ਼ਹੀਦ ਕਿੰਨੇ ?
ਗਿਣ ਕੇ ਵੇਖੋ ਸੰਸਾਰ ਦੀਆ ਕੁੱਲ ਕੌਮਾਂ,
ਵੇਖੋ ਕੌਣ ਨੀਵੀਂ, ਵੇਖੋ ਕੌਣ ਉਚੀ ।
ਜਿਸ ਕੌਮ ਦੇ ਹੋਣ ਸ਼ਹੀਦ ਬਹੁਤੇ,
ਓਸ ਕੌਮ ਦੀ ਰਹਿੰਦੀ ਏ ਧੌਣ ਉਚੀ ।
ਸੇਵਾ, ਸਿਮਰਨ, ਸੱਚਾਈ ਤੇ ਸਿਦਕ ਸੰਜਮ,
ਜਿਸ ਕੌਮ ਦੇ ਮਹਿਲ ਦੀਆਂ ਥੰਮੀਆਂ ਨੇ ।
ਓਸ ਕੌਮ ਦਾ ਹੁੰਦਾ ਏ ਸਿਰ ਉੱਚਾ,
ਓਸ ਕੌਮ ਦੀਆਂ ਬਾਹਵਾਂ ਲੰਮੀਆਂ ਨੇ ।

ਭਗਤੀ, ਸ਼ਾਂਤੀ, ਕੁਰਬਾਨੀ ਤੇ ਅਣਖ ਸ਼ਕਤੀ,
ਜਿਸ ਕੌਮ ਦੇ ਪਾਸ ਇਹ ਰਾਸ ਹੋਵੇ ।
ਓਹ ਕੌਮ ਨਹੀਂ ਕਦੇ ਅਧੀਨ ਹੁੰਦੀ,
ਜਿਹਦਾ ਆਪਣੇ ਉਤੇ ਵਿਸ਼ਵਾਸ ਹੋਵੇ ।

ਜਿਸ ਕੌਮ ਦਾ ਜ਼ਿੰਦਾ ਇਤਿਹਾਸ ਹੋਵੇ,
ਉਹ ਕੌਮ ਨਹੀਂ ਕਿਸੇ ਤੋਂ ਡਰ ਸਕਦੀ ।
ਜਿਹੜੀ ਕੌਮ ਨੂੰ ਮਰਨ ਦਾ ਚਾਅ ਹੋਵੇ,
ਉਹ ਕੌਮ ਨਹੀਂ ਕਿਸੇ ਤੋਂ ਮਰ ਸਕਦੀ ।

ਜਿਹੜੀ ਕੌਮ ਦੁਹਰਾਉਂਦੀ ਇਤਿਹਾਸ ਆਪਣਾ,
ਉਹ ਗ਼ੁਲਾਮ ਨਹੀਂ ਕਦੇ ਵੀ ਰਹਿ ਸਕਦੀ ।
ਉਹਦੀ ਸ਼ਾਨ ਦਾ ਸੂਰਜ ਹੈ ਸਿਖਰ ਉੱਤੇ,
ਉਸ 'ਤੇ ਕਦੇ ਵੀ ਸ਼ਾਮ ਨਹੀਂ ਪੈ ਸਕਦੀ ।

ਜਿਹੜੀ ਕੌਮ ਨੇ ਦੇਸ਼ ਤੇ ਧਰਮ ਖਾਤਰ,
ਆਪਣੇ ਧੜ ਤੇ ਸਮਝਿਆ ਸੀਸ ਹੀ ਨਹੀਂ ।
ਓਸ ਕੌਮ ਦੀ ਨਹੀਂ ਮਿਸਾਲ ਮਿਲਦੀ,
ਓਹਦੀ ਜੱਗ ਉਤੇ ਕੋਈ ਰੀਸ ਹੀ ਨਹੀਂ ।

ਦੇਸ਼ ਧਰਮ ਲਈ ਲੜਨਾ ਤੇ ਜੂਝ ਮਰਨਾ,
ਜਿਹੜੀ ਕੌਮ ਦੀਆਂ ਮੁੱਢੋਂ ਆਦਤਾਂ ਨੇ ।
ਉਹੋ ਕੌਮ ਮਰ-ਜੀਵੜੇ ਕਰੇ ਪੈਦਾ,
ਰੰਗ ਲਾਉਂਦੀਆਂ ਉਹਨੂੰ ਸ਼ਹਾਦਤਾਂ ਨੇ ।

ਜਿਹੜੀ ਕੌਮ ਵਿਚ ਹੋਣ ਸਿਰਲੱਥ ਸੂਰੇ,
ਉਹਦਾ ਲਹੂ ਨਾ ਨਾੜਾਂ ਵਿਚ ਜੰਮਦਾ ਏ ।
ਫਲ ਚੱਖਦੀ ਉਹੋ ਕੁਰਬਾਨੀਆਂ ਦੇ,
ਮਜ਼ਾ ਓਸੇ ਨੂੰ ਆਉਂਦਾ ਅਗੰਮ ਦਾ ਏ ।

ਜਿਸ ਕੌਮ ਦੇ ਬੱਚੇ ਵੀ ਖੁਸ਼ ਹੋ ਕੇ,
ਆਪੇ ਹੋਣਾ ਸ਼ਹੀਦ ਕਬੂਲਦੇ ਨੇ ।
ਓਸ ਕੌਮ ਦੇ ਹੁੰਦੇ ਨੇ ਬੁਰਜ ਉਚੇ,
ਸੌ ਸੌ ਫੁੱਟ ਉਚੇ ਝੰਡੇ ਝੂਲਦੇ ਨੇ ।

ਜਿਹੜੀ ਕੌਮ ਹੈ ਸਮਝਦੀ ਜ਼ਿੰਦਗੀ ਨੂੰ,
ਜਿਸ ਕੌਮ ਨੂੰ ਮਰਨ ਦਾ ਵੱਲ ਹੋਵੇ ।
ਓਸ ਕੌਮ ਦੀ ਹੀ, ਜੈ ਜੈ ਕਾਰ ਹੁੰਦੀ,
ਭਾਵੇਂ ਅੱਜ ਹੋਵੇ, ਭਾਵੇਂ ਕੱਲ੍ਹ ਹੋਵੇ ।

ਜਿਹੜੀ ਕੌਮ ਸ਼ਹੀਦਾਂ ਤੇ ਗੁਰੂਆਂ ਦੇ,
ਦਿਵਸ ਵਰ੍ਹੇ ਦੇ ਵਰ੍ਹੇ ਮਨਾਂਵਦੀ ਏ ।
ਉਹਦਾ ਹੁੰਦਾ ਹੈ 'ਕੋਮਲ' ਭਵਿੱਖ ਉਜਲ,
ਓਹੋ ਅਮਰ ਹੁੰਦੀ, ਪੂਜੀ ਜਾਂਵਦੀ ਹੈ ।

ਭਾਗ ਪੰਜਵਾਂ

# ਖਾਲਸੇ ਦੀ ਚੜ੍ਹਦੀ ਕਲਾ

ਅਸੀਂ ਸਿੰਘ ਅਠ੍ਹਾਰਵੀਂ ਸਦੀ ਤੋਂ ਹੀ,
ਰਹੇ ਜੂਝਦੇ ਸੱਚ ਨਿਆਂ ਹੇਠਾਂ ।
ਖੇਡ ਖੇਡ ਰਣ-ਭੂਮੀ ਦੀ ਗੋਦ ਅੰਦਰ,
ਅਸੀਂ ਪਲੇ ਹਾਂ ਤੇਗ਼ਾਂ ਦੀ ਛਾਂ ਹੇਠਾਂ ।
ਸਾਨੂੰ ਮਾਣ ਕਿ ਅਸੀਂ ਮਰ-ਜੀਵੜੇ ਹਾਂ,
ਰਹੇ ਕਿਸੇ ਵੀ ਨਾ ਆਕੜ ਖ਼ਾਂ ਹੇਠਾਂ ।
ਅਸੀਂ ਲੰਘੇ ਨਾ ਕਿਸੇ ਦੀ ਲੱਤ ਹੇਠੋਂ,
ਅਸੀਂ ਬੈਠੇ ਨਾ ਕਿਸੇ ਦੀ ਬਾਂਹ ਹੇਠਾਂ ।

## ਨਵਾਬ ਕਪੂਰ ਸਿੰਘ

ਦਿਨ ਵੈਸਾਖੀ ਦਾ, 'ਤਖਤ ਅਕਾਲ' ਅੱਗੇ,
ਆਣ ਸੱਜਿਆ ਸੀ ਦਲ ਖਾਲਸੇ ਦਾ ।
ਜੱਥੇਦਾਰ ਦੀਵਾਨ ਦਰਬਾਰਾ ਸਿੰਘ ਸੀ,
ਉਦੋਂ ਮੁਖੀ ਵੱਡਾ, ਨਿਹਚਲ ਖਾਲਸੇ ਦਾ ।
ਉਹਨੇ ਆਪਣੀ ਨਜ਼ਰ ਦੀ ਤੱਕੜੀ 'ਤੇ,
ਉਦੋਂ ਤੋਲਿਆ ਸੀ ਬਲ ਖ਼ਾਲਸੇ ਦਾ ।
ਸੇਵਾ, ਸਿਮਰਨ ਤੇ ਸਿਦਕ, ਸਚਾਈ ਵਿਚੋਂ,
ਲੰਘਦਾ ਡਿੱਠਾ ਸੀ ਪਲ ਪਲ ਖ਼ਾਲਸੇ ਦਾ ।
ਦੂਰੋਂ ਨੇੜਿਓਂ, ਚੱਲ ਕੇ ਸਿੰਘ ਸਾਰੇ,
ਅੰਮ੍ਰਿਤਸਰ ਆ ਕੇ ਜੁੜ ਕੇ ਫੇਰ ਬੈਠੇ ।
ਨਿਕਲੇ ਵਣਾਂ 'ਚੋਂ, ਉਤਰੇ ਪਰਬਤਾਂ ਤੋਂ,
ਚਿਰਾਂ ਬਾਅਦ ਆ ਕੇ ਮੁੜਕੇ ਫੇਰ ਬੈਠੇ ।
ਜੱਥੇਦਾਰ ਜੀ, ਉਦੋਂ ਇਹ ਕਹਿਣ ਲੱਗੇ,
"ਸਿੰਘੋ ਬੜੀ ਜ਼ਰੂਰੀ ਇਹ ਗੱਲ ਸੁਣ ਲੌ ।
ਧੀਰਜ ਅਤੇ ਧਿਆਨ ਦੇ ਨਾਲ ਸਾਰੇ,
ਪਹਿਲਾਂ ਪੂਰੀ ਦੀ ਪੂਰੀ ਇਹ ਗੱਲ ਸੁਣ ਲੌ ।
ਔਹ "ਸ਼ੁਬੇਗ ਸਿੰਘ" ਹੈ ਸਾਡੇ ਵਿਚ ਬੈਠਾ,
ਆਇਆ ਖ਼ਾਸ ਜੋ ਦਿੱਲੀ ਦਰਬਾਰ ਵੱਲੋਂ ।
ਇਸ ਦੇ ਰਾਹੀਂ ਇਕ ਪੇਸ਼ਕਸ਼, ਖ਼ਾਲਸੇ ਨੂੰ,
ਭੇਜੀ ਗਈ ਹੈ ਮੁਗ਼ਲ ਸਰਕਾਰ ਵੱਲੋਂ ।

ਐਹ ਇਕ ਪਟਾ ਨਵਾਬੀ ਦਾ ਭੇਜਿਆ ਹੈ,
ਨਾਲ ਇਕ ਜੜਾਊ ਸ਼ਮਸ਼ੀਰ ਵੀ ਹੈ ।
ਦਿੱਤੇ ਪਿੰਡ 'ਝਬਾਲ' ਦੇ ਪਰਗਣੇ ਦੇ,
ਇੱਕ ਲੱਖ ਦੀ ਪੂਰੀ ਜਾਗੀਰ ਵੀ ਹੈ ।
ਕੀਮਖ਼ਾਬ ਦਾ ਜਾਮਾ, ਜੜਾਊ ਕਲ਼ਗੀ,
ਸੋਹਣੀ ਸ਼ਾਲ ਦੀ ਇਕ ਦਸਤਾਰ ਵੀ ਏ ।
ਜੋੜੀ ਕੰਙਣਾਂ ਦੀ, ਵਧੀਆ ਇਕ ਕੈਂਠਾ,
ਸੁੱਚੇ ਮੋਤੀਆਂ ਦਾ ਇਕ ਹਾਰ ਵੀ ਏ ।
ਪਹਿਲਾਂ ਗੁੱਸੇ ਤੇ ਜੋਸ਼ ਵਿਚ ਆਣ ਕੇ ਤੇ,
ਇਹ ਨਵਾਬੀ ਸੀ ਅਸਾਂ ਠੁਕਰਾ ਦਿੱਤੀ ।
ਮਗਰੋਂ ਸੋਚ ਵਿਚਾਰ ਕੇ ਸਾਰਿਆਂ ਨੇ,
ਮੁੜ ਪਰਵਾਨਗੀ ਦੀ ਮੋਹਰ ਲਾ ਦਿੱਤੀ ।
ਸਿੱਖ ਹੋਣ ਦੇ ਨਾਤੇ ਸ਼ੁਬੇਗ ਸਿੰਘ ਨੇ,
ਗੱਲ ਪੰਥ ਦੇ ਹੱਕ ਵਿਚ ਕਰਦਿਆਂ ਹੀ ।
ਸਾਨੂੰ ਦੱਸਿਐ, 'ਹਕੂਮਤ ਨੇ ਇਹ ਪਦਵੀ,
ਸਾਨੂੰ ਦਿੱਤੀ ਹੈ ਡਰਦਿਆਂ ਮਰਦਿਆਂ ਹੀ ।
ਸੂਬੇ ਜਾ ਕੇ ਕਿਹਾ ਏ, ਬਾਦਸ਼ਾਹ ਨੂੰ,
"ਸਿੰਘ ਕਾਬੂ ਨਹੀਂ ਔਂਦੇ ਤਲਵਾਰ ਦੇ ਨਾਲ ।
ਨਾ ਇਹ ਝੁੱਕਦੇ ਨੇ, ਨਾ ਹੀ ਮੁੱਕਦੇ ਨੇ,
ਇਹ ਤਾਂ ਫਤਹ ਹੋ ਸਕਦੇ ਨੇ, ਪਿਆਰ ਦੇ ਨਾਲ ।"
ਤੁਸੀਂ ਜਾਣਦੇ ਹੋ ਸਾਰੇ, "ਖ਼ਾਲਸਾ ਜੀ,
ਸਾਨੂੰ ਕਿੰਨਾ ਹਕੂਮਤ ਨੇ ਨੱਪਿਆ ਸੀ ।
ਐਪਰ ਅਸਾਂ ਵੀ ਦੂਣ ਸਵਾਏ ਹੋ ਕੇ,
ਮੌਕੂ ਜ਼ਾਲਮਾਂ ਦਾ ਖ਼ੂਬ ਠੱਪਿਆ ਸੀ ।

ਅਸੀਂ ਸਖਤੀਆਂ ਵਿਚ ਵੀ ਰਹੇ ਡਟ ਕੇ,
ਸਗੋਂ ਵਖਤ ਹਕੂਮਤ ਨੂੰ ਪਿਆ ਸਿੰਘੋ ।
ਦਿੱਤੀ ਤਦੇ ਹੀ ਖੁਲ੍ਹ ਉਸ ਖ਼ਾਲਸੇ ਨੂੰ,
ਹੋਰ ਕੋਈ ਨਾ ਰਾਹ ਸੀ ਰਿਹਾ ਸਿੰਘੋ ।
ਅਸਾਂ ਮੰਗੀ ਨਵਾਬੀ ਨਹੀਂ ਕਿਸੇ ਕੋਲੋਂ,
ਨਾ ਹੀ ਸਦਾ ਇਹਨੂੰ ਜੱਫਾ ਮਾਰਨਾ ਏ ।
ਸਗੋਂ ਸ਼ਾਂਤੀ ਤੇ ਅਮਨ ਦੇ ਦਿਨਾਂ ਅੰਦਰ,
ਸਿੱਖ ਧਰਮ ਨੂੰ ਅਸਾਂ ਪਰਚਾਰਨਾ ਏ ।
ਇਸ ਲਈ ਆਈ ਜਾਗੀਰ ਨੂੰ ਮੋੜੀਏ ਨਾ,
ਜਿੰਨਾਂ ਚਿਰ ਹੈ ਨਿਭਦੀ ਨਿਭਾਈ ਚੱਲੀਏ ।
ਸਗੋਂ ਅੰਦਰੋਂ ਅੰਦਰੀਂ, ਚੁੱਪ ਕਰ ਕੇ,
ਆਪਣੀ ਸ਼ਕਤੀ ਨੂੰ ਹੋਰ ਵਧਾਈ ਚੱਲੀਏ ।"
ਏਸ ਫੈਸਲੇ ਬਾਅਦ "ਹੈ ਸਾਧ ਸੰਗਤ,
ਮੇਰੀ ਬੇਨਤੀ ਖ਼ਾਸ ਇਕ ਹੋਰ ਸੁਣ ਲੌ ।
ਹੁਣ ਮੈਂ ਬ੍ਰਿਧ ਹਾਂ, ਨਾਲੇ ਕਮਜ਼ੋਰ ਵੀ ਹਾਂ,
ਇਸ ਲਈ ਹੋਰ ਨਵਾਂ ਜੱਥੇਦਾਰ ਚੁਣ ਲੌ ।
ਮੇਰੀ ਥਾਂ 'ਤੇ ਚੁਣੋ ਅਜੇਹਾ ਆਗੂ,
ਜਿਹੜਾ ਲਾਇਕ ਹੋਵੇ, ਜ਼ਿੰਮੇਵਾਰ ਹੋਵੇ ।
ਨਾਲੇ ਸੂਰਮਾ, ਸਿਦਕੀ, ਸਿਰਲੱਥ ਹੋਵੇ,
ਨਾਲੇ ਹਰ ਪੱਖੋਂ ਸੇਵਾਦਾਰ ਹੋਵੇ ।
ਇਹ ਸਭ ਗੁਣ ਨੇ ਵਿੱਚ ਕਪੂਰ ਸਿੰਘ ਦੇ,
ਹੁਣ ਵੀ ਸੇਵਾ ਜੋ ਪੰਥ ਦੀ ਕਰ ਰਿਹਾ ਏ ।
ਇਹਦੇ ਮੱਥੇ 'ਤੇ ਦਿਸਦਾ ਏ ਜ਼ਖਮ ਜਿਹੜਾ,
ਇਹਦੀ ਬੀਰਤਾ ਦੀ ਹਾਮੀ ਭਰ ਰਿਹਾ ਏ ।"

ਆਖਰ ਚੁਣਿਆ ਨਵਾਬੀ ਦੀ ਪਦਵੀ ਲਈ,
ਸਰਬ ਸੰਮਤੀ ਨਾਲ ਕਪੂਰ ਸਿੰਘ ਨੂੰ ।
ਕਰ ਕੇ ਚੋਣ ਨਿਰਪੱਖ ਗੁਰ ਖਾਲਸੇ ਨੇ,
ਦਿੱਤਾ ਉੱਚਾ ਇਕਬਾਲ ਕਪੂਰ ਸਿੰਘ ਨੂੰ ।
ਹੱਥ ਜੋੜ ਕੇ ਕਿਹਾ ਕਪੂਰ ਸਿੰਘ ਨੇ,
"ਸਿਰ ਮੱਥੇ 'ਤੇ ਹੁਕਮ ਮੰਨਜ਼ੂਰ ਮੈਨੂੰ ।
ਬਖਸ਼ਿਸ਼ ਪੰਥ ਦੀ, ਮੈਨੂੰ ਨਿਵਾਜਿਆ ਹੈ,
ਐਪਰ ਸੇਵਾ ਤੋਂ ਕਰਿਓ ਨਾ ਦੂਰ ਮੈਨੂੰ ।
ਸੇਵਾਦਾਰ ਮੈਂ ਤੁੱਛ ਹਾਂ ਗੁਰੂ-ਘਰ ਦਾ,
ਪੱਖਾ ਕਰਨ ਵਾਲਾ, ਪਾਣੀ ਭਰਨ ਵਾਲਾ ।
ਭਾਂਡੇ ਲੰਗਰ ਦੇ ਮਾਂਜਣ ਤੇ ਧੋਣ ਵਾਲਾ,
ਲਿੱਦ ਘੋੜਿਆਂ ਦੀ ਸਾਫ ਕਰਨ ਵਾਲਾ ।
ਇਹ ਨਵਾਬੀ ਅੱਜ ਦਾਸ ਨੂੰ ਬਖਸ਼ ਕੇ ਤੇ,
ਦਿੱਤਾ ਪੰਥ ਨੇ ਬੜਾ ਸਨਮਾਨ ਮੈਨੂੰ ।
ਪੰਥਕ-ਸੇਵਾ ਸਵਾਸਾਂ ਦੇ ਨਾਲ ਨਿਭ ਜਾਇ,
ਦਿਓ ਖਾਲਸਾ, ਇਹੋ ਵਰਦਾਨ ਮੈਨੂੰ ।"
ਪਹਿਨੀ ਜਦੋਂ ਨਵਾਬੀ-ਪੋਸ਼ਾਕ ਉਹਨੇ,
ਵੇਖਣ ਵਾਲੜਾ ਸੀ, ਰੋਅਬਦਾਬ ਉਹਦਾ ।
ਲਾੜੇ ਵਾਂਗ ਉਹ ਸੱਜਿਆ ਫੱਬਿਆ ਸੀ,
ਨੂਰੀ ਚਿਹਰਾ ਸੀ, ਲਾ-ਜਵਾਬ ਉਹਦਾ ।
ਉਹਨੇ ਆਖਿਆ, "ਸਾਨੂੰ ਹੁਣ ਚਾਹੀਦਾ ਏ,
"ਦੇਖ ਭਾਲ ਕਰੀਏ ਗੁਰਦੁਆਰਿਆਂ ਦੀ ।
ਇਸ ਮੌਕੇ ਦਾ ਫਾਇਦਾ ਉਠਾ ਲਈਏ,
ਇਹੋ ਮਰਜ਼ੀ ਹੈ ਪੰਜਾਂ ਪਿਆਰਿਆਂ ਦੀ ।

ਹੋਈ ਜਦੋਂ ਸਰਕਾਰ ਦੀ ਨੀਤ ਮਾੜੀ,
ਓਦੋਂ ਸਾਂਝ ਝੂਠੀ ਅਸਾਂ ਤੋੜ ਦੇਣੀ ।
ਸਾਡੇ ਨਾਲ ਜਦ ਹੋਇਆ ਵਰਤਾਉ ਮਾੜਾ,
ਓਸੇ ਵੇਲੇ ਜਾਗੀਰ ਇਹ ਮੋੜ ਦੇਣੀ ।
ਏਥੇ ਬੜਾ ਸ਼ਹੀਦਾਂ ਦਾ ਖ਼ੂਨ ਡੁੱਲ੍ਹਾ,
ਏਸ ਧਰਤ ਵਿਚ ਲੁਕੀ ਤਕਦੀਰ ਸਾਡੀ ।
ਅਸਾਂ ਏਸ ਪੰਜਾਬ 'ਤੇ ਰਾਜ ਕਰਨਾ,
ਇਹ ਹੈ ਸਾਰਾ ਪੰਜਾਬ ਜਾਗੀਰ ਸਾਡੀ ।"
ਖੰਡ ਖੰਡ ਹੋ ਕੇ ਖਿੰਡੇ ਖਾਲਸੇ ਨੂੰ,
ਪਿਆਰ ਨਾਲ ਉਸ ਕਰ ਅਖੰਡ ਦਿੱਤਾ ।
ਫੇਰ ਵਧੀ ਜਾਂ ਸਿੰਘਾਂ ਦੀ ਹੋਰ ਗਿਣਤੀ,
ਦੋਂਹ ਦਲਾਂ ਵਿਚ ਉਹਨੇ ਸੀ ਵੰਡ ਦਿੱਤਾ ।
ਬੁੱਢਾ ਦਲ ਬਣਾਇਆ ਸੀ ਇਕ ਜੱਥਾ,
ਚਾਲੀ ਸਾਲ ਦੀ ਉਮਰ ਤੋਂ ਵੱਡਿਆਂ ਦਾ ।
ਜੱਥਾ ਦੂਸਰਾ ਸੀ 'ਤਰੁਨਾ ਦਲ' ਬਣਿਆ,
ਚਾਲੀਓਂ ਘੱਟ ਦੇ ਗੱਭਰੂ ਨੱਢਿਆਂ ਦਾ ।
ਏਦਾਂ 'ਕੋਮਲ' ਨਵਾਬ ਕਪੂਰ ਸਿੰਘ ਨੇ,
ਸਿੱਖ-ਕੌਮ ਨੂੰ ਸੀ ਜੱਥੇ-ਬੰਦ ਕੀਤਾ ।
ਗੈਰਤ ਨਾਲ ਪੰਜਾਬ ਵਿਚ ਡਟ ਕੇ ਤੇ,
ਸਿੱਖੀ-ਸ਼ਾਨ ਨੂੰ ਹੋਰ ਬੁਲੰਦ ਕੀਤਾ ।

## ਭਾਈ ਸੁੱਖਾ ਸਿੰਘ ਤੇ
## ਭਾਈ ਮਹਿਤਾਬ ਸਿੰਘ

ਬੀਕਾਨੇਰ ਵਿਚ ਸਿੰਘਾਂ ਨੂੰ ਖ਼ਬਰ ਪੁੱਜੀ,
ਸਮਾਂ ਹੋਰ ਭਿਆਨਕ ਹੁਣ ਆ ਰਿਹਾ ਏ ।
ਅੰਮ੍ਰਿਤਸਰ ਹਰਿਮੰਦਰ ਵਿਚ ਬੈਠ ਕੇ ਤੇ,
ਮੱਸਾ ਰੰਘੜ ਅੱਜ ਕਹਿਰ ਕਮਾ ਰਿਹਾ ਏ ।
ਜਿੱਥੇ ਹੁੰਦਾ ਸੀ ਸਦਾ ਅਖੰਡ ਕੀਰਤਨ,
ਓਥੇ ਨਾਚ ਮੁਜਰੇ ਉਹ ਕਰਵਾ ਰਿਹਾ ਏ ।
ਜਿੱਥੇ ਸੰਗਤ ਨੂੰ ਮਿਲਦਾ ਸੀ ਨਾਮ-ਅੰਮ੍ਰਿਤ,
ਓਥੇ ਜਾਮ-ਸ਼ਰਾਬ ਵਰਤਾ ਰਿਹਾ ਹੈ ।
ਸੁੱਖਾ ਸਿੰਘ, ਮਹਿਤਾਬ ਸਿੰਘ ਦੋ ਸੂਰੇ,
ਰੋਹ ਵਿਚ ਆਕੇ, ਆਪੇ ਤੋਂ ਬਾਹਰ ਹੋ ਗਏ ।
ਗੁਰੂ-ਘਰ ਦਾ ਘੋਰ ਅਪਮਾਨ ਸੁਣ ਕੇ,
ਲੜਨ ਮਰਨ ਲਈ ਦੋਵੇਂ ਤਿਆਰ ਹੋ ਗਏ ।
ਉਹਨਾ ਆਖਿਆ ਭਰੇ ਦੀਵਾਨ ਅੰਦਰ,
"ਅਸੀ ਬਿਨਾਂ ਹਰਿਮੰਦਰ ਨਹੀਂ ਰਹਿ ਸਕਦੇ ।
ਗੁਰ-ਅਸਥਾਨ ਦੀ ਹੁੰਦੀ ਬੇ-ਅੱਦਬੀ ਨੂੰ,
ਨਾ ਹੁਣ ਸੁਣ ਸਕਦੇ, ਨਾ ਹੁਣ ਸਹਿ ਸਕਦੇ ।
ਬਦਲਾ ਲਵਾਂਗੇ, ਮੱਸੇ ਦਾ ਸਿਰ ਲਾਹ ਕੇ,
ਕਰ ਕੇ ਚੁੱਪ ਹੁਣ ਅਸੀਂ ਨਹੀਂ ਬਹਿ ਸਕਦੇ ।
ਦਿਓ ਆਗਿਆ, ਸਾਨੂੰ, ਗੁਰ-ਖਾਲਸਾ ਜੀ
ਬੱਸ ਹੁਣ ਹੋਰ ਨਹੀਂ ਕੁਝ ਵੀ ਕਹਿ ਸਕਦੇ ।"

ਲੈ ਕੇ ਆਗਿਆ, ਕਰਕੇ ਅਰਦਾਸ ਉਹਨਾਂ,
ਮੱਥੇ ਮੌਤ ਦੇ ਨਾਲ ਸਨ ਲਾ ਦਿੱਤੇ ।
ਧਰਮ-ਰੱਖਿਆ ਵਾਸਤੇ ਯੋਧਿਆਂ ਨੇ,
ਅੰਮ੍ਰਿਤਸਰ ਵੱਲੇ ਚਾਲੇ ਪਾ ਦਿੱਤੇ ।

ਦੋਵੇ, ਘੋੜਿਆਂ ਉਤੇ ਸਵਾਰ ਹੋਕੇ,
ਵੱਲ ਗੁਰੂ-ਦਰਬਾਰ ਦੇ ਜਾ ਰਹੇ ਸਨ ।
ਭੇਸ ਬਦਲੇ ਹੋਏ ਇਸਤਰਾਂ ਜਾਪਦੇ ਸਨ,
ਜੀਕਣ ਹਾਕਮ ਸਰਕਾਰ ਦੇ ਜਾ ਰਹੇ ਸਨ ।
ਗੋਲ ਠੀਕਰਾਂ ਥੈਲੀਆਂ ਵਿਚ ਭਰ ਕੇ,
ਮੰਜ਼ਲਾਂ ਲੰਮੀਆਂ ਮਾਰਦੇ ਜਾ ਰਹੇ ਸਨ ।
ਚੋਲਿਆਂ ਵਿਚ ਕ੍ਰਿਪਾਨਾਂ ਲੁਕਾ ਕੇ ਤੇ,
ਜੁੜੇ ਨਾਲ ਕਰਤਾਰ ਦੇ ਜਾ ਰਹੇ ਸਨ ।

ਹੱਥਾਂ ਵਿਚ ਨੇਜ਼ੇ, ਅੱਗੇ ਦਿਸਣ ਮੋਹਰਾਂ,
ਅੱਗੋਂ ਕਿਸੇ ਸਿਪਾਹੀ ਨੇ ਰੋਕਿਆ ਨਾ ।
'ਕਰ' ਲੋਕਾਂ ਦੇ ਕੋਲੋਂ ਉਗਰਾਹੁਣ ਵਾਲੇ,
ਪਿੰਡ ਦੇ ਚੌਧਰੀ ਸਮਝ ਕੇ ਟੋਕਿਆ ਨਾ ।

ਅੱਗੇ ਦਰਸ਼ਨੀ ਡਿਉਢੀ ਦੇ ਜਾ ਕੇ ਤੇ,
ਉਹਨਾਂ ਕਿਹਾ, 'ਇਹ ਮਾਮਲਾ ਤਾਰਨਾ ਏਂ ।'
ਅੰਦਰ ਜਾਕੇ ਸਰਕਾਰ ਨੂੰ ਆਖ ਦੇਵੋ,
ਅਸਾਂ ਸਿਰਾਂ ਤੋਂ ਕਰਜ਼ ਉਤਾਰਨਾ ਏਂ ।
ਸਾਨੂੰ ਲੋੜ ਕੀ? ਰੰਗ ਵਿਚ ਭੰਗ ਪਾਈਏ,
ਬਹੁਤਾ ਸਮਾਂ ਨਾ ਅਸਾਂ ਗੁਜ਼ਾਰਨਾ ਏਂ ।

ਹਾਕਮ ਨਾਲ ਇਕ ਭੇਤ ਦੀ ਗੱਲ ਕਰ ਕੇ,
ਅਸਾਂ ਉਹਦਾ ਇਕ ਕੰਮ ਸਵਾਰਨਾ ਏਂ।"
ਘੋੜੇ ਬੰਨ੍ਹ ਕੇ ਤੇ 'ਲਾਚੀ ਬੇਰ' ਹੇਠਾਂ,
ਪਹਿਰੇਦਾਰਾਂ ਨੂੰ ਕਿਹਾ ਸਲਾਮ ਉਹਨਾਂ।
ਅੰਦਰ ਲੰਘ ਗਏ ਦੋਵੇਂ ਨਿਝੱਕ ਹੋਕੇ,
ਤੇ ਹਰਿਮੰਦਰ ਨੂੰ ਕੀਤਾ ਪਰਣਾਮ ਉਹਨਾਂ।
ਫੇਰ ਮੱਸੇ ਨੂੰ ਕਰਕੇ ਸਲਾਮ ਉਹਨਾਂ,
ਸਾਹਵੇ ਮਾਮਲਾ ਜਾ ਕੇ ਰੱਖ ਦਿੱਤਾ।
ਮੱਸਾ ਝੂੰਮਿਆ ਤਾਂ, ਸਿੰਘਾਂ ਥੈਲੀਆਂ ਨੂੰ,
ਪਲੰਘ ਹੇਠ ਸਰਕਾ ਕੇ ਰੱਖ ਦਿੱਤਾ।
ਰਕਮ ਵੇਖਣ ਲਈ ਝੁਕਿਆ, ਤਾਂ ਖਾਲਸੇ ਨੇ,
ਤੇਗ ਨਾਲ ਝਟਕਾ ਕੇ ਰੱਖ ਦਿੱਤਾ।
ਜੋ ਵੀ ਕਿਹਾ ਸੀ ਕਰ ਪ੍ਰਤੱਖ ਦਿੱਤਾ,
ਥੰਮ ਜ਼ੁਲਮ ਦਾ ਢਾਹ ਕੇ ਰੱਖ ਦਿੱਤਾ।
ਸਿਰ ਮੱਸੇ ਦਾ ਚਾਦਰ 'ਚ ਬੰਨ੍ਹ ਕੇ ਤੇ,
ਏਦਾਂ ਉਹਲੇ, ਉਹ ਲਾ ਕੇ ਦਾਅ 'ਹੋ ਗਏ।
ਰੌਲਾ "ਔਹ ਗਏ, ਔਹ ਗਏ" ਪੈ ਗਿਆ ਜਾਂ,
ਉਸ ਤੋਂ ਪਹਿਲਾਂ ਹੀ ਦੋਵੇਂ ਹਵਾ ਹੋ ਗਏ।
ਭਗਦੜ ਮੱਚ ਗਈ, ਮੱਚੀ ਕੁਰਲਾਹਟ ਗਿਰਦੇ,
ਹੋ ਗਏ ਘੋੜ-ਸਵਾਰ, ਫਰਾਰ ਦੋਵੇਂ।
ਘੇਰਾ ਪਾਉਣ ਲਈ ਹੋਈ ਜਾਂ ਫੌਜ ਕੱਠੀ,
ਅੰਮ੍ਰਿਤਸਰ ਤੋਂ ਹੋ ਗਏ ਉਹ ਬਾਹਰ ਦੋਵੇਂ।

ਕਰਕੇ ਬੜਾ ਵੱਡਾ ਇਕ ਕਾਰਨਾਮਾ,
ਬੀਕਾਨੇਰ ਜਾ ਪੁੱਜੇ ਸਰਦਾਰ ਦੋਵੇਂ।
ਸਿਰ 'ਮੱਸੇ' ਦਾ ਰੱਖ ਕੇ ਪੰਥ ਅੱਗੇ,
ਹੋਏ ਸੁਰਖ਼ਰੂ ਸਨ ਆਖਰਕਾਰ ਦੋਵੇਂ।
ਦੋਹਾਂ ਸ਼ੇਰਾਂ ਅਣਖੀਲਿਆਂ ਸੂਰਿਆਂ ਨੇ,
ਸਿੱਖ ਕੌਮ ਦੀ ਰੱਖ ਵਿਖਾ ਦਿੱਤੀ।
ਸੂਰਬੀਰਤਾ ਦੀ ਪੱਕੀ ਮੋਹਰ 'ਕੋਮਲ'
ਉਹਨਾਂ ਸਿੱਖ-ਇਤਿਹਾਸ ਤੇ ਲਾ ਦਿੱਤੀ।

# ਸਿੰਘਾਂ ਦੀ ਚੜ੍ਹਦੀ ਕਲਾ ਬਾਰੇ ਜ਼ਕਰੀਆ ਖ਼ਾਨ ਵੱਲੋਂ ਨਾਦਰ ਸ਼ਾਹ ਨੂੰ

ਅਫ਼ਗਾਨਸਤਾਨ ਦੇ ਬਾਦਸ਼ਾਹ ਨਾਦਰ ਸ਼ਾਹ ਦੁਰਾਨੀ ਨੇ ੧੭੩੯ ਈ: ਵਿਚ ਲਾਹੌਰ ਤੇ ਕਬਜ਼ਾ ਕੀਤਾ ਤੇ ਜ਼ਕਰੀਆ ਖਾਨ ਨੂੰ ਪੰਜਾਬ ਦਾ ਗਵਰਨਰ ਬਣਾ ਕੇ ਆਪ ਫ਼ੌਜਾਂ ਲੈ ਕੇ ਦਿੱਲੀ ਤੱਕ ਪੁੱਜ ਗਿਆ। ਕਿਸੇ ਨੇ ਉਹਨੂੰ ਰੋਕ ਨਾ ਪਾਈ, ਕਿਉਂਕਿ ਖਾਨ ਬਹਾਦਰ ਜ਼ਕਰੀਆ ਖਾਨ ਨੇ ਸਿੰਘਾਂ ਦੇ ਸਿਰਾਂ ਦੇ ਮੁੱਲ ਪਾਏ ਹੋਏ ਸਨ ਤੇ ਸਾਰੇ ਸਿੰਘ ਜੰਗਲਾਂ ਵਿਚ ਰਹਿੰਦੇ ਸਨ। ਨਾਦਰ ਸ਼ਾਹ ਨੇ ਦਿੱਲੀ ਵਿਚ ਕਤਲਿ-ਆਮ ਕੀਤੀ, ਤੇ ਚੰਗੀ ਲੁੱਟੀ ਮਚਾਈ। ਦੌਲਤ, ਹੀਰੇ, ਜਵਾਹਰਾਤ ਤੇ ਸੁੰਦਰ ਇਸਤਰੀਆਂ ਇਕੱਠੀਆਂ ਕਰਕੇ ਵਾਪਸ ਮੁੜਿਆ। ਕਾਫਲੇ ਦੀ ਸ਼ਕਲ ਵਿਚ ਵਾਪਸ ਮੁੜਦੇ ਹੋਏ ਸਿੰਘਾਂ ਛਾਪੇ ਮਾਰ ਮਾਰ ਕੇ ਸਾਰਾ ਧਨ, ਹੀਰੇ ਆਦਿ ਖੋਹ ਲਏ। ਸੁੰਦਰੀਆਂ ਛੁਡਵਾ ਕੇ ਘਰੋ-ਘਰੀ ਭਿਜਵਾ ਦਿੱਤੀਆਂ। ਨਾਦਰ ਨੇ ਲਾਹੌਰ ਜਾ ਕੇ ਸੁੱਖ ਦਾ ਸਾਹ ਲਿਆ। ਉਸ ਨੇ ਜ਼ਕਰੀਆਂ ਖਾਨ ਨੂੰ ਬੁਲਾ ਕੇ ਪੁੱਛਿਆ, "ਇਹ ਕਿਹੜੀ ਕੌਮ ਹੈ ? ਜਿਸਨੇ ਮੇਰੇ ਜਹੇ ਲੁਟੇਰੇ ਨੂੰ ਵੀ ਲੁੱਟ ਲਿਆ।" ਜ਼ਕਰੀਆਂ ਖਾਨ ਪੰਜਾਬੀ ਹੋਣ ਕਰਕੇ ਸਿੰਘਾਂ ਦਾ ਭੇਤੀ ਸੀ। ਉਸ ਨੇ ਨਾਦਰ ਨੂੰ ਇਉਂ ਜਵਾਬ ਦਿੱਤਾ :-

ਇਹਨਾਂ ਸਿੰਘਾਂ ਦੀ ਕੌਮ ਹੀ ਵੱਖਰੀ ਏ।
ਬਣੇ ਹਿੰਦੂਆਂ ਵਿਚੋਂ ਹੀ ਸਾਰੇ ਨੇ ਇਹ।
ਵੱਖਰੇ ਵੇਸ ਵਾਲੇ, ਵੱਖਰੇ ਭੇਸ ਵਾਲੇ,
ਚੌਹ ਵਰਨਾਂ ਤੋਂ ਸਾਰੇ ਨਿਆਰੇ ਨੇ ਇਹ।
ਰੱਖਣ ਕੇਸ ਦਾੜ੍ਹੀ, ਬੰਨਣ ਪੱਗ ਸਿਰ ਤੇ,
ਹਰ ਇਕ ਸ਼ਸਤਰ ਦੇ ਬੜੇ ਪਿਆਰੇ ਨੇ ਇਹ।
ਅਸੀਂ ਇਨ੍ਹਾਂ ਦੇ ਸਿਰਾਂ ਦੇ ਮੁੱਲ ਪਾ ਕੇ,
ਚੁਣ ਚੁਣ ਮਾਰੇ ਨੇ, ਤਾਂ ਵੀ ਨਾ ਹਾਰੇ ਨੇ ਇਹ।
ਅਸੀਂ ਕਈ ਮਨਸੂਬੇ ਹਾਂ ਘੜ ਚੁੱਕੇ,
ਪਰ ਸਭ ਮਿੱਟੀ ਵਿਚ ਦਿੰਦੇ ਮਿਲਾ ਨੇ ਇਹ।
ਲੱਖਾਂ ਯਤਨ ਕੀਤੇ, ਕਾਬੂ ਨਹੀਂ ਔਂਦੇ,
ਕੱਲ੍ਹਾ ਕੱਲ੍ਹਾ ਵੀ ਬੁਰੀ ਬਲਾ ਨੇ ਇਹ।

ਜਿੰਨੇ ਮਾਰੀਏ ਓਨੇ ਹੀ ਵੱਧ ਜਾਂਦੇ,
ਅਸੀਂ ਮਾਰ ਥੱਕੇ, ਇਹ ਨਾ ਮੁੱਕਦੇ ਨੇ ।
ਡੱਟ ਜਾਂਦੇ ਜਾ ਰਣ ਮੈਦਾਨ ਅੰਦਰ,
ਨਾ ਇਹ ਹਾਰ ਖਾਂਦੇ, ਨਾ ਇਹ ਝੁਕਦੇ ਨੇ ।
ਸ਼ੇਰਾਂ ਵਾਂਗਰਾਂ ਜਦੋਂ ਇਹ ਬੁੱਕਦੇ ਨੇ,
ਸੰਘ ਸਾਡੇ ਜਵਾਨਾਂ ਦੇ ਸੁੱਕਦੇ ਨੇ ।
ਭੁੱਖੇ ਨੰਗੇ ਵੀ ਮਸਤ ਅਲਮਸਤ ਫਿਰਦੇ,
ਦੌਲਤ ਅਤੇ ਜਾਗੀਰ ਤੇ ਥੁੱਕਦੇ ਨੇ ।
ਬਿਪਤਾ ਮਾਰੇ ਇਹ ਘਰੋਂ ਬੇਘਰ ਕੀਤੇ
ਫਿਰ ਵੀ ਇਨ੍ਹਾਂ ਨੂੰ ਕੋਈ ਨਾ ਲਾਲਸਾ ਏ ।
ਇਕ ਨੂੰ ਸਿੰਘ, ਤੇ ਪੰਜਾਂ ਨੂੰ ਪੰਥ ਆਖਣ,
ਬਹੁਤੇ ਹੋਣ ਤਾਂ ਆਖਦੇ ਖਾਲਸਾ ਏ ।
ਚੜ੍ਹੇ ਘੋੜਿਆਂ ਉਤੇ ਹੀ ਸਿਸੌਂ ਲੈਂਦੇ,
ਰਿਹਾ ਇਨ੍ਹਾਂ ਦਾ ਘਾਟ ਤੇ ਘਰ ਕੋਈ ਨਾ ।
ਖਾਂਦੇ ਫਲ ਪੱਤੇ, ਜਾਂ ਸ਼ਿਕਾਰ ਕਰਦੇ,
ਬਿਨ੍ਹਾਂ ਜੰਗਲਾਂ ਇਨ੍ਹਾਂ ਦਾ ਦਰ ਕੋਈ ਨਾ ।
ਖੌਰੇ ਕਿਹੜੀ ਇਹ ਮਿੱਟੀ ਦੇ ਬਣੇ ਹੋਏ ਨੇ ?
ਲਾਗੇ ਇਨ੍ਹਾਂ ਦੇ ਲੱਗਦਾ ਡਰ ਕੋਈ ਨਾ ।
ਜਿਵੇਂ ਇਹ ਲੜਦੇ, ਸਕਦਾ ਲੜ ਕੋਈ ਨਾ,
ਜਿਵੇਂ ਇਹ ਮਰਦੇ, ਸਕਦਾ ਮਰ ਕੋਈ ਨਾ ।
ਸ਼ਸਤਰ ਵੇਖਕੇ ਇਨ੍ਹਾਂ ਨੂੰ ਚਾਅ ਚੜ੍ਹਦਾ
ਕਿਉਂਕਿ ਇਨ੍ਹਾਂ ਦੇ ਬੜੇ ਉਪਾਸ਼ਕ ਨੇ ਇਹ ।

ਚੜ੍ਹਨ ਲਾਲੀਆਂ ਜੰਗ ਦਾ ਨਾਂ ਸੁਣਕੇ,
ਕਿਉਂਕਿ ਜੰਗ ਦੇ ਬੜੇ ਹੀ ਆਸ਼ਕ ਨੇ ਇਹ।
ਦਿਨੇ ਕਿਤੇ ਤੇ ਰਾਤ ਨੂੰ ਕਿਤੇ ਹੁੰਦੇ,
ਜਿੱਥੇ ਥਾਂ ਮਿਲਦੀ ਓਥੇ ਵੱਸਦੇ ਨੇ।
ਸੌ ਸੌ ਕੋਹ ਤੀਕਰ ਨੱਸੇ ਚਲੇ ਜਾਂਦੇ,
ਥੱਕੇ ਟੁੱਟੇ ਵੀ ਰਹਿੰਦੇ ਇਹ ਹੱਸਦੇ ਨੇ।
ਯਾਰੀ ਕੀ ਹੁੰਦੀ, ਇਹ ਤਾਂ ਜਾਣਦੇ ਨਹੀਂ,
ਪਰ-ਨਾਰੀ ਨੂੰ ਮਾਤਾ ਇਹ ਦੱਸਦੇ ਨੇ।
ਜਿਧਰ ਸ਼ਮ੍ਹਾਂ ਕੁਰਬਾਨੀ ਦੀ ਹੋਵੇ ਬਲਦੀ,
ਓਧਰ ਵਾਂਗ ਪ੍ਰਵਾਨਿਆਂ ਨੱਸਦੇ ਨੇ।
ਦੁੱਖ ਦਏ ਜੋ, ਉਹਨੂੰ ਨਹੀਂ ਦੋਸ਼ ਦਿੰਦੇ,
ਉਲਟਾ ਰੱਬ ਦਾ ਭਾਣਾ ਹੀ ਸਮਝਦੇ ਨੇ।
ਆਗੂ ਇਨ੍ਹਾਂ ਦੇ ਆਪਣੇ ਆਪ ਨੂੰ ਵੀ,
ਇੱਕ ਸੇਵਕ ਨਿਮਾਣਾ ਹੀ ਸਮਝਦੇ ਨੇ।
ਡਾਢੇ ਹੋਣ ਭੁੱਖੇ, ਮਿਲ ਜਾਏ ਫੇਰ ਖਾਣਾ,
ਤਾਂ ਵੀ ਲੋਭ ਵਿਚ ਕਦੇ ਨਾ ਆਉਂਦੇ ਨੇ।
ਕੱਲੇ ਖਾਂਦੇ ਨਹੀਂ 'ਕਿਤੇ ਕੋਈ ਹੈ ਭੁੱਖਾ ?',
ਉੱਚੀ ਦੇ ਕੇ ਆਵਾਜ਼ ਬੁਲਾਉਂਦੇ ਨੇ।
ਉਸ ਵੇਲੇ ਵੀ ਵੈਰੀ ਜੇ ਕੋਈ ਆਵੇ,
ਉਹਨੂੰ ਖਾਣਾ ਰਜਾ ਕੇ ਖਵਾਉਂਦੇ ਨੇ।
ਬਚ ਜਾਵੇ ਤਾਂ ਆਪ ਨੇ ਖਾ ਲੈਂਦੇ,
ਨਹੀਂ ਤਾਂ ਭੁੱਖੇ ਹੀ ਸ਼ੁਕਰ ਮਨਾਉਂਦੇ ਨੇ।

ਹੋਰ ਕੀ ਦਸਾਂ ? ਏਨੇ ਸਖੀ ਨੇ ਇਹ,
ਕਿ ਹਾਤਮਤਾਈ ਨੂੰ ਵੀ ਪੌਂਦੇ ਮਾਤ ਨੇ ਇਹ ।
ਬੱਬਰ ਸ਼ੇਰਾਂ ਤੋਂ ਘੱਟ ਨਹੀਂ ਲੜਨ ਵੇਲੇ,
ਸੱਚ ਪੁੱਛੋ ਤਾਂ ਕੋਈ ਆਫਾਤ ਨੇ ਇਹ ।
ਏਨੇ ਕਰੜੇ ਨੇ ਇਨ੍ਹਾਂ ਦੇ ਦਿਲ ਜਿਗਰੇ,
ਦੁੱਖ ਜਰਦੇ ਤਾਂ ਜਰਦੇ ਹੀ ਚਲੇ ਜਾਂਦੇ ।
ਏਨੇ ਸਿਦਕੀ ਕਿ ਸਦਾ ਹੀ ਸੱਚ ਅੱਗੇ,
ਸਿਰ ਧਰਦੇ ਤਾਂ ਧਰਦੇ ਹੀ ਚਲੇ ਜਾਂਦੇ ।
ਏਨਾਂ ਜ਼ੋਰ ਹੈ ਇਹਨਾਂ ਦੇ ਡੌਲਿਆਂ 'ਚ,
ਜੰਗ ਕਰਦੇ ਤਾਂ ਕਰਦੇ ਹੀ ਚਲੇ ਜਾਂਦੇ ।
ਏਨੇ ਪੱਕੇ ਕਿ ਧਰਮ ਦੇ ਨਾ ਉਤੇ,
ਜੇਕਰ ਮਰਦੇ ਤਾਂ ਮਰਦੇ ਹੀ ਚਲੇ ਜਾਂਦੇ ।
ਜੋ ਕੁਝ ਕਹਿੰਦੇ ਉਹ ਕਰਕੇ ਵਿਖਾ ਦਿੰਦੇ,
ਸੱਚ ਸਿਦਕ ਤੋਂ ਕਦੇ ਨਾ ਡੋਲਦੇ ਨੇ ।
ਭਾਵੇਂ ਪੋਰੀਆਂ ਪੋਰੀਆਂ ਕੱਟ ਜਾਵਣ,
ਪਰ ਇਹ ਕਦੇ ਵੀ ਝੂਠ ਨਾ ਬੋਲਦੇ ਨੇ ।
ਜੋ ਕੁਝ ਮਿਲੇ, ਉਹ ਰਖਦੇ ਪੰਥ ਅੱਗੇ,
ਆਪਣਾ ਕੁਝ ਨਾ ਬਾਕੀ ਇਹ ਦੱਸਦੇ ਨੇ ।
'ਰਾਜ ਕਰੇਗਾ ਖਾਲਸਾ' ਰਜ਼ ਪੜ੍ਹਦੇ,
ਰਹੇ ਕੋਈ ਨਾ ਆਕੀ ਇਹ ਦੱਸਦੇ ਨੇ ।
ਬੋਲੀ ਆਪਣੀ ਵੱਖਰੀ ਬਣਾਈ ਇਹਨਾਂ,
ਘੋੜੇ ਤਾਈਂ ਅਰਾਕੀ ਇਹ ਦੱਸਦੇ ਨੇ ।

ਆਟਾ ਚੂਨੇ ਨੂੰ, ਹਲਦੀ ਨੂੰ ਕਹਿਣ ਕੇਸਰ,
ਮਿਰਚ ਤਾਈ ਲੜਾਕੀ ਇਹ ਦੱਸਦੇ ਨੇ ।
ਚੌਥਾ ਲੂਣ ਨੂੰ, ਘਿਉ ਨੂੰ ਕਹਿਣ ਪੰਜਵਾਂ,
ਛੇਵਾਂ ਇਹਨਾਂ ਤੇ ਤੇਲ ਦਾ ਨਾਂ ਰੱਖਿਆ ।
ਕਹਿੰਦੇ ਹਨ ਜਾਗੀਰ ਨੂੰ ਇਹ ਟੂੱਕਰ,
ਇਨ੍ਹਾਂ ਸਹੁਰਾ ਘਰ ਜੇਲ੍ਹ ਦਾ ਨਾਂ ਰੱਖਿਆ ।
ਇੱਕ ਨੂੰ ਸਵਾ ਲੱਖ, ਟੋਲੇ ਨੂੰ ਕਹਿਣ ਜੱਥਾ,
ਆਗੂ ਆਪਣੇ ਨੂੰ ਜੱਥੇਦਾਰ ਕਹਿੰਦੇ ।
ਭੁੱਖੇ ਹੋਣ ਤਾ ਆਖਦੇ ਮਸਤ ਲੰਗਰ,
ਖਾਣਾ ਪੱਕੇ ਨੂੰ ਦੇਗ਼ ਤਿਆਰ ਕਹਿੰਦੇ ।
ਕਲਗ਼ਾਂ ਗੰਜੇ ਨੂੰ, ਲੂੰਵੇ ਨੂੰ ਲੱਖਬਾਹਾਂ,
ਅਤੇ ਲੂਲ੍ਹੇ ਨੂੰ ਬੁੱਧ ਅਵਤਾਰ ਕਹਿੰਦੇ ।
ਪਰੀ ਭੇਡ ਨੂੰ, ਹਾਥੀ ਨੂੰ ਕਹਿਣ ਕੱਟਾ,
ਅਤੇ ਖੋਤੇ ਨੂੰ ਇਹ ਥਾਣੇਦਾਰ ਕਹਿੰਦੇ ।
ਜੋੜਾ ਜੁੱਤੀ ਨੂੰ, ਮੁਰਗ਼ੇ ਨੂੰ ਕਹਿਣ ਕਾਜ਼ੀ,
ਕੁਤਬਦੀਨ ਇਹ ਕੁੱਤੇ ਨੂੰ ਆਖਦੇ ਨੇ ।
ਧਨ ਨੂੰ ਗੱਫਾ, ਰੁਪਈਏ ਨੂੰ ਕਹਿਣ ਠੀਕਰ,
ਅੜਿੰਗ ਬੜਿੰਗ ਇਹ ਸੁੱਤੇ ਨੂੰ ਆਖਦੇ ਨੇ ।
ਡੰਡੇ ਤਾਈ ਸਲੋਤਰ, ਬੰਦੂਕ ਨੂੰ ਰਾਮਜੰਗਾ,
ਤੇ ਕੁਹਾੜੇ ਨੂੰ ਇਹ ਪਰਸਰਾਮ ਬੋਲਣ ।
ਰਿੰਨ੍ਹਣ ਬੈਂਗਣ ਤੇ ਕਹਿਣ ਬਟੇਰ ਭੁੰਨੇ ।
ਚੱਬਣ ਚਨੇ ਤੇ ਖਾਧੇ ਬਦਾਮ ਬੋਲਣ ।

ਪਾਣੀ ਆਬਿ-ਹਯਾਤ ਬਣਾ ਲੈਂਦੇ,
ਪੰਜ ਜਣੇ ਜਦ ਬੈਠ ਕਲਾਮ ਬੋਲਣ ।
ਗ਼ਜ਼ਬ ਅਸਰ ਕਿ ਬੁਜ਼ਦਿਲ ਜੋ ਪੀਣ ਉਹਨੂੰ,
ਬਣਨ ਸ਼ੇਰ ਤੇ 'ਵਾਹਿਗੁਰੂ' ਨਾਮ ਬੋਲਣ ।
ਦੁਨੀਆਂ ਨਾਲ ਨਾ ਕਦੇ ਪਿਆਰ ਕਰਦੇ,
ਬੇ-ਮੁਹਤਾਜ ਅਤੇ ਬੇ-ਪ੍ਰਵਾਹ ਨੇ ਇਹ ।
ਪੱਕੇ ਅਣਖ ਦੇ ਕਦੇ ਨਾ ਈਨ ਮੰਨਣ,
ਬਿਨਾਂ ਤਾਜ ਦੇ ਹੀ ਸ਼ਹਿਨਸ਼ਾਹ ਨੇ ਇਹ ।

# ਸਿੰਘ ਬਾਦਸ਼ਾਹ ਬਣਨਗੇ

## (ਨਾਦਰ ਸ਼ਾਹ ਦਾ ਜ਼ਕਰੀਆ ਖ਼ਾਂ ਨੂੰ ਜਵਾਬ)

ਲਾਹੌਰ ਦੇ ਸੂਬੇਦਾਰ ਖ਼ਾਨ ਬਹਾਦਰ ਜ਼ਕਰੀਆ ਖ਼ਾਂ ਨੇ ਸਿੰਘਾਂ ਦੀਆਂ ਸਿਫ਼ਤਾਂ ਨਾਦਰ ਅੱਗੇ ਕੀਤੀਆਂ ਅਤੇ ਦੱਸਿਆ ਕਿ ਮੈਂ ਇਹਨਾਂ ਦੇ ਸਿਰਾਂ ਦੇ ਇਨਾਮ ਵੀ ਰੱਖ ਚੁੱਕਾ ਹਾਂ, ਪਰ ਇਹ ਬੜੇ ਨਿੱਡਰ ਤੇ ਸਿਰਲੱਥ ਹਨ। ਮੌਤੋਂ ਬਿਲਕੁਲ ਨਹੀਂ ਡਰਦੇ। ਤਾਂ ਨਾਦਰ ਸ਼ਾਹ ਦੁੱਰਾਨੀ ਸੋਚੀਂ ਪੈ ਗਿਆ ਤੇ ਕਹਿਣ ਲੱਗਾ। "ਅਜੇਹੇ ਬੰਦੇ ਇਕ ਦਿਨ ਜ਼ਰੂਰ ਬਾਦਸ਼ਾਹ ਬਣਨਗੇ।"

ਸੁਣਕੇ ਸਿਫਤ ਜ਼ਕਰੀਏ ਤੋਂ ਖਾਲਸੇ ਦੀ,
ਨਾਦਰ ਸ਼ਾਹ ਕੁਝ ਦਿਲੋਂ ਘਬਰਾਉਣ ਲੱਗਾ।
ਉਂਗਲ ਆਪਣੀ ਦੰਦਾਂ ਵਿਚ ਦੱਬ ਕੇ ਤੇ,
ਸਾਰਾ ਜ਼ੋਰ ਦਿਮਾਗ਼ ਤੇ ਪਾਉਣ ਲੱਗਾ।
ਫੇਰ ਖਾਨ ਬਹਾਦਰ ਜ਼ਕਰੀਏ ਨੂੰ,
ਨਾਲ ਹੌਸਲੇ ਏਦਾਂ ਸਮਝਾਉਣ ਲੱਗਾ।
"ਸਿੰਘਾਂ ਬਾਰੇ ਤੂੰ ਏਨਾਂ ਕੁਝ ਸਮਝਕੇ ਵੀ,
ਜੇਕਰ ਅਜੇ ਵੀ ਪਿਆ ਵਿਚਾਰਦਾ ਏਂ।
ਤਾਂ ਫਿਰ ਸਮਝ ਲੈ ਗ਼ਾਫ਼ਲਾ ! ਆਪਣੇ ਹੀ,
ਪੈਰਾਂ ਉਤੇ ਕੁਹਾੜਾ ਤੂੰ ਮਾਰਦਾ ਏਂ।
ਇਹ ਕਰਨਾਲ ਤੋਂ ਹੀ ਮੇਰੇ ਮਗਰ ਲੱਗੇ,
ਮੇਰੀ ਫੌਜ ਉਤੇ ਮੁੜ ਮੁੜ ਟੁੱਟਦੇ ਰਹੇ।
ਪਾਣੀਪਤ ਦੇ ਸੰਘਣੇ ਜੰਗਲਾਂ 'ਚੋਂ,
ਮੇਰੇ ਕਾਫ਼ਲੇ ਨਾਲ ਇਹ ਜੁੱਟਦੇ ਰਹੇ।
ਘੋੜ-ਚੜ੍ਹੇ ਅਚਾਨਕ ਇਹ ਆ ਕਿਧਰੋਂ
ਮੇਰੇ ਫੌਜੀਆਂ ਨੂੰ ਮਾਰ ਸੁੱਟਦੇ ਰਹੇ।

ਮੇਰੇ ਜਹੇ ਲੁਟੇਰੇ ਨੂੰ ਸਗੋਂ ਉਲਟਾ,
ਮਾਰ ਮਾਰ ਕੇ ਛਾਪੇ ਇਹ ਲੁੱਟਦੇ ਰਹੇ ।

ਦੌਲਤ ਦਿੱਲੀ ਤੋਂ ਕੀਤੀ ਜੋ ਮੈਂ ਕੱਠੀ,
ਉਹ ਸਭ ਖੋਹ, ਉਡਾ ਕੇ ਨਾਲ ਲੈ ਗਏ ।

ਖੂਬਸੂਰਤ ਜੋ ਕੁੜੀਆਂ ਸੀ ਮੈਂ ਚੁਣੀਆਂ,
ਉਹ ਸਭ ਜੋਰੀਂ ਛੁਡਾ ਕੇ ਨਾਲ ਲੈ ਗਏ ।

ਏਨੇ ਮੇਰੇ ਸਿਪਾਹੀਆਂ ਦੇ ਦਿਲ ਡਰ ਗਏ,
ਦਿਨੇ ਰਾਤ ਘਬਰਾਉਂਦੇ ਕਿ ਸਿੰਘ ਆ ਪਏ ।

ਧੂੜ ਉਡਦੀ ਕਿਤੇ ਜੇ ਨਜ਼ਰ ਆ ਜਾਏ,
ਇੱਕੋ ਗੱਲ ਸੁਣਾਉਂਦੇ ਕਿ ਸਿੰਘ ਆ ਪਏ ।

ਹਿੱਲਣ ਕਿਤੇ ਜੇ ਜੰਗਲ ਦੇ ਰੁੱਖ ਪੱਤੇ,
ਝੱਟ ਖ਼ਬਰ ਉਡਾਉਂਦੇ ਕਿ ਸਿੰਘ ਆ ਪਏ ।

ਏਨਾਂ ਡਰਨ ਕਿ ਸਿੰਘਾਂ ਦੇ ਲੈਣ ਸੁਪਨੇ,
ਸੁੱਤੇ ਪਏ ਬਰੜਾਉਂਦੇ ਕਿ ਸਿੰਘ ਆ ਪਏ ।

ਕਹਿਣ ਮੇਰੇ ਜਰਨੈਲ ਕਿ ਇਨ੍ਹਾਂ ਤਾਈਂ,
ਜੰਗ ਵਿਚੋਂ ਭਜਾਉਣਾਂ ਵੀ ਬੜਾ ਔਖਾ ।

ਅੜ ਕੇ ਜ਼ੋਰ ਅਜ਼ਮਾਉਣਾ ਵੀ ਬੜਾ ਔਖਾ,
ਲੜ ਕੇ ਮਾਰ ਮੁਕਾਉਣਾ ਵੀ ਬੜਾ ਔਖਾ ।

ਖ਼ਾਨ ਬਹਾਦਰ ! ਤੂੰ ਮੌਕਾ ਸੰਭਾਲ ਛੇਤੀ,
ਮੇਰਾ ਫ਼ਰਜ਼ ਹੀ ਤੈਨੂੰ ਬੱਸ ਦੱਸਣਾ ਏਂ ।

ਇਹੋ ਜਹੇ ਬੰਦੇ ਬਣਦੇ ਬਾਦਸ਼ਾਹ ਨੇ,
ਨਮਦਾਂ ਇਨ੍ਹਾਂ ਦਾ ਚਾਹੀਦਾ ਕੱਸਣਾ ਏਂ ।

ਏਸ ਗੱਲ ਦੀ ਜੇ ਨਾ ਪ੍ਰਵਾਹ ਕੀਤੀ,
ਪੈਣਾ ਤੈਨੂੰ ਵੀ ਏਥੋਂ ਫਿਰ ਨੱਸਣਾ ਏਂ ।
ਏਥੇ ਫਿਰਨਾ ਏਂ ਇਨ੍ਹਾਂ ਦੇ ਘੋੜਿਆਂ ਨੇ,
ਏਸ ਧਰਤੀ ਤੇ ਇਹਨਾਂ ਨੇ ਵੱਸਣਾ ਏਂ ।
ਇਹ ਨੇ ਬੜੇ ਸਾਬਰ, ਸਿਦਕੀ ਦਿਲਾਂ ਵਾਲੇ,
ਬੇ-ਪ੍ਰਵਾਹੀ ਦਾ ਇਨ੍ਹਾਂ ਤੇ ਰੰਗ ਦਿਸਦੈ ।
ਇਹਨਾਂ ਬਣਨਾਂ ਏਂ ਏਥੋਂ ਦੇ ਮਹਾਰਾਜੇ,
ਪਾਤਸ਼ਾਹੀ ਦਾ ਇਨ੍ਹਾਂ ਤੇ ਰੰਗ ਦਿਸਦੈ ।

# ਸਿੰਘਾਂ ਦੀਆਂ ਸਿਫਤਾਂ

*(ਕਾਜ਼ੀ ਨੂਰ ਮੁਹੰਮਦ ਦੀ ਜ਼ਬਾਨੀ)*

ਕਾਜ਼ੀ ਨੂਰ ਮੁਹੰਮਦ ਬਲੋਚਸਤਾਨ ਦੇ ਇਲਾਕੇ ਦਾ ਵਸਨੀਕ ਸੀ। ਉਹ ਨਾਦਰ ਸ਼ਾਹ ਦੁਰਾਨੀ ਦੇ ਹਿੰਦੁਸਤਾਨ ਉਤੇ ਸੱਤਵੇ) ਹੱਲੇ ਵੇਲੇ ਸੰਨ ੧੭੩੪ ਵਿਚ ਖਾਨਕਿਲਾਤ ਮੀਰ ਨਸੀਰ ਖਾਨ ਦੀ ਜਹਾਦੀ ਫੌਜ ਨਾਲ ਪੰਜਾਬ ਵਿਚ ਆਇਆ ਸੀ, ਅਤੇ ਸਿੰਘਾਂ ਵਿਰੁੱਧ ਸਾਰੀਆਂ ਜੰਗਾਂ ਵਿਚ ਸ਼ਾਮਲ ਸੀ। ਉਸ ਨੇ ਸਾਰੀਆਂ ਜੰਗਾਂ ਦਾ ਹਾਲ ਫਾਰਸੀ ਕਵਿਤਾ ਵਿਚ ਆਪਣੀ ਪੁਸਤਕ "ਜੰਗਨਾਮਾ" ਵਿਚ ਲਿਖਿਆ ਸੀ। ਪਹਿਲਾਂ ਪਹਿਲਾਂ ਉਹ ਸਿੰਘਾਂ ਵਿਰੁੱਧ ਏਨਾ ਗੁੱਸੇ ਵਿਚ ਭਰਿਆ ਹੋਇਆ ਸੀ, ਕਿ ਥਾਂ ਥਾਂ ਉਸਨੇ ਸਿੰਘਾਂ ਨੂੰ 'ਸਗ' (ਕੁੱਤੇ) ਤੇ ਹੋਰ ਕਈ ਭੈੜੇ ਸ਼ਬਦ ਵਰਤੇ, ਪਰ ਕੁਝ ਸਮੇਂ ਪਿੱਛੋਂ ਸਿੰਘਾਂ ਦੀ ਬਹਾਦਰੀ ਵੇਖ ਕੇ ਏਨਾ ਪ੍ਰਭਾਵਤ ਹੋਇਆ ਕਿ ਪ੍ਰਸੰਸਾ ਕਰਨੋਂ ਨਾ ਰਹਿ ਸਕਿਆ। ਉਸ ਨੇ ਇਕ ਥਾਂ ਇਉਂ ਲਿਖਿਆ ਸੀ :-

ਕਹਿਣਾ ਸਿੰਘ ਨੂੰ "ਸਗ" ਇਨਸਾਫ ਨਹੀਂ ਏਂ,
ਭੈੜੇ ਨਾਮ ਦਾ ਸਿੰਘਾਂ ਨੂੰ ਢੁੱਕਦੇ ਨੇ।
ਕਿਉਂਕਿ ਸ਼ੇਰਾਂ ਦੇ ਵਾਂਗ ਦਲੇਰ ਨੇ ਇਹ,
ਬਲੀ ਵੇਖਣ ਤਾਂ ਬੁੱਲ੍ਹਾਂ ਨੂੰ ਟੁੱਕਦੇ ਨੇ।
ਸ਼ੇਰਾਂ ਵਾਂਗ ਹੀ ਸਦਾ ਆਜ਼ਾਦ ਫਿਰਦੇ।
ਡਰਕੇ ਮੌਤ ਤੋਂ ਕਦੇ ਨਾ ਲੁੱਕਦੇ ਨੇ।
ਗਿੱਦੜ ਵੇਖ ਮੈਦਾਨ 'ਚ ਨੱਸ ਜਾਂਦੇ,
ਜਦੋਂ ਸ਼ੇਰ ਇਹ ਜੰਗ ਵਿਚ ਬੁੱਕਦੇ ਨੇ।
ਓ ਤਲਵਾਰ ਵਾਲੇ ! ਆ ਮੈਦਾਨ ਅੰਦਰ,
ਇਹਨਾਂ ਕੋਲੋਂ ਲੜਾਈ ਦੇ ਢੰਗ ਸਿੱਖ ਲੈ।
ਕਿਵੇਂ ਸਾਫ਼ ਮੈਦਾਨ 'ਚੋਂ ਬਚੀਦਾ ਹੈ,
ਕਰਨੀ ਚਾਹੀਦੀ ਏ ਕਿਵੇਂ ਜੰਗ ਸਿਖ ਲੈ।
ਫੜ ਲੈਂਦੇ ਜਾਂ ਹੱਥਾਂ ਵਿਚ ਨੇਜ਼ਿਆਂ ਨੂੰ,
ਵੈਰੀ ਦਲ ਵਿਚ ਭਾਜੜਾ ਪਾ ਦਿੰਦੇ।

ਜੇਕਰ ਫੜਦੇ ਤਲਵਾਰ ਤਾਂ ਹੱਦ ਕਰਦੇ,
ਸਿੰਧ ਤੀਕ ਇਹ ਧਾਂਕ ਜਮਾ ਦਿੰਦੇ ।
ਚਿੱਲਾ ਜਦੋਂ ਕਮਾਨ ਤੇ ਚਾੜ੍ਹਦੇ ਨੇ,
ਤੀਰ ਵੈਰੀ ਲਈ ਖੱਫਣ ਬਣਾ ਦਿੰਦੇ ।
ਹੱਥ ਇਨ੍ਹਾਂ ਦੇ ਜੇਕਰ ਬੰਦੂਕ ਆ ਜਾਏ,
ਤੋਬਾ-ਤੋਬ ਇਕ ਵਾਰੀ ਕਰਾ ਦਿੰਦੇ ।

ਐ ਮੋਮਨ ! ਜੇ ਮੇਰਾ ਯਕੀਨ ਨਹੀਂ ਊਂ,
ਤਾਂ ਫਿਰ ਆਪਣੇ ਇਨ੍ਹਾਂ ਭਰਾਵਾਂ ਤੋਂ ਪੁੱਛ ।
ਇਹਨਾਂ ਸਿੰਘਾਂ ਨਾਲ ਲੜੇ ਜੋ ਜੰਗ ਅੰਦਰ ।
ਉਹਨਾਂ ਤੀਹ ਹਜ਼ਾਰ ਗਵਾਹਵਾਂ ਤੋਂ ਪੁੱਛ ।

ਇਹ ਨੇ ਸੂਰਮੇਂ, ਕੱਲੇ ਨੂੰ ਘੇਰਦੇ ਨਹੀਂ,
ਨੱਸੇ ਜਾਂਦੇ ਤੇ ਕਦੇ ਨਾ ਟੁੱਟਦੇ ਨੇ ।
ਇਹ ਨੇ ਮਰਦ, ਨਾ ਕਾਇਰਾਂ ਤੇ ਵਾਰ ਕਰਦੇ,
ਪਹਿਲਾਂ ਕਰੇ ਜੋ ਉਸ ਨਾਲ ਜੁੱਟਦੇ ਨੇ ।
ਇਹ ਨਾ ਉਹਨਾਂ ਸਿਪਾਹੀਆਂ ਤੇ ਕਰਨ ਹੱਲਾ,
ਜੰਗ ਵਿਚ ਹਥਿਆਰ ਜੋ ਸੁੱਟਦੇ ਨੇ ।
ਵੱਡੀ ਸਿਫਤ ਇਕ ਇਨ੍ਹਾਂ ਦੀ ਹੋਰ ਸੁਣ ਲੈ,
ਕਿਸੇ ਔਰਤ ਨੂੰ ਕਦੇ ਨਾ ਲੁੱਟਦੇ ਨੇ ।

ਤੀਵੀਂ ਹੋਵੇ ਜਵਾਨ ਜਾਂ ਹੋਵੇ ਬੁੱਢੀ,
ਕਹਿਣ ਹੱਟ ਪਾਸੇ, ਪਰ੍ਹਾ ਰਹੁ ਬੁੱਢੀਏ ।
ਨਾਰ ਵੈਰੀ ਦੀ ਵੀ ਮਾਂ ਭੈਣ ਸਮਝਣ,
ਕਹਿਣ ਜਾਹ ਕਿਸੇ ਗੁੱਠੇ ਬਹੁ ਬੁੱਢੀਏ ।

ਜੇ ਇਹ ਜੰਗ 'ਚੋ ਕਦਮ ਪਿਛਾਂਹ ਪੁੱਟਣ,
ਇਹ ਨਾ ਸਮਝੀਂ ਕਿ ਖਾ ਗਏ ਹਾਰ ਨੇ ਇਹ ।

ਇਹ ਵੀ ਇਨ੍ਹਾਂ ਦੀ ਚਾਲ ਇਕ ਜੰਗ ਦੀ ਏ,
ਏਸ ਹੁਨਰ ਵਿਚ ਬੜੇ ਹੁਸ਼ਿਆਰ ਨੇ ਇਹ।
ਫੌਜੀ ਮਗਰ ਨੱਸਣ ਤਾਂ ਇਹ ਰੁੱਕ ਜਾਂਦੇ,
ਮੁੜਕੇ ਲੜਨ ਲਈ ਹੁੰਦੇ ਤਿਆਰ ਨੇ ਇਹ।
ਪਿੱਛੇ ਲੱਗੀ ਹੋਈ ਫੌਜ ਨੂੰ ਤੋੜਕੇ ਤੇ,
ਫੇਰ ਮਾਰਦੇ ਬੁਰੀ ਹੀ ਮਾਰ ਨੇ ਇਹ।
ਇਨ੍ਹਾਂ ਸਾਹਮਣੇ ਕੋਈ ਨ ਅੜ ਸਕਦਾ,
ਭਾਵੇਂ ਕਿੰਨਾ ਵੀ ਵੱਡਾ ਜਰਵਾਣਾ ਹੋਵੇ।
ਸਮਝ ਲਵੇ ਉਹ ਮਾਂ ਨੂੰ ਜੰਮਿਆ ਨਹੀਂ,
ਜਿਨ੍ਹੇ, ਇਨ੍ਹਾਂ ਦੇ ਸਾਹਮਣੇ ਆਣਾ ਹੋਵੇ।
ਭਰਵੇਂ ਕੱਦ ਵਾਲੇ, ਤਾਕਤਵਰ ਨੇ ਇਹ,
ਸੋਹਣੀ ਸਿਹਤ ਤੇ ਚੰਗੇ ਸਰੀਰ ਲਗਦੇ।
ਜੰਗ ਵਿਚ ਲੜਾਕੇ ਸਿਪਾਹੀ ਲਗਦੇ,
ਬਾਹਰ ਜੰਗ ਤੋਂ ਸਾਧੂ ਫ਼ਕੀਰ ਲਗਦੇ।
ਹਰ ਇਕ ਸਿੰਘ ਪੰਜਾਹ ਤੋਂ ਵਧ ਕੇ ਹੈ,
ਡਿੱਠੇ ਮੈਂ ਅਖੀਂ, ਬੇਨਜ਼ੀਰ ਲਗਦੇ।
ਅੱਜ ਤੱਕ ਜੱਗ ਤੇ ਜਿੰਨੇ ਬਲਵਾਨ ਹੋਏ,
ਉਹਨਾਂ ਸਾਰਿਆਂ ਦੇ ਮੈਨੂੰ ਪੀਰ ਲਗਦੇ।
'ਬਹਿਰਾਮ ਗੌਰ' ਸੁਣਿਐ, ਏਨਾ ਬਲੀ ਸੀ,
(ਕਿ) ਸ਼ੇਰਾਂ ਦੀਆਂ ਸੀ ਚੀਕਾਂ ਕਢਵਾ ਦਿੰਦਾ।
ਉਹ ਵੀ ਹੁੰਦਾ ਜੀਉਂਦਾ ਜੇ ਐਸ ਵੇਲੇ,
ਸਿੰਘਾਂ ਸਾਹਮਣੇ ਸਿਰ ਝੁਕਾ ਦਿੰਦਾ।

## ਸਰਦਾਰ ਜੱਸਾ ਸਿੰਘ ਆਹਲੂਵਾਲੀਆ

ਕਲਗੀਧਰ ਦੇ ਵਰ ਤੋਂ ਜਨਮਿਆ ਜੋ,
ਜੱਸਾ ਸਿੰਘ ਕਲਾਲ, ਕਮਾਲ ਹੋਈਐ ।
ਮਾਤਾ "ਸੁੰਦਰੀ" ਕੋਲੋਂ ਅਸੀਸ ਲੈ ਕੇ,
ਹੋਣਹਾਰ ਬਾਲਕ ਨੌਨਿਹਾਲ ਹੋਇਐ ।
ਧਰਮ ਪਿਤਾ ਨਵਾਬ ਕਪੂਰ ਸਿੰਘ ਤੋਂ,
ਸਿੰਘ ਸੱਜ ਕੇ, ਸਾਹਿਬੇ-ਇਕਬਾਲ ਹੋਇਐ ।
ਦਲ ਖਾਲਸੇ ਦਾ ਜੱਥੇਦਾਰ ਬਣਿਆ,
ਬਲੀ ਬੀਰ ਉਹ ਬੇ-ਮਿਸਾਲ ਹੋਇਐ ।
ਬੰਦਾ ਸਿੰਘ ਦੇ ਪਿੱਛੋਂ ਮੁੜ ਨਵੇਂ ਸਿਰਿਓਂ,
ਸਿੱਖ ਰਾਜ ਦੀ ਉਹਨੇ ਉਸਾਰੀ ਕੀਤੀ ।
ਘੱਲੂਘਾਰਿਆਂ 'ਚ ਵਾਂਗ ਸੂਰਿਆਂ ਦੇ,
ਉਹਨੇ ਆਪਣੀ ਸਫਲ ਸਰਦਾਰੀ ਕੀਤੀ ।
ਔਖਾ ਸਮਾਂ ਉਸ ਵੇਖਿਆ ਪੰਥ ਉਤੇ,
ਹੁੰਦੀ ਗਊ ਗ੍ਰੰਥ ਤੇ ਅੱਤ ਵੇਖੀ ।
ਮਾੜੀ ਨੀਤ ਉਸ ਵੇਖੀ ਲੁਟੇਰਿਆਂ ਦੀ,
ਹਿੰਦੀ ਹਾਕਮਾਂ ਦੀ ਕੋਝੀ ਮੱਤ ਵੇਖੀ ।
ਏਨਾਂ ਵਧਿਆ ਸੀ ਜਬਰ ਜਰਵਾਣਿਆਂ ਦਾ,
ਹਰਦਮ ਹਿੰਦ ਦੀ ਲੁੱਟੀਦੀ ਪੱਤ ਵੇਖੀ ।
ਉਹਦੇ ਜਿਸਮ ਅੰਦਰ ਰੱਤ ਖੌਲ ਉਠੀ,
ਹੁੰਦੀ ਧਰਮ ਦੀ ਬੁਰੀ ਜਾਂ ਗੱਤ ਵੇਖੀ ।

ਉਦੋਂ ਕੀਤੀ ਅਗਵਾਈ ਉਸ ਖਾਲਸੇ ਦੀ,
ਲੰਮੇ-ਜ਼ੁਲਮ ਦੇ ਨਾਲ ਸੰਘਰਸ਼ ਕਰਕੇ ।
'ਬੰਦੀ-ਛੋੜ' ਵੀ ਉਨੂੰ ਸਭ ਕਹਿਣ ਲਗ ਪਏ,
ਉਹਦੇ ਉਚੇ ਇਖ਼ਲਾਕ ਆਦਰਸ਼ ਕਰਕੇ ।

ਅਹਿਮਦ ਸ਼ਾਹ ਅਬਦਾਲੀ ਨੇ ਜਿਸ ਵੇਲੇ,
ਅੰਮ੍ਰਿਤਸਰ ਹਰਿਮੰਦਰ ਨੂੰ ਢਾਹ ਦਿੱਤਾ ।
ਏਥੇ ਬੱਸ ਨਹੀਂ ਸਾਰੇ ਤਾਲਾਬ ਨੂੰ ਹੀ,
ਮਲਬੇ ਮਿੱਟੀ ਦੇ ਨਾਲ ਭਰਵਾ ਦਿੱਤਾ ।

ਆਹਲੂਵਾਲੀਏ ਨੂੰ ਜਦੋਂ ਪਤਾ ਲੱਗਾ,
ਉਹਦਾ ਗੁੱਸੇ ਨੇ ਜੁੱਸਾ ਹਿਲਾ ਦਿੱਤਾ ।
ਉਹਦੇ ਜੋਸ਼ ਤੇ ਰੋਹ ਨੇ ਮਿਲ ਕੇ ਤੇ,
ਉਹਦੇ ਅੰਦਰ ਤੂਫਾਨ ਮਚਾ ਦਿੱਤਾ ।

ਉਹਨੇ ਕੀਤੀ ਅਰਦਾਸ ਤੇ ਸਹੁੰ ਖਾਧੀ,
ਜ਼ਾਲਮ ਨਾਲ ਜ਼ਰੂਰ ਹੀ ਜੁੱਟਾਂਗਾ ਮੈਂ ।
ਜਿਨ੍ਹੇ ਗੁਰੂ-ਦਰਬਾਰ ਨੂੰ ਢੇਰ ਕੀਤਾ,
ਉਹਦੇ ਰਾਜ ਦੀਆਂ ਨੀਹਾਂ ਪੁੱਟਾਂਗਾ ਮੈਂ ।

ਫੇਰ ਕੀ ਸੀ, ਖਾਲਸਈ-ਫੌਜ ਲੈ ਕੇ,
ਸ਼ੇਰ ਆਣ ਮੈਦਾਨ ਵਿਚ ਗੱਜਿਆ ਸੀ ।
"ਪਿੱਪਲੀ ਸਾਹਿਬ" ਦੇ ਕੋਲ ਸੀ ਯੁੱਧ ਹੋਇਆ,
ਮਾਰ ਮਾਰ ਨਾ ਖਾਲਸਾ ਰੱਜਿਆ ਸੀ ।

ਆਣ ਫਤਹ ਨੇ ਸਿੰਘਾਂ ਦੇ ਕਦਮ ਚੁੰਮੇ,
ਸ਼ਾਹ ਅਬਦਾਲੀ ਲਾਹੌਰ ਨੂੰ ਭੱਜਿਆ ਸੀ ।

ਆਹਲੂਵਾਲੀਏ ਦੇ ਪੂਰੇ ਬਚਨ ਹੋ ਗਏ,
ਅੰਮ੍ਰਿਤਸਰ ਆ ਖਾਲਸਾ ਸੱਜਿਆ ਸੀ ।
ਫੇਰ ਤੁਰਕ, ਪਠਾਣ ਤੇ ਮੁਗ਼ਲ ਫੜਕੇ,
ਕਿਹਾ ਖਾਲਸੇ ਨੇ "ਆਓ ਮਰੋ ਏਥੇ ।
ਜਿੰਨ੍ਹੀ ਹੱਥੀਂ ਇਸ ਤਾਲ ਨੂੰ ਪੂਰਿਆ ਸੀ ।
ਉਹਨੀਂ ਹੱਥੀਂ ਹੀ ਸੇਵਾ ਹੁਣ ਕਰੋ ਏਥੇ ।"
ਜੱਸਾ ਸਿੰਘ ਸੂਰੇ ਆਹਲੂਵਾਲੀਏ ਨੇ,
ਹੱਲਾ ਫੇਰ ਲਾਹੌਰ ਤੇ ਬੋਲਿਆ ਸੀ ।
ਦਲ ਖਾਲਸੇ ਉਹਦੀ ਕਮਾਨ ਹੇਠਾਂ,
ਸ਼ਾਹੀ ਤਾਕਤ- ਨੂੰ ਤੇਗ਼ ਤੇ ਤੋਲਿਆ ਸੀ ।
ਖਾਧੀ ਹਾਰ ਸੀ "ਖਵਾਜਾ ਉਬੈਦ ਖਾਂ" ਨੇ,
ਖੂੰਨ ਖਾਲਸੇ ਵੀ ਖੂਬ ਡੋਲ੍ਹਿਆ ਸੀ ।
ਸਿੰਘਾਂ ਜਿੱਤੀ ਪੰਜਾਬ ਦੀ ਰਾਜਧਾਨੀ,
ਬੂਹਾ ਅਮਨ ਦਾ ਲੋਕਾਂ ਲਈ ਖੋਲ੍ਹਿਆ ਸੀ ।
ਕੀਤਾ ਕਬਜ਼ਾ ਸੀ ਸ਼ਹਿਰ ਲਾਹੌਰ ਉਤੇ,
ਏਦਾਂ ਸਿੰਘਾਂ ਨੇ ਜ਼ੁਲਮ ਨੂੰ ਠੱਲ੍ਹਿਆ ਸੀ ।
ਆਹਲੂਵਾਲੀਆ ਸੀ 'ਪਾਤਸ਼ਾਹ' ਬਣਿਆ,
ਉਹਦੇ ਨਾਮ ਦਾ ਸਿੱਕਾ ਵੀ ਚੱਲਿਆ ਸੀ ।
ਦੇ 'ਸੁਲਤਾਨੁਲ-ਕੌਮ' ਖ਼ਿਤਾਬ ਉਹਨੂੰ,
ਦਿੱਤਾ ਆਦਰ ਸਨਮਾਨ ਸੀ ਖਾਲਸੇ ਨੇ ।
ਉਹਨੇ ਖਾਲਸਾ ਪੰਥ ਦੀ ਸ਼ਾਨ ਰੱਖੀ,
ਰੱਖੀ ਉਹਦੀ ਵੀ ਸ਼ਾਨ ਸੀ ਖਾਲਸੇ ਨੇ ।

ਦਿੱਲੀ ਜਿੱਤ ਕੇ ਤੇ ਲਾਲ ਕਿਲ੍ਹੇ ਉਤੇ,
ਜਾ ਝੁਲਾਇਆ ਨਿਸ਼ਾਨ ਸੀ ਖਾਲਸੇ ਨੇ ।
ਜੋਸ਼, ਬੀਰਤਾ ਤੇ ਤਪ ਤੇਜ ਵਲੋਂ,
ਮੰਨਿਆ ਉਹਨੂੰ ਮਹਾਨ ਸੀ ਖਾਲਸੇ ਨੇ ।
ਨਿੱਜ-ਬਲ ਨਾਲ ਹਰ ਥਾਂ ਫਤਹ ਪਾ ਕੇ,
ਉਹਨੇ ਆਪਣਾ ਕੀਤਾ ਕਿਰਦਾਰ ਉੱਚਾ,
'ਕੋਮਲ' ਸੂਰਮਾ, ਸੰਤ-ਸਿਪਾਹੀ ਬਣਕੇ,
ਉਹਨੇ ਪੰਥ ਦਾ ਕੀਤਾ ਵੱਕਾਰ ਉੱਚਾ ।

## ਸਰਦਾਰ ਜੱਸਾ ਸਿੰਘ ਰਾਮਗੜ੍ਹੀਆ

ਰਾਮਗੜ੍ਹੀਆਂ ਦੀ ਮਿਸਲ ਦੇ ਮੋਢੀਆਂ 'ਚੋਂ,
ਜੱਸਾ ਸਿੰਘ ਜੀ ਸਭ ਤੋਂ ਸਰਦਾਰ ਵੱਡਾ।
ਸਿੰਘ-ਸੂਰਮਾਂ, ਸਿਦਕੀ, ਨਿੱਡਰ, ਅਣਖੀ,
ਗੁਰੂ-ਘਰ ਦਾ ਸੀ ਸੇਵਾਦਾਰ ਵੱਡਾ।
ਸ਼ਸ਼ਤਰ-ਵਿੱਦਿਆ ਵਿਚ ਨਿਪੁੰਨ ਹੋਕੇ,
ਬਣਿਆ ਮਿਸਲ ਦਾ ਸੀ ਪਹਿਰੇਦਾਰ ਵੱਡਾ।
ਐਸੀ ਓਹਨੇ ਤਲਵਾਰ ਦੀ ਧਾਂਕ ਪਾਈ,
ਮੰਨਿਆ ਕੌਮ ਨੇ ਸੀ ਜੱਥੇਦਾਰ ਵੱਡਾ।

ਆਪਣੀ ਬੀਰਤਾ ਨਾਲ ਪ੍ਰਸਿੱਧ ਹੋਕੇ,
ਓਹਨੇ ਕੀਤੀ ਅਗਵਾਈ ਸੀ ਖਾਲਸੇ ਦੀ।
ਕਰਕੇ ਮੁਗ਼ਲਾਂ ਪਠਾਣਾਂ ਦੇ ਦੰਦ ਖੱਟੇ,
ਓਹਨੇ ਸ਼ਾਨ ਵਧਾਈ ਸੀ ਖਾਲਸੇ ਦੀ।

ਬਿਪਤਾ ਸਿੰਘਾਂ ਤੇ ਪਈ ਸੀ ਜਿਸ ਵੇਲੇ,
ਲੜਿਆ ਧਰਮ ਲਈ ਸੀ ਜੰਗਾਂ ਭਾਰਿਆਂ 'ਚ।
ਰਿਹਾ ਪੰਥ ਦੀ ਸਦਾ ਕਮਾਨ ਕਰਦਾ,
ਮੋਢੀ ਰਿਹਾ ਬਣਕੇ ਘਲੂਘਾਰਿਆਂ 'ਚ।
ਮਿਲੀ ਜਦੋਂ ਨਵਾਬੀ ਕਪੂਰ ਸਿੰਘ ਨੂੰ,
ਚੁਣਿਆ ਗਿਆ ਸੀ ਪੰਜਾਂ ਪਿਆਰਿਆਂ 'ਚ।
ਪਈ ਲੋੜ ਜਦ ਵੀ ਪੰਥ ਖਾਲਸੇ ਨੂੰ,
ਅੱਗੇ ਅੱਗੇ ਸੀ ਰਿਹਾ ਓਹ ਸਾਰਿਆਂ 'ਚ।

ਭਾਰਤ ਵਰਸ਼ ਦੀ ਲਾਜ ਬਚਾਈ ਓਹਨੇ,
ਭੰਨ ਕੇ ਜ਼ੁਲਮ ਦੇ ਹੱਦਾਂ ਤੇ ਬੰਨਿਆ ਨੂੰ।

ਉਹਨੇ ਖੋਹਿਆ ਅਬਦਾਲੀ ਦੀ ਕੈਦ ਵਿਚੋਂ,
ਕਈ ਹਜ਼ਾਰ ਨਿਮਾਣੀਆਂ ਕੰਨਿਆਂ ਨੂੰ ।

ਇਕ ਵਾਰ ਇਕ ਬ੍ਰਾਹਮਣ ਸੀ ਆਣ ਰੋਇਆ,
"ਜੱਸਾ ਸਿੰਘ ਜੀ, ਸੁਣੋ ਫਰਿਆਦ ਮੇਰੀ ।
ਮੁਗ਼ਲ ਹਾਕਮ ਨੇ ਖੋਹੀ ਹੈ ਧੀ ਮੇਰੀ ।
ਹੋਈ ਜ਼ਿੰਦਗੀ ਬੇ-ਸੁਆਦ ਮੇਰੀ ।
ਧਰਮੀ ਆਗੂਆਂ, ਹਿੰਦੂਆਂ, ਰਾਜਪੂਤਾਂ,
ਕੀਤੀ ਕਿਸੇ ਨਹੀਂ ਧੀ ਆਜ਼ਾਦ ਮੇਰੀ ।
ਸਿੰਘ ਸਾਹਿਬ ਜੀ ! ਮੈਨੂੰ ਹੈ ਆਸ ਪੂਰੀ,
ਪੂਰੀ ਕਰੋਗੇ, ਤੁਸੀ ਮੁਰਾਦ ਮੇਰੀ ।"

ਜੱਸਾ ਸਿੰਘ ਨੂੰ ਸੁਣਦਿਆਂ ਰੋਹ ਚੜ੍ਹਿਆ,
ਉਹਨੇ ਘੋੜ-ਸਵਾਰਾਂ ਨੂੰ ਹੁਕਮ ਦਿੱਤਾ ।
ਚਲੋ ਸੋਧੀਏ ਹਾਕਮ ਹਿਸਾਰ ਦੇ ਨੂੰ,
ਉਹਨੇ ਸਿੰਘਾਂ ਸਰਦਾਰਾਂ ਨੂੰ ਹੁਕਮ ਦਿੱਤਾ ।"

ਬੱਸ ਫੇਰ ਕੀ ਸੀ, ਲੈ ਕੇ ਦਲ ਆਪਣਾ,
ਰਾਮਗੜ੍ਹੀਏ ਨੇ ਆਪ ਚੜ੍ਹਾਈ ਕੀਤੀ।
ਓਧਰ ਮੁਗ਼ਲਾਂ ਵੀ ਅੱਗੋ ਲੜਾਈ ਕੀਤੀ।
ਏਧਰ ਸਿੰਘਾਂ ਵੀ ਚੰਗੀ ਸਫਾਈ ਕੀਤੀ।
ਐਸੀ ਵਾਢ ਪਾਈ ਸਿੰਘਾਂ ਇਕ-ਵੱਢੋਂ,
ਮੁਗ਼ਲ ਫੌਜ਼ ਦੀ ਖ਼ੂਬ ਤਬਾਹੀ ਕੀਤੀ ।
ਮੋੜੀ ਕੰਨਿਆ, ਕੰਨਾਂ ਨੂੰ ਹੱਥ ਲਾ ਕੇ,
ਜਦੋਂ ਹਾਕਮ ਦੀ ਵਾਹਵਾ ਸੁਧਾਈ ਕੀਤੀ ।

ਬੇਟੀ ਬਾਪ ਨੂੰ ਸੌਂਪ ਕੇ ਰਾਮਗੜ੍ਹੀਏ,
ਕਿਹਾ, "ਪੱਤ ਇਸ ਹਿੰਦ ਦੀ ਰੱਖਣੀ ਏਂ ।

ਆਹ ਲੈ, ਪੰਜ ਹਜ਼ਾਰ ਰੁਪੈ ਲੈ ਜਾ,
ਧੀ ਤੋਰੀਦੀ ਕਦੇ ਨਾ ਸੱਖਣੀ ਏਂ ।"
ਹੋਇਆ ਸਿੱਖਾਂ ਦਾ ਵੈਰੀ ਜਾਂ "ਮੀਰ ਮੰਨੂ",
ਉਹਨੇ ਸਿੱਖ ਮੁਕਾਉਣ ਦਾ ਹੁਕਮ ਕੀਤਾ।
ਉਹਨੇ ਹਾਕਮ 'ਅਦੀਨੇ' ਨੂੰ ਫੌਜ ਦੇ ਕੇ,
ਕਹਿਰ ਸਿੱਖਾਂ ਤੇ ਢਾਹੁਣ ਦਾ ਹੁਕਮ ਦਿੱਤਾ ।
ਜੱਸਾ ਸਿੰਘ ਅਦੀਨੇ ਦੀ ਫੌਜ ਵਿਚ ਸੀ,
ਇਸ ਲਈ ਉਹਨੂੰ ਵੀ ਆਉਣ ਦਾ ਹੁਕਮ ਦਿੱਤਾ ।
'ਰਾਮ ਰਾਉਣੀ' ਦੇ ਕਿਲ੍ਹੇ ਦੇ ਸਿੰਘਾਂ ਉਤੇ,
ਉਹਨੂੰ ਫੌਜ ਚੜ੍ਹਾਉਣ ਦਾ ਹੁਕਮ ਦਿੱਤਾ ।
ਚਾੜ੍ਹੀ ਫੌਜ ਪਰ ਸਿੰਘਾਂ ਨੂੰ ਵੇਖ ਕੇ ਤੇ,
ਜੱਸਾ ਸਿੰਘ ਦਾ ਹੌਸਲਾ ਢਹਿਣ ਲੱਗਾ ।
ਜੱਥੇ ਆਪਣੇ ਦੇ ਸਿੰਘਾਂ ਸਾਰਿਆਂ ਨੂੰ,
ਏਦਾਂ ਸ਼ੇਰ ਦਸਮੇਸ਼ ਦਾ ਕਹਿਣ ਲੱਗਾ ।
"ਮੇਰੇ ਵਾਸਤੇ ਸ਼ਰਮ ਦੀ ਗੱਲ ਹੈ ਇਹ,
ਗੁਰੂ-ਨਗਰੀ ਵਿਚ ਆਵਾਂ ਤੇ ਕਰਾਂ ਹੱਲਾ ?
ਫੇਰ ਇਹਨਾਂ ਮਲੇਛਾਂ ਤੇ ਲੱਗ ਆਖੇ,
ਆਪਣੇ ਸਿੱਖਾਂ-ਭਰਾਵਾਂ ਤੇ ਕਰਾਂ ਹੱਲਾ ।
ਕਹਿੰਦੇ ਹੁੰਦੀਆਂ ਹੈਨ ਭਰਾ ਬਾਹਵਾਂ,
ਕੀ ਮੈਂ ਆਪਣੀਆਂ ਬਾਹਵਾਂ ਤੇ ਕਰਾਂ ਹੱਲਾ?
ਜਾਣ ਬੁੱਝ ਕੇ ਕਿਵੇਂ ਜ਼ਮੀਰ ਵੇਚਾਂ?
ਕਿਵੇਂ ਆਪਣਾ ਭਾਵਾਂ ਤੇ ਕਰਾਂ ਹੱਲਾ ?"
ਮੁੱਖੀ-ਸਿੰਘਾਂ ਦੇ ਨਾਲ ਗੁਰਮਤਾ ਕਰਕੇ,
ਜੱਥਾ ਆਪਣਾ ਉਹਨੇ ਵਿਗਾੜ ਦਿੱਤਾ ।

ਫੇਰ ਕਿਲ੍ਹੇ ਦੇ ਸਿੱਖਾਂ ਨੂੰ ਖਬਰ ਦੇ ਕੇ,
ਵੈਰੀ-ਦਲ ਨੂੰ ਉਹਨੇ ਲਿਤਾੜ ਦਿੱਤਾ ।
ਮਿਲਿਆ ਨਾਲ ਭਰਾਵਾਂ ਤਾਂ ਜਿੱਤ ਹੋਈ,
ਝੰਡਾ ਕੇਸਰੀ ਉਹਨੇ ਉਤਾਂਹ ਰੱਖਿਆ ।
'ਰਾਮ ਰਾਉਣੀ' ਦੇ ਕਿਲ੍ਹੇ ਤੇ ਕਰ ਕਬਜ਼ਾ,
ਉਹਨੇ ਹਾਕਮ 'ਅਦੀਨੇ' ਨੂੰ ਥਾਂ ਰੱਖਿਆ ।
ਰਾਮਦਾਸ ਸਤਿਗੁਰੂ ਦੇ ਨਾਂ ਉਤੇ,
ਉਹਨੇ ਰਾਮਗੜ੍ਹ ਕਿਲ੍ਹੇ ਦਾ ਨਾਂ ਰੱਖਿਆ ।
"ਰਾਮਗੜ੍ਹ" ਦੇ ਨਾਮ ਤੋਂ ਰਾਮਗੜ੍ਹੀਆ,
ਉਹਦਾ ਨਾਂ ਸੀ ਲੋਕਾਂ ਨੇ ਤਾਂ ਰੱਖਿਆ ।
ਵੱਡੇ ਵੱਡੇ ਉਸ ਮੋਰਚੇ ਫਤਹ ਕੀਤੇ,
ਰਿਹਾ ਜਿੱਤਦਾ ਹੀ, ਕਦੇ ਹਾਰਿਆ ਨਾ ।
ਦਇਆ ਕੀਤੀ ਮਜ਼ਲੂਮਾਂ ਤੇ ਸਦਾ ਉਹਨੇ,
ਘਰ ਆਇਆ ਜੇ ਦੁਸ਼ਮਣ, ਤਾਂ ਮਾਰਿਆ ਨਾ ।
ਸਾਰੇ ਪੰਥ ਅੰਦਰ ਪਹਿਲਾ ਸਿੰਘ ਸੀ ਉਹ,
ਜਿਨ੍ਹੇ ਦਿੱਲੀ ਉਤੇ ਹੱਲਾ ਬੋਲਿਆ ਸੀ ।
ਉਹਦੀ ਜ਼ਿੰਦਗੀ ਦਾ ਇਹ ਸੀ ਕਾਰਨਾਮਾ,
ਸ਼ਾਹੀ ਤਾਕਤ ਨੂੰ ਓਸਨੇ ਤੋਲਿਆ ਸੀ ।
ਹਿੰਦੂਸਤਾਨ ਦਾ ਬਾਦਸ਼ਾਹ 'ਸ਼ਾਹ ਆਲਮ',
ਹਾਰ ਖਾ ਕੇ ਤੇ ਦਿਲੋਂ ਡੋਲਿਆ ਸੀ ।
ਲਾਲ ਕਿਲ੍ਹੇ ਉਤੇ ਸਿੰਘਾਂ ਕਰ ਕਬਜ਼ਾ,
ਪੰਨਾ ਨਵਾਂ ਇਤਿਹਾਸ ਦਾ ਖੋਲ੍ਹਿਆ ਸੀ ।
ਪੰਥਕ-ਏਕਤਾ ਹੁੰਦੀ ਤਾਂ ਉਦੋਂ ਤੋਂ ਹੀ,
ਲੋਕਾਂ ਖਾਲਸਈ-ਰਾਜ ਕਬੂਲਣਾ ਸੀ ।

ਦਿੱਲੀ ਵੱਲ ਅੰਗਰੇਜ਼ ਨਾ ਮੂੰਹ ਕਰਦੇ,
ਭਾਰਤ ਵਰਸ਼ ਤੇ ਕੇਸਰੀ ਝੂਲਣਾ ਸੀ ।
ਆਇਆ ਉਹਦੇ ਦਰਬਾਰ ਵਿਚ ਦੁਖੀ ਜਿਹੜਾ,
ਉਹਨੇ ਓਸ ਦੁਖਿਆਰੇ ਦਾ ਕੰਮ ਕੀਤਾ ।
ਉਹਨੇ ਆਪਣੀ ਕੌਮ ਦਾ ਬਣ ਆਗੂ,
ਸਦਾ ਚਾਨਣ-ਮੁਨਾਰੇ ਦਾ ਕੰਮ ਕੀਤਾ ।
ਜਦੋਂ ਪਈ ਸੀ ਜ਼ੁਲਮ ਦੀ ਰਾਤ ਕਾਲੀ,
ਉਹਨੇ ਚਮਕਦੇ ਤਾਰੇ ਦਾ ਕੰਮ ਕੀਤਾ ।
ਲੜ ਕੇ ਨਾਲ ਜਰਵਾਣਿਆਂ, ਪੰਥ ਖਾਤਰ,
ਉਹਨੇ ਖੰਡੇ ਦੋ-ਧਾਰੇ ਦਾ ਕੰਮ ਕੀਤਾ ।
'ਕੋਮਲ' ਕਦਮ ਉਹਦੇ ਚੁੰਮੇ ਫਤਹ ਨੇ ਸੀ,
ਉਹਦੇ ਅੱਗੇ ਜੋ ਅੜਿਆ, ਬੇ-ਵੱਸ ਹੋਇਆ ।
ਮੁੱਕਦੀ ਗੱਲ ਕਿ ਸਾਰੇ ਪੰਜਾਬ ਅੰਦਰ,
ਜੱਸਾ ਸਿੰਘ ਦਾ ਬੜਾ ਸੀ ਜੱਸੀ ਹੋਇਆ ।

## ਆਏ ਨੀ ਨਿਹੰਗ, ਬੂਹਾ ਖੋਲ੍ਹ ਦੇ ਨਿਸ਼ੰਗ

ਸਿੱਖ-ਮਿਸਲਾਂ ਤੋਂ ਪਹਿਲਾਂ ਦੇ ਸਮੇਂ ਅੰਦਰ,
ਰਾਜ ਹਿੰਦ ਵਿਚ ਮੁਗ਼ਲ ਸਰਕਾਰ ਦਾ ਸੀ ।
ਹਿੰਦੂ ਪਰਜਾ ਗ਼ੁਲਾਮ ਨੂੰ ਸਮਝ ਕਾਫ਼ਰ,
ਹਾਕਮ ਹਰ ਕੋਈ ਕਹਿਰ ਗੁਜ਼ਾਰਦਾ ਸੀ ।
ਸਿਰਫ ਸਿੰਘ ਰਖਵਾਲੇ ਸਨ ਹਿੰਦੂਆਂ ਦੇ,
ਕੰਮ ਜਿਨ੍ਹਾਂ ਦਾ ਪਰ-ਉਪਕਾਰ ਦਾ ਸੀ ।
ਏਸੇ ਵਾਸਤੇ ਹੀ ਕੇਸਾਂ ਵਾਲਿਆਂ ਤੇ,
ਦੌਰ ਚੱਲਿਆ ਅਤਿਆਚਾਰ ਦਾ ਸੀ ।

ਮੋਏ-ਮੁਗ਼ਲਾਂ, ਹਕੂਮਤ ਦੇ ਨਸ਼ੇ ਅੰਦਰ,
ਕੁੱਲ ਸਿੱਖ ਸਨ ਬਾਗ਼ੀ ਕਰਾਰ ਦਿੱਤੇ ।
ਲੁੱਟੇ ਘਰ, ਜਾਇਦਾਦਾਂ ਤੇ ਕਰ ਕਬਜ਼ਾ,
ਫੜ ਕੇ ਸਿੰਘਣੀਆਂ ਤੇ ਬੱਚੇ ਮਾਰ ਦਿੱਤੇ ।

ਅੱਸੀ ਅੱਸੀ ਇਕ ਸਿਰ ਦਾ ਮੁੱਲ ਪਾ ਕੇ,
ਮੁਗ਼ਲਾਂ ਸਿੱਖ ਮੁਕਾਉਣੇ ਸ਼ੁਰੂ ਕੀਤੇ ।
ਕਿਤੇ ਸਿੱਖਾਂ ਦਾ ਨਾਮ ਨਿਸ਼ਾਨ ਨਾ ਰਹੇ,
ਸਿੱਖ ਪਾਰ ਬੁਲਾਉਣੇ ਸ਼ੁਰੂ ਕੀਤੇ ।
ਏਥੇ ਬੱਸ ਨਹੀਂ ਵਾਂਗ ਸ਼ਿਕਾਰੀਆਂ ਦੇ,
ਫੌਜਾਂ ਗਸ਼ਤ ਲਗਾਉਣੇ ਸ਼ੁਰੂ ਕੀਤੇ ।
ਫੜ ਕੇ ਸ਼ਹਿਰਾਂ 'ਚੋਂ, ਪਿੰਡਾਂ 'ਚੋਂ ਲਭ ਕੇ ਤੇ,
ਖੁਰੇ ਖੋਜ ਮਿਟਾਉਣੇ ਸ਼ੁਰੂ ਕੀਤੇ ।

ਆਖਰ ਸਿੰਘਾਂ ਨਿਹੱਥੇ ਬਿਦੋਸ਼ਿਆਂ ਨੇ,
ਘਣੇ ਜੰਗਲਾਂ 'ਚ ਡੇਰਾ ਲਾ ਲਿਆ ਸੀ।
ਮਿਲ ਕੇ ਜੱਥੇ ਬਣਾ ਕੇ ਇਕੱ ਹੋ ਕੇ,
ਉਹਨਾਂ ਧਰਮੀਆਂ ਸਿਦਕ ਨਿਭਾ ਲਿਆ ਸੀ।

ਸਿੰਘ ਜੰਗਲੀਂ, ਫੌਜਾਂ ਨੂੰ ਕੌਣ ਰੋਕੇ,
ਫੌਜੀ ਆਉਂਦੇ ਤੇ ਲੁੱਟ ਕੇ ਚਲੇ ਜਾਂਦੇ।
ਜਦੋਂ ਜੀਅ ਚਾਹੁੰਦੇ, ਹਿੰਦੂ ਜਨਤਾ ਨੂੰ,
ਜਬਰੀ ਮਾਰ ਕੇ, ਕੁੱਟ ਕੇ ਚਲੇ ਜਾਂਦੇ।
ਹਿੰਦੂ ਬੱਚਿਆਂ, ਫੁੱਲਾਂ ਅੱਧ-ਖਿੜਿਆਂ ਨੂੰ,
ਸਣੇ ਬੂਟਿਆਂ ਪੁੱਟ ਕੇ ਚਲੇ ਜਾਂਦੇ।
ਪੱਤ ਹਿੰਦ ਦੀ, ਕੰਜਕਾਂ, ਸੁਹਲ ਕਲੀਆਂ,
ਮਲ ਕੇ, ਮਿੱਧ ਕੇ, ਸੁੱਟ ਕੇ ਚਲੇ ਜਾਂਦੇ।

ਸ਼ਾਹੀ ਫੌਜ ਫਿਰ ਓਧਰ ਚੜ੍ਹਾਈ ਕਰਦੀ,
ਜਿਧਰ ਉਹਨਾਂ ਨੂੰ ਸਿੱਖਾਂ ਦੀ ਸੂਹ ਮਿਲਦੀ।
ਮਰਦੇ ਸਿੰਘ, ਪਰ ਕਈਆਂ ਨੂੰ ਮਾਰ ਕੇ ਤੇ,
ਫੇਰ ਲੁੱਕ ਜਾਂਦੇ ਜਿਹੜੀ ਜੂਹ ਮਿਲਦੀ।

ਦਿਨੇ ਜੰਗਲੀਂ, ਰਾਤ ਨੂੰ ਜੰਗ ਕਰਨੀ,
ਹੋਰ ਉਹਨਾਂ ਲਈ ਰਹਿ ਗਿਆ ਰਾਹ ਨਹੀਂ ਸੀ।
ਦੁੱਖਾਂ ਕਸ਼ਟਾਂ ਤਸੀਹਿਆਂ ਨੂੰ ਨਿੱਤ ਜਰਦੇ,
ਮਿਲਦਾ ਸਿੱਖਾਂ ਨੂੰ ਸੁੱਖ ਦਾ ਸਾਹ ਨਹੀਂ ਸੀ।
ਕਿਉਂਕਿ ਉਹਨਾਂ ਨੂੰ ਦੀਨੋਂ ਬੇ-ਦੀਨ ਹੋਕੇ,
ਬਿਨਾਂ ਅਣਖ ਜੀਊਣ ਦੀ ਚਾਹ ਨਹੀਂ ਸੀ।

ਚਾਹ ਇਕੋ ਸੀ, ਸਿੱਖੀ ਨਾ ਚਲੀ ਜਾਵੇ,
ਜਿੰਦ ਜਾਂਦੀ ਤਾਂ ਜਾਏ, ਪਰਵਾਹ ਨਹੀਂ ਸੀ ।
ਸ਼ਾਹੀ ਫੌਜ ਬੇ-ਗਿਣਤ ਤੇ ਸਿੰਘ ਥੋੜ੍ਹੇ
ਜੰਗਲੀਂ ਪੈਰ ਨਾ ਧਰਦੇ ਤਾਂ ਕੀ ਕਰਦੇ ।
ਮਿੱਟੀ ਪੁੱਟੀਦੀ ਹਿੰਦ ਦੀ ਵੇਖ ਕੇ ਤੇ,
ਅਣਖੀ-ਮੌਤ ਨਾ ਮਰਦੇ ਤਾਂ ਕੀ ਕਰਦੇ ।
ਉਹਨਾਂ ਦਿਨਾਂ ਅੰਦਰ, ਮੁਸਲਮਾਨ ਹਾਕਮ,
ਹੱਦੋਂ ਵੱਧ ਸਨ ਐਸ਼ ਪ੍ਰਸਤ ਹੁੰਦੇ ।
ਹਰ ਸ਼ਾਮ ਨੂੰ ਸੂਰਜ ਦੇ ਅਸਤ ਹੁੰਦਿਆਂ,
ਉਹ ਸਨ ਨਾਲ ਸ਼ਰਾਬ ਦੇ ਮਸਤ ਹੁੰਦੇ ।
ਅੱਧੀ ਰਾਤ ਤੱਕ ਪੀਂਦੇ ਪਿਲਾਂਦਿਆਂ ਹੀ,
ਰੰਗ-ਰਲੀਆਂ 'ਚ ਸਨ ਉਹ ਗਰੱਸਤ ਹੁੰਦੇ ।
ਏਸੇ ਵਾਸਤੇ ਉਹ ਇਖ਼ਲਾਕ ਵੱਲੋਂ,
ਸਿੰਘਾਂ ਵਾਂਗ ਨਹੀਂ ਸਨ ਜ਼ਬਰਦਸਤ ਹੁੰਦੇ ।
ਇਸ ਕਮਜ਼ੋਰੀ ਨੂੰ ਸਿੰਘ ਵੀ ਸਮਝਦੇ ਸਨ,
ਇਸ ਲਈ ਜਦੋਂ ਰਾਤੀਂ, ਜ਼ਾਲਮ ਗੁੱਟ ਹੁੰਦੇ ।
ਓਦੋਂ ਜੰਗਲਾਂ 'ਚੋਂ ਬਾਹਰ ਨਿਕਲ ਕੇ ਤੇ,
ਜੱਥੇ ਖਾਲਸੇ ਦੇ ਇਕ ਜੁੱਟ ਹੁੰਦੇ ।
ਮੌਕਾ ਵੇਖ ਕੇ ਸਾਰੇ ਹੀ ਸਿੰਘ ਸੂਰੇ,
ਸ਼ਾਹੀ ਫੌਜ ਉਤੇ ਹੱਲਾ ਬੋਲ ਦਿੰਦੇ ।
ਪੈਂਦੇ ਚਾਣਚਕ ਟੁੱਟ ਕੇ ਬਿੱਜ ਵਾਗੂੰ,
ਖੱਬੀ-ਖ਼ਾਨਾਂ ਦੇ ਖੱਬ੍ਹੇ ਉਹ ਖੋਲ੍ਹ ਦਿੰਦੇ ।

ਕਈਆਂ ਪਾਪੀਆਂ ਦੇ ਬਿਸਤਰ ਗੋਲ ਕਰ ਕੇ,
ਕਈਆਂ ਜ਼ਾਲਮਾਂ ਦੀ ਮਿੱਟੀ ਰੋਲ ਦਿੰਦੇ ।
ਹਿੰਦੂ ਲੜਕੀਆਂ ਕੈਦ 'ਚੋਂ ਕੱਢ ਕੇ ਤੇ,
ਭੇਜ ਉਹਨਾਂ ਨੂੰ ਮਾਪਿਆਂ ਕੋਲ ਦਿੰਦੇ ।
ਓਦੋਂ ਇਹ ਇਖ਼ਲਾਕ ਸੀ ਖਾਲਸੇ ਦਾ,
ਇਹ ਸੀ ਸਿੰਘਾਂ ਦੇ ਉਚੇ ਆਚਰਨ ਦੀ ਗੱਲ।
ਇੱਜ਼ਤ ਮਾਣ ਦੇ ਵਾਸਤੇ ਜੀਊਣ ਦੀ ਗੱਲ,
ਦੇਸ਼ ਧਰਮ ਦੇ ਵਾਸਤੇ ਮਰਨ ਦੀ ਗੱਲ ।
ਅੱਧੀ ਰਾਤ ਨੂੰ ਰੋਜ਼ ਦੇ ਹੱਲਿਆਂ ਤੋਂ,
ਮੁਸਲਮਾਨ ਓਧਰ ਬੜੇ ਤੰਗ ਆ ਗਏ ।
ਹਾਕਮ ਆਖਦੇ 'ਕਿਥੋਂ ਇਹ ਸਿਰ-ਲੱਥੇ,
ਸਾਡੇ ਰੰਗ 'ਚ ਪੌਣ ਲਈ ਭੰਗ ਆ ਗਏ' ।
ਏਧਰ ਹਿੰਦੂ ਜੈਕਾਰਾ ਜਦ ਸੁਣ ਲੈਂਦੇ,
ਕਹਿੰਦੇ ਸ਼ੁਕਰ ਕਿ ਸਾਡੇ ਅੱਜ ਅੰਗ ਆ ਗਏ ।
ਨੂੰਹਾਂ ਧੀਆਂ ਨੂੰ ਕਹਿੰਦੇ ਆਵਾਜ਼ ਦੇ ਕੇ,
ਬੂਹਾ ਖੋਲ੍ਹੋ ਨਿਸ਼ੰਗ, ਨਿਹੰਗ ਆ ਗਏ ।
ਕਿੰਨਾ ਉੱਚਾ ਸੁਨਹਿਰੀ ਇਤਿਹਾਸ ਸਾਡਾ,
ਸਾਨੂੰ ਆਪਣੇ ਆਪ ਦੀ ਸਾਰ ਹੀ ਨਹੀਂ ।
'ਕੋਮਲ' ਧੜੇ ਦਾ ਅੱਜ ਪ੍ਰਚਾਰ ਜਿੰਨਾ,
ਓਨਾ ਧਰਮ ਦਾ ਹੁੰਦਾ ਪ੍ਰਚਾਰ ਹੀ ਨਹੀਂ ।

## ਭਾਰਤ ਦੇ ਸੁਤੰਤ੍ਰਤਾ-ਸੰਗਰਾਮ ਵਿੱਚ ਸਿੱਖਾਂ ਦਾ ਹਿੱਸਾ
(੧੮੪੭ ਈ: ਤੋਂ ੧੯੪੭ ਈ: ਤੱਕ)

ਸੰਨ ਸੰਤਾਲੀ ਵਿਚ ਭਾਰਤ ਆਜ਼ਾਦ ਹੋਇਆ,
ਇਕ ਸੌ ਸਾਲ ਆਜ਼ਾਦੀ ਲਈ ਘੋਲ ਕਰਕੇ ।
ਐਵੇਂ ਨਹੀ ਸੀ ਅੰਗ੍ਰੇਜ਼ ਨੂੰ ਪਿਆ ਜਾਣਾ,
ਏਥੋਂ ਬੋਰੀਆ ਬਿਸਤਰਾ ਗੋਲ ਕਰਕੇ ।
ਮੂੰਹੋਂ ਮੂੰਹ ਇਤਿਹਾਸ ਪਿਆ ਬੋਲਦਾ ਹੈ,
ਸੁਣੋ ਕੰਨਾ ਨੂੰ ਰਤਾ ਕੁ ਕੋਲ ਕਰਕੇ ।
ਕਿਸਨੇ ਪਾਇਆ ਆਜ਼ਾਦੀ ਵਿਚ ਵੱਧ ਹਿੱਸਾ ?
ਆਓ ਵੇਖੀਏ ਜ਼ਰਾ ਪੜਚੋਲ ਕਰਕੇ ।
ਭਾਵੇਂ ਹਿੰਦ ਦੇ ਹਰ ਪਰਾਂਤ ਵਿਚੋਂ,
ਜਾਨਾਂ ਵਾਰੀਆਂ ਹਿੰਦੁਸਤਾਨੀਆਂ ਨੇ ।
ਫਿਰ ਵੀ ਵਧਕੇ ਸਾਰਿਆਂ ਹਿੰਦੀਆਂ 'ਚੋਂ,
ਹੋਈਆਂ ਸਿੱਖਾਂ ਦੇ ਵੱਲੋਂ ਕੁਰਬਾਨੀਆਂ ਨੇ ।
ਹਿੰਦ ਪਹਿਲਾਂ ਵੀ ਜ਼ੇਰ ਸੀ ਮੁਗ਼ਲਾਂ ਦੇ,
ਸਿੱਖ ਓਦੋਂ ਤੋਂ ਹੀ ਕਰਦੇ ਚਾਹ ਆਏ ।
ਸੋਹਣਾ ਭਾਰਤ ਇਹ ਸਾਡਾ ਆਜ਼ਾਦ ਹੋਵੇ,
ਤਨੋਂ ਮਨੋਂ ਹੋ ਕੇ ਲਾਉਂਦੇ ਵਾਹ ਆਏ ।
ਸਦਾ ਸਖਤੀਆਂ ਜਾਨਾਂ ਤੇ ਰਹੇ ਜਰਦੇ,
ਲਭਦੇ ਸਦਾ ਆਜ਼ਾਦੀ ਦੀ ਰਾਹ ਆਏ ।
ਦੁੱਖਾਂ-ਸੁੱਖਾਂ ਤੋਂ ਬੇ-ਪਰਵਾਹ ਹੋ ਕੇ,
ਦੇਸ਼ ਧਰਮ ਦੀ ਕਰਦੇ ਪਰਵਾਹ ਆਏ ।

ਉਹਨਾਂ ਰੋਕੇ ਸੀ ਰਾਹ ਅਬਦਾਲੀਆਂ ਦੇ ।
ਦੰਦ ਕੀਤੇ ਸੀ ਖੱਟੇ ਦੁੱਰਾਨੀਆਂ ਦੇ ।
ਲੜਦੇ ਮਰਦੇ ਕੁਰਬਾਨੀਆਂ ਰਹੇ ਕਰਦੇ ।
ਹੋਏ ਨਹੀਂ ਸੀ ਗ਼ੁਲਾਮ ਅਫ਼ਗਾਨੀਆਂ ਦੇ ।

ਕਬਜ਼ਾ ਕੀਤਾ ਅੰਗ੍ਰੇਜ਼ਾਂ ਨੇ ਹਿੰਦ ਉਤੇ,
ਬੱਸ ਰਿਹਾ ਪੰਜਾਬ ਸੀ ਬਾਕੀ ਇੱਕੋ ।
ਉਹਦੇ ਉਤੇ ਵੀ ਉਹਨਾਂ ਦੀ ਅੱਖ ਹੈਸੀ,
ਐਪਰ ਸ਼ੇਰਿ ਪੰਜਾਬ ਸੀ ਆਕੀ ਇੱਕੋ ।
ਉਹਦੇ ਮਗਰੋਂ ਫਰੰਗੀਆਂ ਜੰਗ ਛੇੜੀ,
ਲੈ ਕੇ ਵੱਡਾ ਹਥਿਆਰ ਚਲਾਕੀ ਇੱਕੋ ।
ਜੰਗ ਜਿੱਤ ਕੇ ਹਾਰੀਆਂ ਸਿੱਖ ਫੌਜਾਂ,
ਮਾਰ ਗਈ ਸੀ ਬੇ-ਇਤਫਾਕੀ-ਇੱਕੋ ।

'ਠਾਰਾਂ ਸੌ ਸੰਤਾਲੀ 'ਚ ਗੋਰਿਆਂ ਨੇ,
ਅੱਡਾ ਵਿਚ ਪੰਜਾਬ ਜਮਾ ਲਿਆ ਸੀ ।
'ਠਾਰਾਂ ਸੌ ਉਣਿੰਜਾ' ਵਿਚ ਕਰ ਕਬਜ਼ਾ,
ਕੁੱਲ ਭਾਰਤ ਗ਼ੁਲਾਮ ਬਣਾ ਲਿਆ ਸੀ ।

'ਠਾਰਾ ਸੌ ਸਤਵੰਜਾ ਦੇ ਗ਼ਦਰ ਪਿਛੋਂ,
ਚੜ੍ਹ ਮੱਚੀ ਸੀ ਗੋਰੇ ਵਪਾਰੀਆਂ ਦੀ ।
ਉਹਨਾਂ ਕੀਤੀਆਂ ਸਖਤੀਆਂ ਹਿੰਦ ਅੰਦਰ,
ਜਾਨ ਫਾਹੀ ਸੀ ਦੇਸ਼ ਪੁਜਾਰੀਆਂ ਦੀ ।
ਬਾਬਾ ਰਾਮ ਸਿੰਘ ਨੇ ਓਦੋਂ ਬਣ ਆਗੂ,
ਪੈਦਾ ਲਹਿਰ ਕੀਤੀ ਨਾਮਧਾਰੀਆਂ ਦੀ ।

ਇੰਗਲਿਸ਼ ਵਸਤੂਆਂ ਦਾ ਬਾਈਕਾਟ ਕਰਕੇ,
ਕੀਤੀ ਕਦਰ ਦੇਸੀ ਚੀਜ਼ਾਂ ਸਾਰੀਆਂ ਦੀ ।
ਨਵੀਂ ਲੀਹ ਚਲਾਈ ਪ੍ਰਚਾਰ ਕਰਕੇ,
ਨਾਅਰੇ ਦੇਸ਼-ਆਜ਼ਾਦੀ ਦੇ ਲਾਏ ਗਏ ਸਨ ।
ਐਪਰ ਦੋਸ਼ ਬਗ਼ਾਵਤ ਦਾ ਲਾ ਕੇ ਤੇ
ਨਾਲ ਤੋਪਾਂ ਦੇ "ਕੂਕੇ" ਉਡਾਏ ਗਏ ਸਨ ।
ਭਾਵੇਂ ਲਹਿਰ ਆਜ਼ਾਦੀ ਦੀ ਰੁਕੀ ਉਦੋਂ,
ਐਪਰ ਮੂਲੋਂ ਦਬਾਈ ਨਾ ਜਾ ਸੱਕੀ ।
ਦੱਬੀ ਗਈ ਚੰਗਿਆੜੀ, ਨਾ ਭੜਕ ਸੱਕੀ,
ਐਪਰ ਉੱਕੀ ਬੁਝਾਈ ਨਾ ਜਾ ਸੱਕੀ ।
ਜਰਿਆ ਵਿੱਚੇ ਵਿੱਚ ਗੁੱਸੇ ਨੂੰ ਖਾਲਸੇ ਨੇ,
ਐਪਰ ਅਣਖ ਮੁਕਾਈ ਨਾ ਜਾ ਸੱਕੀ ।
ਦੇਸ਼-ਭਗਤਾਂ ਤੋਂ, ਸਦਾ ਗ਼ੁਲਾਮ ਰਹਿਕੇ,
ਜ਼ਿੰਦਗੀ ਹੋਰ ਬਿਤਾਈ ਨਾ ਜਾ ਸੱਕੀ ।
ਨਿਕਲ ਗਿਆ ਅਜੀਤ ਸਿੰਘ ਦੇਸ਼ ਵਿਚੋਂ,
ਕਿਸੇ ਤਰ੍ਹਾਂ ਅਮਰੀਕਾ ਵਿਚ ਪੁੱਜਿਆ ਸੀ ।
ਬਾਬਾ ਸੋਹਣ ਸਿੰਘ ਭਕਨਾ ਦੇ ਨਾਲ ਮਿਲਕੇ,
ਹਰਦਮ ਵਿਚ ਪ੍ਰਚਾਰ ਦੇ ਰੁੱਝਿਆ ਸੀ ।
ਭਾਰਤ ਵਰਸ਼ ਆਜ਼ਾਦ ਕਰਾਉਣ ਖ਼ਾਤਰ,
ਗ਼ਦਰ ਪਾਰਟੀ ਓਥੇ ਬਣਾਈ ਗਈ ਸੀ ।
ਤਾਕਤ ਨਾਲ ਸੁਤੰਤਰਤਾ ਲਈ ਜਾਵੇ,
ਹਰ ਥਾ ਏਹੋ ਹੀ ਨੀਤੀ ਅਪਣਾਈ ਗਈ ਸੀ ।

ਲੰਡਨ ਵਿਚ ਦਸਮੇਸ਼ ਉਤਸੱਵ ਉਤੇ,
ਓਦੋਂ ਸਿੱਖੀ ਸਪਿਰਟ ਜਗਾਈ ਗਈ ਸੀ।
ਹਾਂਗ ਕਾਂਗ, ਕਨੈਡਾ ਤੇ ਯੂ. ਐਸ. ਏ.,
ਹਰ ਥਾਂ ਲਗਨ ਆਜ਼ਾਦੀ ਦੀ ਲਾਈ ਗਈ ਸੀ।
ਕੱਠੇ ਹੋ ਹੋ ਕੇ ਸਿੱਖ ਸੋਚਦੇ ਸਨ,
ਅਤੇ ਪੀਂਹਦੇ ਅੰਗਰੇਜ਼ ਤੇ ਦੰਦੀਆਂ ਸਨ।
ਅੰਤ ਜਾਣ ਲਈ ਗੁਰੂ-ਦੁਆਰਿਆਂ 'ਚ
ਲਾਈਆਂ ਸਿੱਖਾਂ ਤੇ ਗਈਆਂ ਪਾਬੰਦੀਆਂ ਸਨ।
ਤੜਫੀ ਆਤਮਾ ਬਾਬਾ ਗੁਰਦਿੱਤ ਸਿੰਘ ਦੀ,
ਉਹਨੇ ਆਖਿਆ ਉੱਚੀ ਆਵਾਜ਼ ਕਰਕੇ।
ਚੁਪ ਰਿਹਾਂ ਨਹੀਂ ਹਿੰਦ ਆਜ਼ਾਦ ਹੋਣਾਂ,
ਕੰਮ ਚੱਲਣਾ ਨਹੀਂ ਲਿਹਾਜ਼ ਕਰਕੇ,
ਹਿੰਦ ਆਣ ਦੀ ਉਹਨਾਂ ਸਲਾਹ ਕੀਤੀ,
ਨਾਲ ਦੇਸ਼ ਭਗਤਾਂ ਸਾਜ਼-ਬਾਜ਼ ਕਰਕੇ।
ਪਰ ਨਾ ਕਿਸੇ ਜਹਾਜ਼ ਨੇ ਥਾਂ ਦਿੱਤੀ,
ਬਹਿ ਗਏ ਚੁਪ ਕਰਕੇ, ਗੁੱਝਾ ਰਾਜ਼ ਕਰਕੇ।
ਅੰਤ ਵੇਚੀਆਂ ਉਹਨਾਂ ਨੇ ਜਾਇਦਾਦਾਂ,
ਮਿਲ ਕੇ ਵਤਨ ਲਈ ਸਾਰੇ ਤਿਆਰ ਹੋ ਗਏ।
ਇਕ ਜਾਪਾਨੀ ਜਹਾਜ਼ ਖਰੀਦ ਕੇ ਤੇ,
ਦੇਸ਼-ਭਗਤ ਸਭ ਵਿੱਚ ਸਵਾਰ ਹੋ ਗਏ।
ਓਧਰ ਤੁਰਿਆ "ਗੁਰੂ ਨਾਨਕ ਜਹਾਜ਼" ਆਖਰ,
ਲੈ ਕੇ ਤਿੰਨ ਸੌ ਛਿਹੱਤਰ ਸਵਾਰੀਆਂ ਨੂੰ।

ਏਧਰ ਜਾਰੀ ਹਦਾਇਤਾਂ ਹੋ ਗਈਆਂ,
ਖਾਸ ਖਾਸ ਪੋਲੀਸ-ਅਧਿਕਾਰੀਆਂ ਨੂੰ ।
"ਬਜ ਬਜ ਘਾਟ" ਕਲਕੱਤੇ ਜਹਾਜ਼ ਲੱਗਾ,
ਪਿੱਸੂ ਪਏ ਗੋਰੇ-ਕਰਮਚਾਰੀਆਂ ਨੂੰ ।
ਉਹਨਾਂ ਬਾਹਰ ਜਹਾਜ਼ 'ਚ ਕੱਢ ਕੇ ਤੇ,
ਘੇਰ ਲਿਆ ਸੀ ਦੇਸ਼-ਹਿਤਕਾਰੀਆਂ ਨੂੰ ।

ਕਿਸੇ ਪਾਸੇ ਨਾ ਉਹਨਾਂ ਨੂੰ ਜਾਣ ਦਿੱਤਾ,
ਮਾਰ ਮਾਰ ਕੇ ਗੋਲੀਆਂ ਭੁੰਨ ਦਿੱਤੇ ।
ਜਿਹੜੇ ਬਚ ਗਏ ਉਹ ਗ੍ਰਿਫਤਾਰ ਕਰਕੇ,
ਕਾਲ-ਕੋਠੀਆਂ 'ਚੋਂ ਉਹਨਾਂ ਤੂੰਨ ਦਿੱਤੇ।

ਗ਼ਦਰ ਪਾਰਟੀ ਦੇ ਖਾਸ ਖਾਸ ਮੈਂਬਰ,
ਬੱਚ ਫੇਰ ਵੀ ਕੁਝ ਨਾ ਕੁਝ ਗਏ ਸੀ ।
ਜਿਹੜੇ ਸਣੇ ਹੀ "ਬਾਬਾ ਗੁਰਦਿਤ ਸਿੰਘ" ਦੇ,
ਕਿਸੇ ਤਰ੍ਹਾਂ ਪੰਜਾਬ ਵਿਚ ਪੁੱਜ ਗਏ ਸੀ।
ਆਪੋ ਆਪਣੇ ਪਿੰਡਾਂ ਵਿਚ ਜਾ ਕੇ ਤੇ,
ਸਾਰੇ ਵਿਚ ਸਰਗਰਮੀਆਂ ਰੁੱਝ ਗਏ ਸੀ।
ਇਉਂ ਜੋਤਿ ਆਜ਼ਾਦੀ ਦੀ ਰਹੀ ਜਗਦੀ,
ਭਾਵੇਂ ਦੀਪ ਕਈ ਘਰਾਂ ਦੇ ਬੁੱਝ ਗਏ ਸੀ।

ਨਾਲੇ ਉੱਨੀ ਸੌ ਚੌਦਾਂ ਦੀ ਜੰਗ ਮਗਰੋਂ,
ਗੋਰੇ ਕੀਤੇ ਇਕਰਾਰਾਂ ਤੋਂ ਮੁੱਕਰੇ ਸਨ ।
ਇਸ ਲਈ ਗੁੱਸੇ ਤੇ ਰੋਹ ਦੇ ਓਸ ਵੇਲੇ,
ਨਕਸ਼ੇ ਲੋਕਾਂ ਦੇ ਦਿਲਾਂ ਤੇ ਉੱਕਰੇ ਸਨ।

ਨੌਜਵਾਨ "ਸਰਾਭਾ ਕਰਤਾਰ ਸਿੰਘ" ਨੇ,
ਓਦੋਂ ਬੰਬ ਬਣਾਉਣ ਦਾ ਯਤਨ ਕੀਤਾ ।
ਕੱਠੇ ਕਰ ਕਰ ਕੇ ਇਨਕਲਾਬੀਆਂ ਨੂੰ,
ਉਹਨੇ ਗ਼ਦਰ ਮਚਾਉਣ ਦਾ ਯਤਨ ਕੀਤਾ,
ਉਹਨੇ ਮਿਲ ਕੇ ਫੌਜ ਦੇ ਦਸਤਿਆਂ 'ਚ
ਇਨਕਲਾਬ ਲਿਆਉਣ ਦਾ ਯਤਨ ਕੀਤਾ
ਗੋਰਾ-ਸ਼ਾਹੀ ਦਾ ਹਿੰਦੁਸਤਾਨ ਵਿਚੋਂ,
ਉਹਨੇ ਤਖਤ ਉਲਟਾਉਣ ਦਾ ਯਤਨ ਕੀਤਾ ।

ਖੁੱਲ੍ਹਾ ਭੇਤ ਬਗ਼ਾਵਤ ਨਾ ਹੋ ਸਕੀ,
ਸਮਾਂ ਖੁੰਝਿਆਂ, ਧੋਣੇ ਨਾ ਧੋ ਸਕਿਆ ।
ਫੜਿਆ ਗਿਆ ਸਮੇਤ ਉਹ ਸਾਥੀਆਂ ਦੇ,
ਰਹੀ ਮਨ ਵਿਚ, ਸਫਲ ਨਾ ਹੋ ਸਕਿਆ ।

ਜਿਹਲਾਂ ਵਿਚ ਸਰਕਾਰ ਨੇ ਡੱਕ ਦਿੱਤੇ,
ਨਾ ਮੁਕੱਦਮਾ, ਨਾ ਹੀ ਵਕੀਲ ਕੋਈ ।
ਹਰ ਇੱਕ ਸ਼ੱਕੀ ਨੂੰ ਏਨਾ ਸੀ ਤੰਗ ਕੀਤਾ,
ਹੋ ਸਕਿਆ ਜਿੰਨਾ ਜ਼ਲੀਲ ਕੋਈ ।
ਕੁਝ ਕਾਨੂੰਨ ਸਪੈਸ਼ਲ ਬਣਾ ਦਿੱਤੇ,
ਜਿਨ੍ਹਾਂ ਅੱਗੇ ਨਾ ਚੱਲੀ ਦਲੀਲ ਕੋਈ ।
"ਕਾਲੇ ਪਾਣੀ" ਜਾਂ ਮੌਤ ਸਜ਼ਾ ਦਿੱਤੀ,
ਸੁਣੀ ਗਈ ਨਾ ਓਦੋਂ ਅਪੀਲ ਕੋਈ ।

ਕਈ ਦੇਸ਼ ਵਿਚੋਂ ਜਲਾਵਤਨ ਹੋਏ,
ਫਾਂਸੀ ਚੜ੍ਹੇ ਤੇ ਖਾਧੀਆਂ ਗੋਲੀਆਂ ਸਨ ।

ਉਮਰ ਕੈਦ ਕੱਟੀ ਕਾਲੇ ਪਾਣੀਆਂ ਦੀ,
ਜਾਨਾਂ ਦੇਸ਼ ਤੋਂ ਵਾਰੀਆਂ ਘੋਲੀਆਂ ਸਨ।
ਓਦੋਂ ਜਹੇ ਕੁਝ ਫੌਜ 'ਚ ਆਏ ਸਿੱਖਾਂ,
ਤੇ ਦੁਆਬੇ ਦੇ ਕੁਝ ਹਠੀਲਿਆ ਨੇ।
ਲਹਿਰ "ਬੱਬਰ ਅਕਾਲੀ" ਚਲਾ ਕੇ ਤੇ,
ਸੋਧੇ ਕਈ ਗ਼ੱਦਾਰ ਜੋਸ਼ੀਲਿਆਂ ਨੇ।
ਲਾਈ ਰੱਖੀ ਅੰਗਰੇਜ਼ ਦੇ ਨਾਲ ਟੱਕਰ,
ਮਿਲ ਕੇ ਨੌਜਵਾਨਾਂ ਕਈ ਰੰਗੀਲਿਆਂ ਨੇ।
ਏਦਾਂ ਵਖਤ ਅੰਗਰੇਜ਼ ਨੂੰ ਪਾ ਛੱਡਿਆ,
ਕੁਝ ਪੰਜਾਬ ਦੇ ਸਿੰਘਾਂ ਅਣਖੀਲਿਆਂ ਨੇ।
ਐਪਰ, ਫੁੱਟ ਨੇ ਐਸਾ ਬਰਬਾਦ ਕੀਤਾ,
ਕਿਸਮਤ ਹਿੰਦ ਦੀ ਸੜੀ ਦੀ ਸੜੀ ਰਹਿ ਗਈ।
ਦਿਲਾਂ ਵਿਚ ਆਜ਼ਾਦੀ ਦੀ ਰੂਪ-ਰੇਖਾ,
ਓਸੇ ਤਰ੍ਹਾਂ ਹੀ ਘੜੀ ਦੀ ਘੜੀ ਰਹਿ ਗਈ।
ਏਥੇ ਬੱਸ ਨਹੀਂ ਪਰਜਾ ਤੇ ਗੋਰਿਆਂ ਨੇ,
ਹੋਰ ਸਖਤੀ ਦੇ ਤੇਜ਼ ਹਥਿਆਰ ਕੀਤੇ।
ਦੇ ਕੇ ਸ਼ਹਿ ਮਹੰਤਾਂ ਪੁਜਾਰੀਆਂ ਨੂੰ,
ਜ਼ੁਲਮ ਸਿੱਖਾਂ ਤੇ ਬੇ-ਸ਼ੁਮਾਰ ਕੀਤੇ।
ਢਾਹੀ ਕੰਧ ਗੁਰਦੁਆਰਾ 'ਰਕਾਬ ਗੰਜ' ਦੀ,
ਸਿੱਖ ਧਰਮ ਉਤੇ, ਸਿੱਧੇ ਵਾਰ ਕੀਤੇ।
"ਜਲ੍ਹਿਆਂ ਵਾਲੇ" 'ਚ ਗੋਲੀ ਚਲਾ ਕੇ ਤੇ,
ਦਿਲ ਖੋਲ੍ਹ ਕੇ ਤੇ ਅਤਿਆਚਾਰ ਕੀਤੇ।

ਆਈ ਜਾਗਰਤੀ ਉਠਿਆ ਦੇਸ਼ ਸੁੱਤਾ,
ਹਰ ਥਾਂ ਦੇਸ਼-ਆਜ਼ਾਦੀ ਦੀ ਲਹਿਰ ਚੱਲੀ ।
ਓਦੋਂ "ਲਹਿਰ ਅਕਾਲੀ" ਦੇ ਨਾ ਥੱਲੇ,
"ਗੁਰਦੁਆਰਾ-ਸੁਧਾਰ" ਦੀ ਲਹਿਰ ਚੱਲੀ ।
ਨਾ-ਮਿਲਵਰਤਨ ਦੀ "ਗਾਂਧੀ" ਨੇ ਲਹਿਰ ਤੋਰੀ,
ਉਹਦਾ ਨਾਅਰਾ ਸੀ ਪਹਿਲਾਂ ਅਪਣਾਇਆ ਸਿੱਖਾਂ ।
ਹਿੱਸਾ ਉਹਦੇ 'ਚ ਲਿਆ ਅਕਾਲੀਆਂ ਨੇ,
ਇਉਂ ਉਹਨੂੰ ਸੀ ਸਫਲ ਬਣਾਇਆ ਸਿੱਖਾਂ ।
ਜੈਤੋ ਵਿਚ ਤੇ ਗੁਰੂ ਕੇ ਬਾਗ ਅੰਦਰ,
ਜੱਥੇ ਭੇਜ ਕੇ ਮੋਰਚਾ ਲਾਇਆ ਸਿੱਖਾਂ ।
ਖਾ ਕੇ ਡਾਂਗਾਂ ਤੇ ਗੋਲੀਆਂ ਬਿੱਲਿਆਂ ਨੂੰ,
ਸ਼ਾਂਤਮਈ ਦੇ ਨਾਲ ਝੁਕਾਇਆ ਸਿੱਖਾਂ ।
"ਖੜਕ ਸਿੰਘ ਬਾਬਾ" ਰਿਹਾ ਖੜਕਦਾ ਸੀ,
ਹੱਕਾਂ ਲਈ ਉਹ ਸਦਾ ਹੀ ਘੁਲਿਆ ਸੀ ।
"ਤਾਰਾ ਸਿੰਘ ਮਾਸਟਰ" ਲਾਏ ਮੋਰਚੇ ਸੀ,
ਜਿਹਲਾਂ ਵਿਚ ਨਿੱਡਰ ਉਹ ਰੁਲਿਆ ਸੀ ।
ਗੁਰਦੁਆਰੇ ਆਜ਼ਾਦ ਕਰਾਉਣ ਖਾਤਰ
ਜਿੱਥੇ ਸਿੱਖਾਂ ਕੁਰਬਾਨੀਆਂ ਕੀਤੀਆਂ ਸਨ ।
ਓਥੇ ਦੇਸ਼ ਆਜ਼ਾਦੀ ਸੰਗਰਾਮ ਅੰਦਰ,
ਉਹਨਾਂ ਅਰਪਣ ਜਵਾਨੀਆਂ ਕੀਤੀਆਂ ਸਨ ।
ਕੀਤੀ ਘੱਟ ਨਾ ਬਾਬਿਆਂ ਦੇਸ਼-ਭਗਤਾਂ,
ਗ਼ਦਰੀ-ਜੰਗਾਂ ਐਲਾਨੀਆਂ ਕੀਤੀਆਂ ਸਨ ।

ਖ਼ਤਮ ਕਰਨ ਲਈ ਰਾਜ ਫਰੰਗੀਆਂ ਦਾ,
ਪੈਦਾ ਉਹਨਾਂ ਨਿਸ਼ਾਨੀਆਂ ਕੀਤੀਆਂ ਸਨ ।
ਝੋਲੀ-ਚੁੱਕਾਂ ਤੇ ਪਿੱਠੂਆਂ ਨਾਲ ਮਿਲ ਕੇ,
ਨਾਲ ਪਾਲਿਸੀ ਗਏ ਅੰਗ੍ਰੇਜ਼ ਬਚਦੇ ।
ਮਹਾਂਰਾਜਿਆਂ ਅਤੇ ਜਾਗਰੀਦਾਰਾਂ,
ਨਾਲ ਮਿਲਕੇ ਰਹੇ ਅੰਗ੍ਰੇਜ਼ ਬਚਦੇ ।
ਭਗਤ ਸਿੰਘ ਗ਼ੁਲਾਮ ਨਾ ਰਹਿ ਸਕਿਆ,
ਕੀਤਾ ਬੜਾ ਅੰਗ੍ਰੇਜ਼ ਨੂੰ ਜਿੱਚ ਉਹਨੇ ।
ਨਾਅਰਾ ਇਨਕਲਾਬ ਦਾ ਲਾ ਕੇ ਤੇ,
ਰੱਸਾ ਫਾਂਸੀ ਦਾ ਸਮਝਿਆ ਟਿੱਚ ਉਹਨੇ ।
ਜਲਿਆਂ ਵਾਲੇ ਵਿਚ ਵੇਖ ਸ਼ਹਾਦਤਾਂ ਨੂੰ,
"ਊਧਮ ਸਿੰਘ" ਰੋਇਆ ਖਾਧੀ ਖਿੱਚ ਉਹਨੇ ।
ਬਦਲਾ ਲਿਆ ਭਰਾਵਾਂ ਦਾ ਡਾਇਰ ਕੋਲੋਂ,
ਆਪ ਜਾ ਵਲਾਇਤ ਦੇ ਵਿੱਚ ਉਹਨੇ ।
ਤੇਰਾਂ ਸੌ ਸਨ ਕੁੱਲ ਸ਼ਹੀਦ ਹੋਏ,
ਜਲ੍ਹਿਆਂ ਵਾਲੇ ਦੇ ਬਾਗ਼ ਵਿਚ ਥਾ ਤੇ ਹੀ ।
ਸੱਤ ਸੌ ਉਣੱਤਰ ਦੀ ਉਹਨਾਂ ਵਿੱਚੋਂ,
ਗਿਣਤੀ ਹੋਈ ਸੀ ਸਿੱਖਾਂ ਦੇ ਨਾ ਤੇ ਹੀ ।
ਇੱਕ ਸੌ ਤੇ ਇੱਕੀ ਸਨ ਕੁੱਲ ਬੰਦੇ,
ਜਿਹੜੇ ਫਾਂਸੀ ਦੇ ਉਤੇ ਲਟਕਾਏ ਗਏ ਸਨ ।
ਉਹਨਾ ਵਿਚ ਅਠਾਈ ਸਨ ਕੁੱਲ ਹਿੰਦੂ,
ਬਾਕੀ ਤਿਰਾਨਵੇਂ ਸਿੱਖ ਗਿਣਾਏ ਗਏ ਸਨ ।

ਛੱਬੀ ਸੌ ਤੇ ਚੌਂਹਠ ਸਨ ਜਿਨ੍ਹਾਂ ਤਾਈਂ,
ਦੇਸ਼ ਨਿਕਾਲੇ ਦੇ ਹੁਕਮ ਸੁਣਾਏ ਗਏ ਸਨ।
ਇੱਕੀ ਸੌ ਸੰਤਾਲੀ ਤਾਂ ਸਿੱਖ ਹੀ ਸਨ,
ਜਲਾਵਤਨ ਜੋ ਓਦੋਂ ਕਰਾਏ ਗਏ ਸਨ।

ਹਾਂਗਕਾਂਗ, ਮਲਾਇਆ, ਆਸਾਮ, ਬਰਮਾ,
ਹਰ ਥਾਂ ਸਿੱਖਾਂ ਨੇ, ਜ਼ਿੰਦਗੀ ਦਾਨ ਕੀਤੀ।
ਜੱਥੇਬੰਦ ਆਜ਼ਾਦ ਹਿੰਦ ਫੌਜ ਕਰਕੇ,
ਜਨਰਲ ਮੋਹਨ ਸਿੰਘ ਆਪ ਕਮਾਨ ਕੀਤੀ।

ਸੰਨ ਸੰਤਾਲੀ ਵਿਚ ਪਈ ਜੋ ਸੱਟ ਵੱਡੀ,
ਉਹ ਵੀ ਹੱਸ ਕੇ ਸਿਰਾਂ ਤੇ ਜਰੀ ਸਿੱਖਾਂ।
"ਹੋਣਾ ਹਿੰਦ ਤੋਂ ਵੱਖ ਨਹੀਂ 'ਪਾਕ' ਵਾਂਗੂੰ",
ਕਹੀ ਗੱਲ ਅੰਗਰੇਜ਼ ਨੂੰ ਖਰੀ ਸਿੱਖਾਂ।
ਧਨ, ਮਕਾਨ, ਜ਼ਮੀਨਾਂ, ਗੁਰਧਾਮ ਖੁੱਸੇ,
ਜਾਨ ਦੇਸ਼ ਲਈ ਤਲੀ ਤੇ ਧਰੀ ਸਿੱਖਾਂ।
ਏਦਾਂ ਕਿਸ਼ਤ ਅਖੀਰਲੀ ਤਾਰਕੇ ਤੇ,
ਕੀਮਤ ਕੁੱਲ ਆਜ਼ਾਦੀ ਦੀ ਭਰੀ ਸਿੱਖਾਂ।

ਪੋਠੋਹਾਰ, ਹਜ਼ਾਰਾ, ਪਸ਼ੌਰ ਉਤੇ,
ਝੱਖੜ ਏਨਾ ਬਰਬਾਦੀ ਦਾ ਝੁੱਲਿਆ ਸੀ।
ਡੁੱਲ੍ਹਾ ਓਧਰ ਸ਼ਹੀਦਾਂ ਦਾ ਖ਼ੂੰਨ ਪਹਿਲਾਂ,
ਝੰਡਾ ਫੇਰ ਆਜ਼ਾਦੀ ਦਾ ਝੁੱਲਿਆ ਸੀ।

ਇਹ ਵੀ ਸ਼ੱਕ ਨਹੀਂ ਕਿ ਹਿੰਦੁਸਤਾਨੀਆਂ 'ਚੋਂ
ਕੀਤੀ ਵੱਧ ਕੁਰਬਾਨੀ ਪੰਜਾਬੀਆਂ ਨੇ।

ਤਾਂ ਵੀ ਵਧ ਕੇ ਕੁੱਲ ਪੰਜਾਬੀਆਂ 'ਚੋਂ,
ਘਾਲੀ ਘਾਲ ਸਿੱਖਾਂ ਇਲਕਲਾਬੀਆਂ ਨੇ ।
ਸੁੱਤੇ ਹਿੰਦ ਨੂੰ ਝੂਣ ਜਗਾ ਦਿੱਤਾ,
ਆ ਮਝੈਲਾਂ, ਮਲਵਈਆਂ ਦੁਆਬੀਆਂ ਨੇ ।
ਦੇਸ਼ ਖਾਤਰ ਸ਼ਹੀਦੀਆਂ ਪਾ ਲਈਆਂ,
ਤਦੇ ਕਦਮ ਚੁੰਮੇ ਕਾਮਯਾਬੀਆਂ ਨੇ ।

ਆਖਰਕਾਰ ਕੁਰਬਾਨੀ ਸੀ ਰੰਗ ਲਾਈ,
ਕੀਤਾ ਹਿੰਦ ਆਜ਼ਾਦ ਸੰਗਰਾਮੀਆਂ ਸੀ ।
ਪੂਰਾ ਜਾਂਦਾ ਪੰਜਾਬ ਬਚਾਅ ਅੱਧਾ
ਉਹਨਾ ਖੱਟ ਲਈਆਂ ਨੇਕ-ਨਾਮੀਆਂ ਸੀ ।

ਹਿੱਸਾ ਪਾਇਆ ਹੈ ਸਿੱਖਾਂ ਨੇ ਵੱਧ ਕੇ ਤੇ,
ਲੰਮੀ ਦੇਸ਼-ਆਜ਼ਾਦੀ ਦੀ ਜੰਗ ਅੰਦਰ ।
ਲੜਦੇ ਰਹੇ ਨੇ ਦੇਸ਼ ਵਿਦੇਸ਼ ਅੰਦਰ
ਸਾਰੇ ਆਪਣੇ ਆਪਣੇ ਰੰਗ ਅੰਦਰ ।
ਸਿੱਖਾਂ ਜਹੀ ਨਹੀਂ ਕਿਤੇ ਮਿਸਾਲ ਮਿਲਦੀ,
ਜੰਗ-ਇਤਿਹਾਸ ਦੇ ਕਿਸੇ ਪਰਸੰਗ ਅੰਦਰ ।
ਸਭ ਤੋਂ ਵੱਧ ਕੁਰਬਾਨੀ ਹੈ ਰਚੀ ਹੋਈ,
ਸਿੱਖਾਂ-ਸੂਰਿਆਂ ਦੇ ਅੰਗ ਅੰਗ ਅੰਦਰ ।

ਵਿਰਸਾ ਜਿਨ੍ਹਾਂ ਨੂੰ ਮਿਲਿਆ ਸ਼ਹਾਦਤਾਂ ਦਾ,
ਇਨਕਲਾਬ ਦੇ ਉਹ ਜੰਮੇ ਜਾਏ ਨੇ ਸਿੱਖ ।
ਕਿਸੇ ਪੱਖੋਂ ਵੀ 'ਕੋਮਲ' ਜੀ ਪਰਖ ਵੇਖੋ,
ਹਰ ਮੈਦਾਨ ਵਿਚ ਅੱਗੇ ਹੀ ਆਏ ਨੇ ਸਿੱਖ ।

## ਆਜ਼ਾਦ ਭਾਰਤ ਦੀ ਰੱਖਿਆ ਲਈ ਸਿੱਖ-ਫੌਜਾਂ ਦੀ ਕੁਰਬਾਨੀ

(੧੯੪੭ ਈ: ਤੋਂ ੧੯੭੨ ਈ: ਤੱਕ)

ਭਾਰਤ ਵਰਸ਼ ਆਜ਼ਾਦ ਹੋ ਜਾਣ ਮਗਰੋਂ,
ਗੱਲ ਰਹੀ ਕੁਰਬਾਨੀ ਦੀ ਚੱਲਦੀ ਹੀ ।
ਸਿੱਖ ਕੌਮ ਅਜੇਹੀ ਰਵਾਇਤ ਵਾਲੀ,
ਦੁੱਖ ਦੇਸ਼ ਬਦਲੇ ਰਹੀ ਝੱਲਦੀ ਹੀ ।
ਹੈ ਇਤਿਹਾਸ ਗਵਾਹ,ਨਹੀਂ ਅੱਤ-ਕਥਨੀ,
ਨਾ ਮੈਂ ਗੱਲ ਕੀਤੀ, ਸਿੱਖਾਂ ਵੱਲ ਦੀ ਹੀ ।
ਸਭ ਤੋਂ ਪਹਿਲਾਂ ਕੁਰਬਾਨੀ ਕਰਨੈਲ ਸਿੰਘ ਨੇ,
ਕੀਤੀ 'ਗੋਆ' ਵਿਚ ਗੱਲ ਹੈ ਕੱਲ੍ਹ ਦੀ ਹੀ ।

ਫੇਰ ਉਨੀ ਸੌ ਬਾਹਠ ਵਿਚ ਚਾਣਚੱਕ ਹੀ,
ਹੱਲਾ ਕੀਤਾ ਸੀ ਹਿੰਦ ਤੇ ਚੀਨਿਆਂ ਨੇ ।
ਭਾਈ ਭਾਈ ਕਹਿ, ਬਣ ਵਿਸ਼ਵਾਸ਼-ਘਾਤੀ,
ਖੋਹੀਆਂ ਚੌਂਕੀਆਂ ਚੋਰੀ ਕਮੀਨਿਆਂ ਨੇ ।

ਸੂਬੇਦਾਰ ਜੋਗਿੰਦਰ ਸਿੰਘ ਵਿਚ ਨੀਫਾ,
ਓਦੋਂ ਕਈਆਂ ਦੇ ਸਾਹਮਣੇ ਡੱਟਿਆ ਸੀ ।
ਵਿੱਚ ਲੱਦਾਖ ਦੇ ਮੇਜਰ ਅਜੀਤ ਸਿੰਘ ਵੀ,
ਕਦਮ ਇਕ ਪਿਛਾਂਹ ਨਾ ਹੱਟਿਆ ਸੀ ।
ਉਹਨਾਂ ਸੂਰਿਆਂ ਨੇ ਸੂਰਾਂ-ਚੀਨਿਆਂ ਨੂੰ,
ਮਾਰ ਮਾਰ ਕੇ ਬਰਫਾਂ 'ਚ ਸੱਟਿਆ ਸੀ ।

ਆਖਰ ਆਪ ਵੀ ਦੋਵੇਂ ਸ਼ਹੀਦ ਹੋ ਗਏ,
ਨਾਵਾਂ ਵਿਚ ਸੰਸਾਰ ਦੇ ਖੱਟਿਆ ਸੀ ।
ਉਨੀ ਸੌ ਤੇ ਪੈਂਹਠ ਵਿਚ ਸਿੱਖ ਫੌਜੀ,
ਵਿੱਚ ਜੰਗ ਦੇ ਰਹੇ ਸੀ ਅੱਗੇ ਅੱਗੇ
ਪਾਕੀ ਫੌਜਾਂ ਦੇ ਮੋਰਚੇ ਤੋੜ ਕੇ ਤੇ,
ਸਦਾ ਲੰਘਦੇ ਰਹੇ ਸੀ ਅੱਗੇ ਅੱਗੇ ।
ਸੱਭੇ ਟੈਂਕ ਤੋੜੇ ਪਾਕਿਸਤਾਨੀਆਂ ਦੇ,
ਕੀਤੀ "ਸਿੰਘ ਭੁਪਿੰਦਰ" ਕਮਾਲ ਬਈ ਵਾਹ ।
ਟੈਂਕ ਹੋਰ ਇਕੱਤੀ ਬਰਬਾਦ ਕੀਤੇ,
ਮਿਲ ਕੇ ਆਪਣੇ ਫੌਜੀਆਂ ਨਾਲ ਬਈ ਵਾਹ ।
ਨਹੀਂ ਰੀਸ "ਦਿਆਲ ਰਣਜੀਤ ਸਿੰਘ" ਦੀ,
ਜਿਨ੍ਹੇ ਕੀਤੀ ਸੀ ਕਾਇਮ ਮਿਸਾਲ ਬਈ ਵਾਹ ।
'ਹਾਜੀ ਪੀਰ ਦੱਰਰਾ' ਉਹਨੇ ਜਿੱਤ ਕੇ ਤੇ,
ਸੂਰਮਗਤੀ ਸੀ ਦਿੱਤੀ ਵਿਖਾਲ ਬਈ ਵਾਹ ।
ਅਰਜਨ ਸਿੰਘ ਦੀ ਖਾਸ ਮਹਾਨਤਾ ਏ,
ਜਿਨ੍ਹੇ ਜਿੱਤਿਆ ਜੰਗੀ ਜਹਾਜ਼ਾਂ ਰਾਹੀਂ ।
ਪਾਕਿਸਤਾਨ ਦੇ ਕਈ ਰਾਡਾਰ ਤੋੜੇ,
ਉਹ ਸੀ ਸਫ਼ਲ ਹੋਇਆ ਹਵਾ-ਬਾਜ਼ਾਂ ਰਾਹੀਂ ।
ਉਨੀ ਸੌ ਇਕੱਤ੍ਹਰ ਦੇ ਅੰਤ ਉਤੇ,
ਹੱਲਾ ਫੇਰ ਕੀਤਾ ਪਾਕਿਸਤਾਨੀਆਂ ਸੀ ।
ਮੂਹ ਤੋੜਵਾਂ ਅੱਗੋਂ ਜਵਾਬ ਦਿੱਤਾ ।
ਸਾਡੇ ਸੂਰਬੀਰਾਂ ਹਿੰਦੁਸਤਾਨੀਆਂ ਸੀ ।

ਸਾਡੇ ਫੌਜੀ ਜਰਨੈਲ 'ਸਿਰਤਾਜ ਸਿੰਘ' ਨੇ,
ਪਾਈਆਂ ਦੁਸ਼ਮਣਾਂ ਵਿਚ ਵੈਰਾਨੀਆਂ ਸੀ ।
ਬੰਗਲਾ ਦੇਸ਼ ਆਜ਼ਾਦ ਕਰਾਉਣ ਬਦਲੇ,
ਘੱਟ ਕੀਤੀਆਂ ਨਹੀਂ ਕੁਰਬਾਨੀਆਂ ਸੀ ।

ਆਖਰ ਜਨਰਲ ਅਰੋੜਾ 'ਜਗਜੀਤ ਸਿੰਘ' ਨੇ,
ਕਰ ਅਮਰੀਕੀ ਹਥਿਆਰ ਬੇ-ਕਾਰ ਸੁੱਟੇ ।
ਜਿਹੜੇ ਬਚੇ, ਨਿਆਜ਼ੀ ਨੇ ਸਣੇ ਫੌਜਾਂ,
ਹੱਥੀਂ ਆਪਣੀ ਲਿਆ ਹਥਿਆਰ ਸੁੱਟੇ ।

ਸਿੱਖ ਸੂਰੇ ਨੇ ਬਚਨਾਂ ਦੇ ਬਲੀ ਪੂਰੇ,
ਇਹਨਾਂ ਸਿਰ ਦੇ ਕੇ ਪੂਰੇ ਕੌਲ ਕੀਤੇ ।
ਹੱਸ ਕੇ ਕਿਹਾ ਮੁਸੀਬਤ ਨੂੰ ਜੀ ਆਇਆ,
ਰੱਜ ਕੇ ਮੌਤ ਨੂੰ ਇਹਨਾਂ ਮਖੌਲ ਕੀਤੇ ।
ਆਕੜਖਾਨ ਜੋ ਅੜੇ, ਉਹ ਝਾੜ ਸੁੱਟੇ,
ਡੀਲ ਡੌਲ ਵਾਲੇ ਵੀ ਬੇ-ਡੌਲ ਕੀਤੇ ।
ਲੋੜ ਪਈ ਜਦ ਦੇਸ਼ ਨੂੰ ਜੰਗ ਅੰਦਰ,
ਇਹਨਾਂ-ਦੁਸ਼ਮਣਾਂ ਦੇ ਚਿੱਟੇ ਚੌਲ ਕੀਤੇ ।

ਇਹ ਨੇ 'ਕੋਮਲ' ਫੌਲਾਦੀ ਜੋ ਦੇਸ਼ ਬਦਲੇ,
ਸਦਾ ਰਹੇ ਅੜਦੇ, ਅੜਦੇ ਰਹਿਣਗੇ ਵੀ ।
ਮੁੱਕਦੀ ਗੱਲ ਕਿ ਹਿੰਦ ਦੀ ਰੱਖਿਆ ਲਈ,
ਸਦਾ ਰਹੇ ਲੜਦੇ, ਲੜਦੇ ਰਹਿਣਗੇ ਵੀ ।

## ਭਾਗ ਛੇਵਾਂ

# ਖਾਲਸੇ ਦਾ ਗੌਰਵ

ਮਾਣ, ਸ਼ਾਨ ਤੇ ਅਣਖ, ਜ਼ਮੀਰ ਆਪਣੀ,
ਸਿੱਖ ਕੌਮ ਨਹੀਂ ਨੀਵਿਆਂ ਕਰ ਸਕਦੀ ।
ਮਰ ਸਕਦੇ ਨੇ ਲੱਖਾਂ ਹੀ ਸਿੱਖ 'ਕੋਮਲ'
ਐਪਰ ਸਿੱਖੀ ਨਹੀਂ ਕਦੇ ਵੀ ਮਰ ਸਕਦੀ ।

## ਕੇਸਰੀ ਝੰਡਾ

ਝੰਡਾ ਕੇਸਰੀ ਖ਼ਾਲਸੇ ਪੰਥ ਦਾ ਏ,
ਇਹ ਨਿਰਵੈਰ, ਦਰਦੀ ਸਾਂਝਾ ਸਾਰਿਆਂ ਦਾ ।
ਦੂਰੋਂ ਦੂਰੋਂ ਇਹ ਰਾਹੀਆਂ ਨੂੰ ਪਤਾ ਦਿੰਦੇ,
'ਮੈਂ ਨਿਸ਼ਾਨ ਹਾਂ ਗੁਰੂ-ਦੁਆਰਿਆਂ ਦਾ ।'
'ਆਓ ਗੁਰੂ ਕਾ ਲੰਗਰ ਤਿਆਰ ਏਥੇ',
ਮਤਲਬ ਹੁੰਦਾ ਹੈ ਇਦ੍ਹੇ ਇਸ਼ਾਰਿਆਂ ਦਾ ।
'ਬਣੋ ਮਰਦ ਤੇ ਅਣਖ ਦੇ ਨਾਲ ਜੀਵੋ',
ਇਹ ਸੰਕੇਤ ਹੈ ਇਦ੍ਹੇ ਹੁਲਾਰਿਆਂ ਦਾ ।
ਧੁਜਾ ਧਰਮ ਦਾ ਰਾਜਸੀ ਚਿੰਨ੍ਹ ਹੈ ਇਹ,
ਸ਼ਾਂਤੀ ਸ਼ਕਤੀ ਦਾ ਇਹੋ ਪ੍ਰਤੀਕ ਝੰਡਾ
ਇਹਦੀ ਖਾਤਰ ਦਸਮੇਸ਼ ਨੇ ਕੁਲ ਵਾਰੀ,
ਸੱਚ ਧਰਮ ਦਾ ਇਹੋ ਹੈ ਠੀਕ ਝੰਡਾ ।
ਇਹਦਾ ਫੱਰਰਾ ਹਵਾ ਦੇ ਨਾਲ ਮਿਲਕੇ,
ਫਰ ਫਰ ਮਾਰਦਾ ਜਦੋਂ ਫਰਾਟਿਆਂ ਨੂੰ ।
ਪਤਾ ਲਗਦੈ ਕਿਸਤਰ੍ਹਾਂ ਘਾਲ ਘਾਲੀ,
ਸਿੰਘਾਂ ਪੀ ਪੀ ਅੰਮ੍ਰਿਤੀ-ਬਾਟਿਆਂ ਨੂੰ
ਦੁਸ਼ਮਣ-ਦਲਾਂ ਦੇ ਦਿਲਾਂ ਵਿਚ ਪਾਏ ਘਾਟੇ,
ਪੈਣ ਦਿੱਤਾ ਨਾਂ ਦਿਲਾਂ ਵਿਚ ਘਾਟਿਆਂ ਨੂੰ
ਸਦਾ ਖ਼ਾਲਸੇ ਦੀ ਉੱਚੀ ਸ਼ਾਨ ਰੱਖੀ,
ਆਕੜ ਖ਼ਾਨਾਂ ਦੇ ਭੰਨ ਕੇ ਗਾਟਿਆਂ ਨੂੰ ।

ਧਰਮ ਨਾਲ ਸਿਆਸਤ ਦੀ ਸਾਂਝ ਦੱਸਣ,
ਦੋ ਕਿਰਪਾਨਾਂ,ਇਕ ਚੱਕਰ ਤੇ ਖੰਡਾ ਵੇਖੋ ।
ਖੱਟੇ ਰੰਗ ਦਾ ਸਿੱਖੀ ਸਪਿਰਟ ਵਾਲਾ,
ਚੜ੍ਹਦੀ ਕਲਾ ਵਾਲਾ ਉੱਚਾ ਝੰਡਾ ਵੇਖੋ ।

ਇਹਦੇ ਸ਼ਸਤਰਾਂ ਦੇ ਚਿੰਨ੍ਹ ਦੱਸਦੇ ਨੇ,
ਅਣਖੀ ਕੌਮ ਹੈ ਇਹ ਸ਼ਸ਼ਤਰ-ਧਾਰੀਆਂ ਦੀ ।
ਇਹਦੀ ਕੌਮ ਹੈ ਬੀਰਾਂ ਬਹਾਦਰਾਂ ਦੀ,
ਇਹਦੀ ਕੌਮ ਹੈ ਮੌਤ-ਖਿਡਾਰੀਆਂ ਦੀ ।
ਨੇਕੀ ਸੇਵਾ, ਕੁਰਬਾਨੀ ਹੈ ਕੋਲ ਜੀਹਦੇ,
ਇਹ ਉਹ ਕੌਮ ਹੈ ਪਰਉਪਕਾਰੀਆਂ ਦੀ ।
ਏਸ ਝੰਡੇ ਤੋਂ ਲੈ ਕੇ ਉਤਸ਼ਾਹ ਜਜ਼ਬਾ,
ਇਹਨਾਂ ਰੱਖੀ ਹੈ ਪੱਤ ਸਰਦਾਰੀਆਂ ਦੀ ।

ਇਹਦੇ ਪੈਰਾਂ ਦੇ ਵਿਚ ਅਰਦਾਸ ਕਰਕੇ,
ਪੈਂਦਾ ਜੂਝਣ ਦਾ ਚਿੱਤ ਵਿਚ ਚਾਅ ਹੁੰਦਾ ।
ਅਮਨ ਸਮੇਂ ਵੀ ਸਿੱਖਾਂ ਤੇ ਸੇਵਕਾਂ 'ਚ,
ਏਸ ਝੰਡੇ ਦਾ ਆਦਰ ਤੇ ਭਾਅ ਹੁੰਦਾ ।

ਇਹਦੇ ਹੇਠ ਆ ਕੇ ਬਹਿਣ ਵਾਲਿਆਂ ਦਾ,
ਕੁੱਲ ਆਪਣਾ ਜ਼ਮਾਨਾਂ ਏਂ ਹੋ ਜਾਂਦਾ ।
ਸ਼ਰਧਾ ਨਾਲ ਜੋ ਤੱਕੇ ਉਚਾਈ ਇਹਦੀ,
ਉੱਚਾ ਉਹਦਾ ਨਿਸ਼ਾਨਾ ਏਂ ਹੋ ਜਾਂਦਾ ।
ਇਹਨੂੰ ਝੂੰਮਦੇ ਹੋਏ ਨੂੰ ਵੇਖਦਾ ਜੋ,
ਮਸਤੀ ਵਿਚ ਮਸਤਾਨਾ ਏਂ ਹੋ ਜਾਂਦਾ ।

ਇਹਦੇ ਰੰਗਾਂ ਵਿਚ ਰੰਗਿਆ ਦਿਲ ਜਿਨ੍ਹੇ,
ਸਿਦਕੀ ਉਹੋ ਪਰਵਾਨਾ ਏ ਹੋ ਜਾਂਦਾ ।

ਧਰਮ-ਯੁੱਧਾਂ ਵਿੱਚ ਚੁੱਕ ਕੇ ਇਹ ਝੰਡਾ,
ਸਿੰਘ ਜ਼ਾਲਮ ਦੀ ਹਿੱਕ ਤੇ ਗੱਡਦੇ ਰਹੇ ।
ਕਈ ਜਿੱਤਦੇ, ਕਈ ਸ਼ਹੀਦ ਹੁੰਦੇ,
ਐਪਰ ਮਰ ਕੇ ਵੀ ਹੱਥੋਂ ਨਾਂ ਛੱਡਦੇ ਰਹੇ ।

ਸਿੱਧਾ ਝੰਡਾ ਇਹ ਪੱਕੇ ਵਿਸ਼ਵਾਸ ਵਾਲਾ,
ਜਿਨ੍ਹੇ ਚੁੱਕਿਆ ਪਾਈ ਵਡਿਆਈ ਉਹਨੇ ।
ਬੰਦਾ ਸਿੰਘ ਸੀ ਚੁੱਕ ਸਰਹੰਦ ਪੁੱਜਾ,
ਇੱਟ ਨਾਲ ਸੀ ਇੱਟ ਖੜਕਾਈ ਉਹਨੇ ।
ਬਾਬੇ ਦੀਪ ਸਿੰਘ ਨੇ ਫੜਿਆ ਇਹ ਝੰਡਾ,
ਸੀਸ ਬਿਨਾਂ ਲੜਕੇ ਫਤਹਿ ਪਾਈ ਉਹਨੇ
ਚੁੱਕਿਆ ਨਲਵੇ ਜਰਨੈਲ ਨੇ ਇਹ ਝੰਡਾ,
ਜਾ ਜਮਰੌਦ ਤੱਕ ਧਾਂਕ ਬਿਠਾਈ ਉਹਨੇ ।

ਜਿਦ੍ਹੇ ਹੱਥਾਂ ਵਿਚ ਹੋਇਗਾ ਇਹ ਝੰਡਾ,
ਅੱਗੇ ਆਣ ਕੇ ਝੁਕਣਗੇ ਗ਼ੈਰ ਉਹਦੇ ।
'ਕੋਮਲ' ਸਿਰ ਉਹਦਾ ਰਹਿਸੀ ਸਦਾ ਉੱਚਾ,
ਜਿੱਤ ਸਦਾ ਹੀ ਚੁੰਮੇਗੀ ਪੈਰ ਉਹਦੇ ।

## ਪਗੜੀ-ਦਸਤਾਰ

ਭਾਰਤ ਵਿੱਚ ਇੱਕ ਬਸਤਰ ਦਾ ਨਾਂ ਪਗੜੀ,
ਇੱਜ਼ਤ ਸਿੱਖ ਹਿੰਦੂ ਮੋਮਨ ਸੱਭ ਦੀ ਏ ।
ਪਰ ਪ੍ਰਤੱਖ ਹੈ ਕਿ ਕੇਸਾਂ ਵਾਲਿਆਂ ਨੂੰ,
ਸਭਨਾਂ ਕੌਮਾਂ ਤੋਂ ਵਧ ਕੇ ਫੱਬਦੀ ਏ ।

ਚਲਿਆ ਔਂਦਾ ਪਹਿਰਾਵਾ ਇਹ ਸਦੀਆਂ ਤੋਂ,
ਮੰਨਿਆ ਗਿਆ ਪੁਰਾਣਾ ਰਿਵਾਜ ਪਗੜੀ ।
ਦਾੜ੍ਹੀ ਮੁੱਛ ਨਿਸ਼ਾਨੀ ਜਿਉਂ ਮਰਦ ਦੀ ਏ,
ਤਿਵੇਂ ਹੁੰਦੀ ਹੈ ਸਿਰ ਦਾ ਤਾਜ ਪਗੜੀ ।

ਸਿਰ ਢੱਕਣ ਦਾ ਇਹ ਇੱਕ ਕੱਪੜਾ ਹੈ,
ਜਿਸਨੂੰ ਪੱਗ, ਸਾਫਾ ਜਾ ਦਸਤਾਰ ਕਹਿੰਦੇ ।
ਪਗੜੀ ਵੇਖ ਕੇ ਸਿੱਖ ਦੇ ਸਿਰ ਉਤੇ,
ਲੋਕ ਦੂਰੋਂ ਹੀ ਉਹਨੂੰ 'ਦਸਤਾਰ' ਕਹਿੰਦੇ ।

ਕਿਸੇ ਆਦਮੀ ਦੀ ਪਰਖ ਕਰਨ ਵੇਲੇ,
ਕੇਵਲ ਤਿੰਨ ਸਿਫਤਾਂ ਸਮਝਦਾਰ ਵਿੰਹਦੇ ।
ਸਭ ਤੋਂ ਪਹਿਲਾਂ ਨੇ ਉਹਦੀ ਦਸਤਾਰ ਵਿੰਹਦੇ,
ਫੇਰ ਉਹਦੀ ਗੁਫ਼ਤਾਰ, ਰਫ਼ਤਾਰ ਵਿੰਹਦੇ ।

'ਸਾਬਤ ਸੂਰਤ ਦਸਤਾਰ ਸਿਰਾਂ' ਲਿੱਖੀ,
ਗੁਰੂ ਗ੍ਰੰਥ ਵਿਚ ਮਹਿਮਾ ਦਸਤਾਰ ਦੀ ਏ ।
ਸਿੱਧੀ ਪੱਗ ਨੂੰ ਗੁਰਮੁਖੀ ਪੱਗ ਕਹਿੰਦੇ,
ਟੇਢੀ ਪੱਗ ਨਿਸ਼ਾਨੀ ਹੰਕਾਰ ਦੀ ਏ ।

ਕਲਗੀਧਰ ਨੇ ਕੇਸਾਂ ਦੀ ਰੱਖਿਆ ਲਈ,
ਸਾਨੂੰ ਗੁਰਮੁਖਾਂ ਵਾਲੀ ਦਸਤਾਰ ਦਿੱਤੀ ।
ਇਹ ਦਸਤਾਰ ਫਿਰ ਖ਼ਾਲਸੇ ਵਾਸਤੇ ਹੀ,
ਇਕ ਲਾਜ਼ਮੀ ਅੰਗ ਕਰਾਰ ਦਿੱਤੀ ।

ਪੰਥ ਹੁਕਮ ਦੇਵੇ ਤਾਂ ਇਹ ਢਹਿ ਸਕਦੀ,
ਨਹੀਂ ਤਾਂ ਢਹਿੰਦੀ ਨਹੀਂ ਕਦੇ ਸਰਦਾਰ ਦੀ ਪੱਗ।
ਸਿਰ ਕੱਟਿਆ ਜਾਏ ਤਾ ਲਹਿ ਸਕਦੀ,
ਨਹੀਂ ਤਾਂ ਲਹਿੰਦੀ ਨਹੀਂ ਕਦੇ ਸਰਦਾਰ ਦੀ ਪੱਗ।

ਸਿਰਾਂ ਨਾਲ ਸਰਦਾਰੀਆਂ ਹੁੰਦੀਆਂ ਨੇ,
ਸਿਰਾਂ ਨਾਲ ਹੀ ਪਗੜੀਆਂ ਰਹਿੰਦੀਆਂ ਨੇ ।
ਜਿਸ ਕੌਮ ਵਿਚੋਂ ਅਣਖ ਮੁੱਕ ਜਾਵੇ,
ਓਸ ਕੌਮ ਦੀਆਂ ਪੱਗਾਂ ਲਹਿੰਦੀਆਂ ਨੇ ।

ਸਿੱਖ-ਰਾਜ ਵਿਚ ਫੁੱਟ ਨੂੰ ਵੇਖ ਕੇ ਸੀ,
ਕਿਹਾ ਦਾਨਿਆਂ, 'ਕਰੋ ਇਲਾਜ ਯਾਰੋ।'
ਓਦੋਂ 'ਸ਼ਾਹ ਮੁਹੰਮਦ' ਨੇ ਲਿਖਿਆ ਸੀ,
'ਪੱਗਾਂ ਦਾੜ੍ਹੀਆਂ ਦੀ ਰੱਖੋ ਲਾਜ ਯਾਰੋ ।

ਚਾਹੇ ਕਿਸੇ ਗਰੀਬ ਦੀ ਪੱਗ ਹੋਵੇ,
ਚਾਹੇ, ਕਿਸੇ ਅਮੀਰ ਵਜ਼ੀਰ ਦੀ ਪੱਗ ।
ਇੱਕੋ ਜਿਹਾ ਹੈ ਅੱਦਬ ਸਤਿਕਾਰ ਸਭ ਦਾ,
ਚਾਹੇ ਗੁਰੂ ਦੀ ਤੇ ਚਾਹੇ ਪੀਰ ਦੀ ਪੱਗ ।

ਅਕਬਰ ਸ਼ਹਿਨਸ਼ਾਹ ਅੱਗੇ ਨਾ ਝੁਕੀ ਸੀ ਜੋ,
ਉਹ ਸੀ ਅਣਖੀ ਮਹਾਰਾਣਾ ਪ੍ਰਤਾਪ ਦੀ ਪੱਗ ।

ਪੁਰਾਤਨ ਸਿੰਘਾਂ ਜੋ ਅਣਖ ਦੀ ਪੱਗ ਬੱਧੀ,
ਕਿਤੇ ਵਿਰਲੀ ਹੀ ਅੱਜ ਕਲ੍ਹ ਜਾਪਦੀ ਪੱਗ ।
ਦੋਹਾਂ ਹੱਥਾਂ ਤੋਂ ਬਿਨਾਂ ਨਾ ਬੱਝਦੀ ਏ ।
ਦੋਹੀਂ ਹੱਥੀ ਨੇ ਸਿੰਘ ਸੰਭਾਲ ਕਰਦੇ,
ਕਿਤੇ ਪੱਗ ਨੂੰ ਦਾਗ ਨਾ ਲੱਗ ਜਾਵੇ,
ਰੱਖਿਆ ਇਹਦੀ ਤਲਵਾਰ ਦੇ ਨਾਲ ਕਰਦੇ ।
ਸਿੱਖ-ਮੱਤ ਵਿਚ ਬੀਰਾਂ ਤੇ ਦਾਨੀਆਂ ਨੂੰ,
ਸਿੱਖ ਭੇਟਾ ਜ਼ਰੂਰ ਦਸਤਾਰ ਕਰਦੇ ।
ਦੇਣਾ ਹੋਵੇ ਸਨਮਾਨ ਜਾਂ ਸਿਰੋਪਾਓ,
ਤਾਂ ਵੀ ਨਾਲ ਦਸਤਾਰ ਸਤਿਕਾਰ ਕਰਦੇ ।
ਪੱਗ-ਵੱਟ ਜਾਂ ਧਰਮ-ਭਰਾ ਬਣਦੇ,
ਜਿਹੜੇ ਆਪੋ ਵਿਚ ਪੱਗਾਂ ਵਟਾਉਂਦੇ ਨੇ ।
ਹੱਥ ਕਿਸੇ ਦੀ ਪੱਗ ਨੂੰ ਨਹੀਂ ਪਾਉਂਦੇ,
ਸਗੋਂ ਮਿਲ ਕੇ ਪੱਗਾਂ ਬਚਾਉਂਦੇ ਨੇ ।
ਨਿਰਾ ਸਿਰ ਦਾ ਹੀ ਕੱਪੜਾ ਨਹੀਂ ਪਗੜੀ,
ਇੱਜ਼ਤ, ਪੱਤ ਹੁੰਦਾ ਮਤਲਬ ਪੱਗ ਦਾ ਏ ।
ਇਹਦੇ ਬਿਨਾਂ ਇਨਸਾਨ ਦੀ ਸ਼ਾਨ ਕੋਈ ਨਾ,
ਇਹਦੇ ਬਿਨਾਂ ਉਹ ਬੰਦਾ ਨਾ ਲੱਗਦਾ ਏ ।
ਸਿਰ ਤੇ ਪਗੜੀ ਨਿਸ਼ਾਨੀ ਏਂ ਦਾਨਿਆਂ ਦੀ,
ਲਗਦਾ ਪਗੜੀ ਦੇ ਬਿਨਾਂ ਬਦਸ਼ਗਨ ਬੰਦਾ ।
ਕਿਸੇ ਥਾ ਵੀ ਸ਼ੋਭਾ ਨਹੀਂ ਪਾ ਸਕਦਾ,
ਐਵੇਂ ਫਿਰਨ ਵਾਲਾ ਸਿਰੋਂ ਨਗਨ ਬੰਦਾ ।

ਪਿੰਡਾਂ ਵਿੱਚ ਨੇ ਪੱਗ ਨੂੰ ਮਰਦ ਗਿਣਦੇ,
ਪੱਗ-ਬੰਨ੍ਹ ਬੰਦਾ ਇੱਜ਼ਤਦਾਰ ਹੁੰਦਾ ।
ਸਾਂਝੇ ਕੰਮਾਂ ਲਈ ਪਿੰਡਾਂ ਵਿਚ ਕਈ ਵਾਰੀ,
ਪੈਸਾ ਕੱਠਾ ਹੈ ਪੱਗਾਂ ਅਨੁਸਾਰ ਹੁੰਦਾ ।
ਬੱਚ ਜਾਵੇ ਜੇ ਕੋਈ ਬੇ-ਇੱਜ਼ਤੀ ਤੋਂ,
ਕਹਿੰਦੇ ਹੈਨ ਫਲਾਣੇ ਦੀ ਪੱਗ ਰਹਿ ਗਈ ।
ਪਾਣ-ਪੱਤ ਜੇ ਕਿਸੇ ਦੀ ਲਹਿ ਜਾਵੇ,
ਕਹਿੰਦੇ ਹੈਨ ਵਿਚਾਰੇ ਦੀ ਪੱਗ ਲਹਿ ਗਈ ।
ਸਿੱਖਾਂ ਨੌਕਰੀ ਲਈ ਪ੍ਰਦੇਸ਼ ਅੰਦਰ,
ਵੇਚੀ ਪੱਗ ਨਾ, ਰੱਖੀਂ ਸੰਭਾਲ ਕੇ ਤੇ ।
ਉਹਨਾਂ ਮੋਰਚਾ ਪੱਗ ਦਾ ਜਿੱਤਿਆ ਸੀ,
ਆਪਣੀ ਜਾਨ ਉਤੇ ਘਾਲਾਂ ਘਾਲ ਕੇ ਤੇ ।
ਪੱਗਾਂ ਵਾਲਿਆਂ ਨੂੰ ਕਦਰ ਪੱਗ ਦੀ ਏ,
ਉੱਚਾ ਰੁਤਬਾ ਹੈ ਇਸਦਾ ਜੱਗ ਉਤੇ ।
ਜਿਨ੍ਹੇ ਸਮਝਿਆ ਪੱਗ ਦਾ ਭੇਤ 'ਕੋਮਲ',
ਉਹਨੂੰ ਮਾਣ ਹੈ ਆਪਣੀ ਪੱਗ ਉਤੇ ।

ਗਿਆਨੀ ਸਰੂਪ ਸਿੰਘ ਕੜਿਆਣਾ * ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)
98150-03075

# ਖ਼ਾਲਸੇ ਦਾ ਹੋਲਾ

ਸਰਦੀ ਦੇ ਜਾਣ ਪਿੱਛੋਂ, ਸਦਾ ਹੈ ਬਸੰਤ ਆਉਂਦੀ,
ਫੇਰ ਨਿੱਘੀ ਰੁੱਤ ਆਉਂਦੀ, ਬਣਕੇ ਪਟੋਲਾ ਏ ।
ਹੋਲੀਆਂ ਦੀ ਏਸ ਰੁੱਤੇ, ਖੁਸ਼ੀਆਂ ਮਨਾਏ ਦੇਸ਼,
ਉੱਡਦਾ ਗੁਲਾਲ ਲਾਲ, ਰੰਗਾਂ ਦਾ ਵਰੋਲਾ ਹੈ ।
ਘੋਲ ਘੋਲ ਰੰਗ ਇੱਕ ਦੂਜੇ ਉਤੇ ਸੁੱਟਦੇ ਨੇ,
ਆਉਂਦੀ ਇੱਕ ਢਾਣੀ ਅਤੇ ਜਾਂਦਾ ਇੱਕ ਟੋਲਾ ਏ ।
ਪਰ ਹੋਲੀ ਉਹਦੀ, ਜਿਹਦੇ ਕੋਲ ਪਤੀ-ਪ੍ਰਭੂ ਹੋਵੇ,
ਉਹਦੀ ਕਾਹਦੀ ਹੋਲੀ, ਜਿਦ੍ਹਾ ਘਰ 'ਚ ਨਾ ਢੋਲਾ ਏ।

ਮਿਲਣੈ ਪ੍ਰਭੂ ਨੂੰ ਤਾਂ ਰੰਗ ਲਈਏ ਆਤਮਾਂ ਨੂੰ,
ਸਿੱਖੀ-ਰੰਗ ਰੱਤਾ ਗੂੜ੍ਹਾ ਰੰਗ ਹੀ ਵਿਚੋਲਾ ਏ ।
ਚੜ੍ਹੇ ਜਿਨ੍ਹੂੰ ਰੰਗ ਐਸਾ, ਰੰਗ ਦੀ ਨਾ ਖੇਡੇ ਹੋਲੀ,
ਖੇਡਦਾ ਉਹ ਦੇਸ਼ ਲਈ, ਖ਼ੂਨ ਨਾਲ ਹੋਲਾ ਹੈ ।

'ਹੋਲਕਾ ਸੀ ਭੂਆ ਸ੍ਰੀ ਭਗਤ ਪ੍ਰਹਿਲਾਦ ਜੀ ਦੀ,,
ਮੰਨਿਆ ਇਹ ਨਾਂ ਸੀ, ਹਰਨਾਕਸ਼ ਦੀ ਭੈਣ ਦਾ ।
ਹੋਲਕਾ ਨੂੰ ਵਰ ਸੀ ਕਿ ਅੱਗ ਉਹਨੂੰ ਸਾੜੇ ਨਾ,
ਏਸੇ ਲਈ ਭੁੱਲਾ ਉਹਨੂੰ ਨਾਮ ਸੀ ਨਾਰੈਣ ਦਾ ।
ਗੋਦ ਲੈ ਭਤੀਜੇ ਨੂੰ ਉਹ ਅੱਗ ਵਿਚ ਬੈਠ ਗਈ,
ਜ਼ਾਲਮ ਭਰਾ ਦੇ ਆਖੇ, ਰੂਪ ਧਾਰ ਡੈਣ ਦਾ ।
ਬਚ ਗਿਆ ਭਗਤ ਪਰ, ਹੋਲਕਾ ਸੁਆਹ ਹੋਈ,
ਅੱਗ 'ਚੋਂ ਸੀ ਵਰ ਜਿਹਨੂੰ ਸਦਾ ਬਚੇ ਰਹਿਣ ਦਾ ।

ਉਦੋਂ 'ਤੋ ਹੀ ਹੋਲੀ ਬਣੀ, ਰਸਮ ਇੱਕ ਹਿੰਦੂਆਂ ਦੀ,
ਦੱਸੇ ਇਤਿਹਾਸ ਪਿਆ, ਇਹਦੇ 'ਚ ਨਾ ਓਹਲਾ ਹੈ।
ਕ੍ਰਿਸ਼ਨ ਮੁਰਾਰ ਨੇ ਸੀ ਖੇਡੀ ਹੋਲੀ 'ਬ੍ਰਿਜ' ਵਿੱਚ,
ਖੇਡਿਆ 'ਗੋਬਿੰਦ' ਨੇ ਆਨੰਦਪੁਰ ਹੋਲਾ ਏ।

ਓਸ ਦਿਨ ਜ਼ੁਲਮ ਹੰਕਾਰ ਨੂੰ ਸੀ ਹਾਰ ਹੋਈ,
ਏਸ ਲਈ ਲੋਕ ਗੀਤ ਭਗਤੀ ਦੇ ਗਾਉਣ ਲੱਗੇ।
ਮੰਨ ਕੇ ਤਿਉਹਾਰ ਉੱਚਾ ਖੁਸ਼ੀਆਂ ਤੇ ਖੇੜਿਆਂ ਦਾ,
ਭਰ-ਭਰ ਰੰਗ ਇੱਕ ਦੂਜੇ ਉਤੇ ਪਾਉਣ ਲੱਗੇ।
ਫੇਰ ਐਸਾ ਹੋਲੀ ਵਾਲਾ ਹੁਲੀਆ ਵਿਗਾੜਿਆ,
ਕਿ ਭਗਤੀ ਪਿਆਰ ਲੋਕੀਂ ਅਸਲੋਂ ਭੁਲਾਉਣ ਲੱਗੇ।
ਗੋਹਾ, ਮਿੱਟੀ, ਗੰਦ ਮੰਦ ਸੁੱਟ ਇਕ ਦੂਸਰੇ ਤੇ,
ਬੜੇ ਨੀਵੇਂ ਢੰਗ ਨਾਲ ਹੋਲੀਆਂ ਮਨਾਉਣ ਲੱਗੇ।

ਹਾਸਾ ਤੇ ਮਖੌਲ ਹੀ ਆਦਰਸ਼ ਇੱਕ ਸਮਝ ਕੇ ਤੇ,
ਨਿੱਗਰ ਤਿਉਹਾਰ ਕੀਤਾ ਸਮੇਂ ਨੇ ਜਾਂ ਪੋਲਾ ਏ।
ਕੋੜ ਨੂੰ ਬਣਾ ਕੇ ਸੁਹਜ, ਗੰਦ ਨੂੰ ਸੁਗੰਧ ਕਰ,
ਸ੍ਰੀ ਦਸਮੇਸ਼ ਨੇ ਮਨਾਇਆ ਆਪ ਹੋਲਾ ਏ।

ਗੁਰਾਂ ਨੇ ਮਨਾਇਆ ਹੋਲਾ, ਬੜੇ ਉਚੇ ਢੰਗਾਂ ਨਾਲ,
ਨਿਰਾ ਹੀ ਖਿਡਾਇਆ ਨਹੀਂ ਸੀ, ਰੰਗਾਂ ਬਦਰੰਗਾਂ ਨਾਲ।
ਤੀਰ ਤੇਗਾਂ ਦਿੱਤੇ ਓਹਨਾਂ ਥਾਵੇਂ ਪਿਚਕਾਰੀਆਂ ਦੇ,
ਜੰਗੀ ਸਿਖਲਾਈ ਕੀਤੀ, ਝੂਠੇ ਮੂਠੇ ਜੰਗਾਂ ਨਾਲ।
ਘੋੜ ਦੌੜ, ਗਤਕਾ ਤੇ ਨੇਜ਼ਾਂ ਬਾਜ਼ੀ, ਘੋਲ, ਖੇਡਾਂ,
ਸਿੰਘ ਮਿਲ ਖੇਡਦੇ ਸੀ, ਚਾਵਾਂ ਤੇ ਉਮੰਗਾਂ ਨਾਲ।

ਸੱਜਦੇ ਸੀ ਸੂਰਬੀਰ ਸ਼ਸਤਰਾਂ ਦੇ ਨਾਲ ਸੋਹਣੇ,
ਸ਼ਸਤਰ ਵੀ ਸ਼ੋਭਦੇ ਸੀ ਸੂਰਮੇਂ ਨਿਹੰਗਾਂ ਨਾਲ ।

ਜ਼ਾਲਮਾਂ ਨੂੰ ਪੀੜ ਪਈ, ਵਿਰੋਧੀਆਂ ਦੇ ਦਿਲ ਹਿੱਲੇ,
ਸੁਣਿਆਂ ਜਾਂ ਹੋਲਾ, ਨਵਾਂ ਖਾਲਸੇ ਦਾ ਬੋਲਾ ਏ ।
ਕਾਇਰਾਂ ਕਮਜ਼ੋਰਾਂ ਵਿੱਚ ਨਵੀਂ ਰੂਹ ਭਰ ਗਈ
ਖਾਲਸੇ ਮਨਾਇਆ ਜਦੋਂ ਰਲ ਮਿਲ ਹੋਲਾ ਏ ।

ਹੋਲੀਆਂ ਦੇ ਦਿਨਾਂ ਵਿਚ, ਮੂੰਹ ਅੰਨ੍ਹੇਰੇ ਉਠ ਕੇ ਤੇ,
ਕਰਦੇ ਸੀ ਪਾਠ ਸਿੰਘ, ਆਸਾ ਜੀ ਦੀ ਵਾਰ ਦਾ ।
ਫੇਰ ਦਿਨ ਚੜ੍ਹੇ ਕਵੀ ਕਵਿਤਾ ਸੁਣਾਉਂਦੇ ਸਨ,
ਬੜਾ ਨੱਟ ਬੱਝਦਾ ਸੀ 'ਕਵੀ ਦਰਬਾਰ' ਦਾ ।
ਬੀਰ ਰਸੀ ਵਾਰਾਂ ਗਾਉਂਦੇ, ਢਾਡੀ ਸੀ ਦੁਪਹਿਰ ਵੇਲੇ,
ਚਹੁੰ ਪਾਸੀਂ ਬੀਰ-ਰਸ ਠਾਠਾਂ ਹੈ ਸੀ ਮਾਰਦਾ ।
ਲੌਢੇ ਵੇਲੇ ਫੌਜੀ ਖੇਡਾਂ, ਕਰਤਬ, ਕਮਾਨ ਹੁੰਦੇ,
ਚਾੜ੍ਹਨਾਂ ਮਹੱਲਾ ਹੈ ਸੀ, ਕੰਮ ਸਰਕਾਰ ਦਾ ।

ਸਿਰੋਪਾ ਇਨਾਮ ਦੇ ਕੇ ਇਓਂ ਉਤਸ਼ਾਹ ਦਿੰਦੇ,
ਖਾਲਸੇ ਨੇ ਕਿਸੇ ਦਾ ਵੀ, ਬਣਨਾ ਨਾ ਗੋਲਾ ਏ ।
ਸੂਝਵਾਨ ਹਿੰਦੂਆਂ ਵੀ ਉਠ ਕੇ ਤੇ ਆਖਿਆ ਸੀ,
ਹਿੰਦੂਆਂ ਦੀ ਹੋਲੀ ਏ ਤੇ ਖ਼ਾਲਸੇ ਦਾ ਹੋਲਾ ਹੈ ।

ਹਰ ਸਾਲ ਹੋਲੇ ਤੇ ਮਹੱਲੇ ਦਾ ਦਿਹਾੜਾ ਸਾਨੂੰ,
ਯਾਦ ਇਹ ਕਰਾਉਂਦੈ ਉਪਦੇਸ਼ ਦਸ਼ਮੇਸ਼ ਦਾ ।
"ਸਿੰਘਾਂ ਨੇ ਸਵਾਰਨਾ ਏ ਦੀਨ ਅਤੇ ਦੁਨੀਆਂ ਨੂੰ,
ਸੰਤ ਹੋਣਾ ਧਰਮ ਲਈ, ਸਿਪਾਹੀ ਹੋਣਾ ਦੇਸ਼ ਦਾ ।

ਕਾਮ, ਕ੍ਰੋਧ, ਲੋਭ, ਮੋਹ, ਹਉਮੈ ਨੂੰ ਹੈ ਮਾਰਨਾ,

ਤੇ ਪੁੱਟਣਾਂ ਹੈ ਬੂਟਾਂ ਜੜ੍ਹੋਂ ਫੁੱਟ ਤੇ ਕਲੇਸ਼ ਦਾ ।

ਸੱਚ ਉਤੇ ਪਹਿਰਾ ਦੇਣਾ, ਚੜ੍ਹਦੀ ਕਲਾ 'ਚ ਰਹਿਣਾ,

ਸਭਨਾਂ ਦਾ ਭਲਾ ਚਾਹੁਣਾ, ਕੰਮ ਹੈ ਹਮੇਸ਼ ਦਾ ।

ਹੋਲੇ ਦਾ ਦਿਵਸ ਦਿੰਦਾ ਆਤਮਾ ਨੂੰ ਬੀਰਤਾ ।

ਡਰ, ਭਉ ਦਾ ਪੜ੍ਹ ਦਿੰਦਾ ਕੀਰਤਨ ਸੋਹਿਲਾ ਏ ।

'ਕੋਮਲ' ਸਿਆਣੇ ਕਿਸੇ ਸੋਚ ਕੇ ਹੀ ਆਖਿਆ ਏ,

ਲੋਕਾਂ ਦੀਆਂ ਹੋਲੀਆਂ ਤੇ ਖ਼ਾਲਸੇ ਦਾ ਹੋਲਾ ਏ ।

# ਅਮਰ ਪੰਥ

ਇਹ ਪੰਥ ਤਾਂ ਅਸਲੀ ਸੋਨਾ ਹੈ,
ਹੋ ਸਕਦੀ ਇਸ ਵਿਚ ਖੋਟ ਨਹੀਂ ।
ਇਨੂੰ ਨਸ਼ਾ ਹੈ ਨਾਮ ਖ਼ੁਮਾਰੀ ਦਾ,
ਆ ਸਕਦੀ ਇਸ ਨੂੰ ਤੋਟ ਨਹੀਂ ।
ਇਦ੍ਹਾ ਜਿਗਰਾ ਨਿਰਾ ਫੌਲਾਦੀ ਏ,
ਲੱਗ ਸਕਦੀ ਇਸ ਨੂੰ ਚੋਟ ਨਹੀਂ ।
ਇਹ ਕਦੇ ਵੀ ਇੱਕ ਅਕਾਲ ਬਿਨਾਂ,
ਕਿਸੇ ਹੋਰ ਤੇ ਰਖਦਾ ਓਟ ਨਹੀਂ ।

ਬਿਨਾਂ ਖ਼ੂਨ ਇਹ ਪਲ ਨਹੀਂ ਸਕਦਾ,
ਪਲ ਜਾਵੇ ਤਾਂ ਫਲ ਨਹੀਂ ਸਕਦਾ ।
ਤਾਹੀਓਂ ਤਾਂ ਇਹ ਪੰਥ ਖਾਲਸਾ,
ਸੱਚ ਲਈ ਮਰਨੋਂ ਟਲ ਨਹੀਂ ਸਕਦਾ ।

ਇਹ ਰੂਪ ਨਿਰਾ ਦਸਮੇਸ਼ ਦਾ ਏ,
ਤੇ ਪੁੱਤਰ ਉਸਦਾ ਛਿੰਦਾ ਏ ।
ਇਹਨੂੰ ਚੜ੍ਹੇ ਜੇ ਰੰਗ ਸ਼ਹੀਦੀ ਦਾ,
ਤਾਂ ਕਾਲ ਹੁੰਦਾ ਸ਼ਰਮਿੰਦਾ ਹੇ ।
ਇਦ੍ਹਾ ਫਰਕ ਲੋਕਾਂ ਤੋਂ ਏਨਾ ਏਂ,
ਉਹ ਮੁਰਦੇ ਨੇ, ਇਹ ਜ਼ਿੰਦਾ ਏ ।
ਉਹ ਖੁਸ਼ ਹੋ ਕੇ ਸੁਖ ਲੈਂਦੇ ਨੇ,
ਇਹ ਖੁਸ਼ ਹੋ ਕੇ ਸੁਖ ਦਿੰਦਾ ਏ ।

ਇਹ ਅੰਮ੍ਰਿਤ ਪੀ ਕੇ ਸੱਜਦਾ ਏ,
ਤੇ ਕੇਸਾਂ ਨਾਲ ਹੀ ਫੱਬਦਾ ਏ ।
ਇਹ ਅਸਲੀ ਰੂਪ ਜੋ ਰੱਬ ਦਾ ਏ,
ਕਿਤੇ ਨਾਲ ਨਸੀਬਾਂ ਲੱਭਦਾ ਏ ।

ਇਹ ਅਰਸ਼ੀ ਬੂਟਾ ਸਿੱਖੀ ਦਾ,
ਜੋ ਲੱਖਾਂ ਬੂਟੇ ਪਾਲ ਸਕੇ ।
ਨਾ ਕੱਟ ਇਹਨੂੰ ਤਲਵਾਰ ਸਕੇ,
ਨਾ ਪਾਣੀ ਇਹਨੂੰ ਗਾਲ ਸਕੇ ।
ਨਾ ਮਿੱਟੀ ਇਹਨੂੰ ਮੇਟ ਸਕੇ,
ਨਾ ਅੱਗ ਹੀ ਇਹਨੂੰ ਢਾਲ ਸਕੇ ।
ਨਾ ਫੜ ਇਹਨੂੰ ਕੋਈ ਰੂਹ ਸਕੇ ।
ਨਾ ਮਾਰ ਹੀ ਇਹਨੂੰ ਕਾਲ ਸਕੇ ।

ਇਹ ਪੰਥ ਅਮਰ ਹੈ, ਅਮਰ ਸਦਾ,
ਇਹ ਜੀਊਂਦੈ ਅਮਲੀ ਕੰਮਾਂ ਤੇ ।
ਇਹ ਸੇਵਾ, ਸਿਮਰਨ, ਸੱਚ, ਸਿਦਕ ਦੇ,
ਖੜਾ ਹੈ ਚੌਹਾਂ ਥੰਮਾਂ ਤੇ ।

ਇਹ ਪੰਥ ਔਰੰਗੇ ਜ਼ਾਲਮ ਤੋਂ,
ਕਦੇ ਕਿਸੇ ਤਰ੍ਹਾ ਵੀ ਮੁੱਕਿਆ ਨਾ ।
ਨਾਲ ਖੂਨ ਇਹ ਪਲਿਆ ਬੂਟਾ,
'ਅਬਦਾਲੀ' ਤੋਂ ਸੁੱਕਿਆ ਨਾ ।
ਕਾਫਲਾ ਇਹ ਸਿਰਲੱਥਾਂ ਵਾਲਾ,
ਅੰਗ੍ਰੇਜ਼ਾਂ ਤੋਂ ਰੁੱਕਿਆ ਨਾ ।

ਉਸ ਤੋਂ ਬਾਅਦ ਵੀ ਅੱਜ ਤੀਕਰ,
ਇਹ ਕਿਸੇ ਦੇ ਅੱਗੇ ਝੁੱਕਿਆ ਨਾ ।

ਜੋ ਚਾਹੁੰਦੇ ਨੇ ਇਹ ਮਿਟ ਜਾਵੇ,
ਉਹਨਾਂ ਨੂੰ ਮੇਰਾ ਕਹਿਣਾ ਏਂ,
ਇਨੂੰ ਮੇਟਣ ਵਾਲੇ ਮਿਟ ਗਏ ਨੇ,
ਇਸ ਚੜ੍ਹਦੀ ਕਲਾ 'ਚ ਰਹਿਣਾ ਏਂ ।

ਇਹ ਮਹਿਲ ਅਨੋਖਾ ਸਿੱਖੀ ਦਾ,
ਬਿਨ ਜ਼ਿਮੀਂ ਬਣਾਇਆ ਜਾਂਦਾ ਏ ।
ਇਹਦੇ ਵਿਚ ਇੱਟਾਂ ਲਗਦੀਆਂ ਨਹੀਂ,
ਹੱਡੀਆਂ ਨੂੰ ਲਾਇਆ ਜਾਂਦਾ ਏ ।
ਇਹਦੇ ਵਿਚ ਚੂਨਾ ਲਗਦਾ ਨਹੀਂ,
ਚਰਬੀ ਨੂੰ ਪਾਇਆ ਜਾਂਦਾ ਏ ।
ਇਹਦੇ ਵਿਚ ਪਾਣੀ ਪੈਂਦਾ ਨਹੀਂ,
ਬੱਸ ਖੂੰਨ ਮਿਲਾਇਆ ਜਾਂਦਾ ਏ ।

ਪਰ ਜਦੋਂ ਤੀਕ ਇਸ ਮੰਦਰ ਲਈ,
ਸਿੰਘ ਹੱਸ ਹੱਸ ਮੌਤ ਕਬੂਲਣਗੇ ।
ਓਦੋਂ ਤੀਕ ਨਿਸ਼ਾਨ ਕੇਸਰੀ
ਸਾਰੇ ਜੱਗ ਤੇ ਝੂਲਣਗੇ ।

# ਸਿੱਖਿਆ ਏ ਸਰਦਾਰਾਂ ਨੇ

ਜ਼ਿੰਦਗਾਨੀ ਦਾ ਦਾਨ ਏਂ ਦਿੱਤਾ,
ਸਿੰਘਾਂ ਨੂੰ ਤਲਵਾਰਾਂ ਨੇ ।
ਪੰਜਾਂ ਬਾਣੀਆਂ ਸ਼ਾਂਤੀ ਦਿੱਤੀ,
ਬਲ ਖੰਡੇ ਦੀਆਂ ਧਾਰਾਂ ਨੇ ।
ਰੂਪ ਕੁਦਰਤੀ ਦਾੜ੍ਹੀਆਂ ਦਿੱਤਾ,
ਰੋਅਬ ਦਾਬ ਦਸਤਾਰਾਂ ਨੇ ।
ਕਾਰ ਧਰਮ ਦੀ ਕਰਨੀ ਦੱਸੀ,
ਹਰ ਦਮ ਪੰਜ ਕੱਕਾਰਾਂ ਨੇ ।
ਐਵੇਂ ਤਾਂ ਨਹੀਂ ਸਿੰਘਾਂ ਦੀਆਂ,
ਢਾਡੀ ਗੌਂਦੇ ਵਾਰਾਂ ਨੇ ।
ਜਿੰਦ ਧਰਮ ਦੇ ਲੇਖੇ ਲਾਉਣੀ,
ਸਿੱਖਿਆ ਏ ਸਰਦਾਰਾਂ ਨੇ ।
ਇਹ ਉਸ ਤੌਂ ਨੇ ਸਿੱਖੇ ਸਿੱਖਿਆ,
ਲੋਹ ਦੇ ਉਤੇ ਸੜਿਆ ਜੋ ।
ਚੌਂਕ ਚਾਂਦਨੀ ਵਿੱਚ ਬੈਠਕੇ,
ਜ਼ਾਲਮ ਅੱਗੇ ਅੜਿਆ ਜੋ ।
ਨਾਲ ਆਰੇ ਦੇ ਚਿਰਿਆ ਜੋ,
ਦੇਗ ਦੇ ਅੰਦਰ ਕੜ੍ਹਿਆ ਜੋ,
ਕੰਧ ਵਿਚ ਜੋ ਚਿਣਿਆ ਜੋੜਾ,
ਜੋੜਾ ਗੜ੍ਹੀ 'ਚ ਲੜਿਆ ਜੋ ।
ਸੀਸ ਤਲੀ ਤੇ ਧਰਕੇ ਜੀਹਨਾਂ,
ਵੱਧ ਵੱਧ ਮਾਰੀਆਂ ਮਾਰਾਂ ਨੇ ।
ਉਹਨਾਂ ਵਾਂਗ ਸ਼ਹਾਦਤ ਦੇਣੀ,
ਸਿੱਖਿਆ ਏ ਸਰਦਾਰਾਂ ਨੇ ।

ਸਿੰਘ ਪੜ੍ਹੇ ਨੇ ਓਸ ਸਕੂਲੇ,
ਸੀਸ ਜਿਸਦੀਆਂ ਫੀਸਾਂ ਨੇ ।
ਜਿੱਥੋਂ ਜਰਨੀਆਂ ਸਿੱਖੀਆਂ ਇਨ੍ਹਾਂ,
ਧਰਮ ਲਈ ਪੀੜਾਂ ਚੀਸਾਂ ਨੇ ।
ਪੈਰੀਂ ਪਈਆਂ ਹੋਣੀਆਂ ਨੂੰ,
ਇਹ ਦਿੰਦੇ ਨਿੱਤ ਅਸੀਸਾਂ ਨੇ ।
ਖੇਡ ਇਨ੍ਹਾਂ ਦੀ ਨਾਲ ਮੌਤ ਦੇ,
ਇਹਨਾਂ ਦੀਆਂ ਕੀ ਰੀਸਾਂ ਨੇ ?

ਸੂਰਜ ਅਜੇ ਗਵਾਹ ਹੈ ਜਿਸਨੇ,
ਅੱਖੀਂ ਡਿੱਠੀਆਂ ਕਾਰਾਂ ਨੇ ।
ਜਿੰਦ ਧਰਮ ਦੇ ਲੇਖੇ ਲਾਉਣੀ,
ਸਿੱਖਿਆ ਏ ਸਰਦਾਰਾਂ ਨੇ ।

ਜਿਹੜੀ ਕਰਨੀ ਕਿਸੇ ਨਹੀਂ ਕੀਤੀ,
ਓਹ ਕਰਨੀ ਇਹ ਕਰਦੇ ਰਹੇ ।
ਆਪਣੇ ਖ਼ੂਨ ਦੀ ਨਦੀ ਬਣਾ ਕੇ,
ਆਪੇ ਹੀ ਵਿਚ ਤਰਦੇ ਰਹੇ ।
ਡਰਦੇ ਲੋਕ ਹੋਣੀ ਤੋਂ, ਐਪਰ,
ਇਹ ਹੋਣੀ ਤੇ ਮਰਦੇ ਰਹੇ ।
ਪੁੱਠੀ ਖੱਲ ਲੁਹਾਕੇ ਵੀ ਇਹ :
ਧਰਮ ਦੀ ਹਾਮੀ ਭਰਦੇ ਰਹੇ ।

ਰੂਹਾਂ-ਅਮਰ ਸ਼ਹੀਦਾਂ ਦੀਆਂ,
ਕਰਦੀਆਂ ਨਿੱਤ ਪੁਕਾਰਾਂ ਨੇ ।
ਜਿੰਦ ਧਰਮ ਦੇ ਲੇਖੇ ਲਾਉਣੀ,
ਸਿੱਖਿਆ ਏ ਸਰਦਾਰਾਂ ਨੇ ।

## ਤੇਗ਼ਾਂ ਦੀ ਛਾਵੇਂ

ਅਸੀਂ ਸਿੰਘ, ਅਠ੍ਹਾਰਵੀਂ ਸਦੀ ਤੋਂ ਹੀ,
ਰਹੇ ਜੂਝਦੇ, ਸੱਚ ਨਿਆਂ ਹੇਠਾਂ ।
ਠੱਲ੍ਹ ਪੌਂਦੇ ਰਹੇ ਜ਼ੁਲਮ ਨੂੰ ਅਸੀਂ ਪਹਿਲਾਂ,
ਸ਼ਸ਼ਤਰ ਰੱਖਦੇ ਰਹੇ ਸਾਂ ਤਾਂ ਹੇਠਾਂ ।
ਅਸੀਂ ਨਢੀ ਨਵਾਬੀ ਨੂੰ ਠੁੱਡ ਮਾਰੇ,
ਰਹੇ ਕਿਸੇ ਵੀ ਨਾ ਆਕੜ ਖਾਂ ਹੇਠਾਂ ।
ਅਸੀਂ ਲੰਘੇ ਨਾ ਕਿਸੇ ਦੀ ਲੱਤ ਹੇਠੋਂ,
ਅਸੀਂ ਬੈਠੇ ਨਾ ਕਿਸੇ ਦੀ ਬਾਂਹ ਹੇਠਾਂ ।
ਧਰਮ-ਯੁਧਾਂ ਵਿਚ ਰਹੇ ਸ਼ਹੀਦ ਹੁੰਦੇ,
ਦਲ ਖਾਲਸੇ ਦੇ ਅਸੀਂ ਨਾਂ ਹੇਠਾਂ ।
ਅਸੀਂ ਜੰਮੇ ਹਾਂ ਤੀਰਾਂ ਦੀ ਛਾਂ ਹੇਠਾਂ,
ਅਸੀਂ ਪਲੇ ਹਾਂ ਤੇਗ਼ਾਂ ਦੀ ਛਾਂ ਹੇਠਾਂ ।
ਸਾਨੂੰ ਮਾਣ ਕਿ ਅਸੀਂ ਮਰਜੀਵੜੇ ਹਾਂ,
ਸਾਡਾ ਰੋਅਬ ਵੱਖਰਾ ਤੇ ਜਲਾਲ ਵੱਖਰਾ ।
ਸਾਡਾ ਦੇਸ਼ ਵੱਖਰਾ, ਸਾਡਾ ਭੇਸ ਵੱਖਰਾ,
ਸਾਡੀ ਚੜ੍ਹਤ ਵੱਖਰੀ ਤੇ ਕਮਾਲ ਵੱਖਰਾ ।
ਸਾਡਾ ਸਿਦਕ ਵੱਖਰਾ, ਸਾਡਾ ਇਸ਼ਕ ਵੱਖਰਾ,
ਸਾਡਾ ਖਿਆਲ ਵੱਖਰਾ ਤੇ ਸਵਾਲ ਵੱਖਰਾ ।
ਐਪਰ ਇੱਕ ਬੋਲੀ, ਇੱਕੋ ਵਤਨ ਸਾਡਾ,
ਭਾਵੇਂ ਕੌਮ ਵੱਖਰੀ ਤੇ ਇਕਬਾਲ ਵੱਖਰਾ ।
ਕਰਦੇ ਰਹੇ ਸੰਘਰਸ਼, ਆਦਰਸ਼ ਖ਼ਾਤਰ,
ਗੁਰੂ-ਚਰਨਾਂ ਵਿਚ ਸਾਡੀ ਹੈ ਥਾਂ ਹੇਠਾਂ ।
ਖੇਡ ਖੇਡ ਰਣ-ਭੂਮੀ ਦੀ ਗੋਦ ਅੰਦਰ,
ਅਸੀਂ ਪਲੇ ਹਾਂ ਤੇਗ਼ਾਂ ਦੀ ਛਾਂ ਹੇਠਾਂ ।

ਹੋਏ ਕਈ ਔਰੰਗੇ ਤੇ ਮੀਰ ਮੰਨੂ,
ਕਰਦੇ ਜ਼ੁਲਮ ਥੱਕੇ, ਪੰਥ ਮੁੱਕਿਆ ਨਾ ।
ਬੂਟਾ ਸਿੱਖੀ ਦਾ ਖ਼ੂਨ ਦੇ ਨਾਲ ਪਲਿਆ,
ਨਾਦਰਸ਼ਾਹ, ਅਬਦਾਲੀ ਤੋਂ ਸੁੱਕਿਆ ਨਾ ।
ਸੂਰਬੀਰਾਂ, ਸਿਰਲੱਥਾਂ ਦਾ ਕਾਫਲਾ ਇਹ,
ਚਲਦਾ ਰਿਹਾ, ਅੰਗਰੇਜ਼ਾਂ ਤੋਂ ਰੁੱਕਿਆ ਨਾ ।
ਝੁੱਲੇ ਝੱਖੜ, ਤੂਫਾਨਾਂ ਨੇ ਭੰਨ ਸੁਟਿਆ,
ਰਿਹਾ ਅਮਰ, ਪਰ ਕਦੇ ਵੀ ਝੁੱਕਿਆ ਨਾ ।
ਝੰਡਾ ਕੇਸਰੀ ਦਿੱਲੀ ਦੇ ਕਿਲ੍ਹੇ ਉਤੇ,
ਅਸਾਂ ਗੱਡਿਆਂ ਪੰਥ ਦੀ ਹਾਂ ਹੇਠਾਂ ।
ਅਸੀਂ ਮਾਣੀ ਪੰਜਾਬ ਦੀ ਪਾਤਸ਼ਾਹੀ,
ਕਿਉਂਕਿ ਪਲੇ ਹਾਂ ਤੇਗ਼ਾਂ ਦੀ ਛਾਂ ਹੇਠਾਂ ।
ਸਾਰੇ ਸੁੱਖ ਤਿਆਗ ਕੇ ਧਰਮ ਲੇਖੇ,
ਲਾਉਣੀ ਭਰੀ ਜਵਾਨੀ ਹੈ ਕੰਮ ਔਖਾ ।
ਨਿੱਤ ਨਿੱਤ ਜਰਵਾਨਿਆਂ ਜਾਬਰਾਂ ਦੀ,
ਕਰਦੇ ਰਹਿਣਾ ਵੈਰਾਨੀ ਹੈ ਕੰਮ ਔਖਾ ।
ਦੇਸ਼ ਧਰਮ ਤੇ ਕੌਮ ਲਈ ਜੂਝ ਮਰਨਾ,
ਕਰਨੀ ਐਸੀ ਕੁਰਬਾਨੀ ਹੈ ਕੰਮ ਔਖਾ ।
ਕਰਨੀ ਗੱਲ ਜ਼ਬਾਨੀ ਹੈ ਬੜੀ ਸੌਖੀ,
ਲੜਨਾ ਵਿਚ ਮੈਦਾਨੀਂ ਹੈ ਕੰਮ ਔਖਾ ।
ਐਪਰ ਸਾਡੇ ਲਈ ਕੋਈ ਨਹੀਂ ਕੰਮ ਔਖਾ,
ਕਰਕੇ ਬਚਨ ਨਾ ਹੋਈਏ ਉਤਾਂਹ ਹੇਠਾਂ ।
ਸਾਡੇ ਹੱਡੀਂ ਕੁਰਬਾਨੀ ਹੈ ਰਚੀ 'ਕੋਮਲ'
ਕਿਉਂਕਿ ਪਲੇ ਹਾਂ ਤੇਗ਼ਾਂ ਦੀ ਛਾਂ ਹੇਠਾਂ ।

## ਅਸੀਂ ਸਿੰਘ ਹਾਂ

ਅਸੀਂ ਸਿੰਘ ਹਾਂ, ਬੂਟੇ ਹਾਂ ਸਿਦਕ ਵਾਲੇ,
ਡੂੰਘੀ ਜੜ੍ਹ ਹੈ ਵਿਚ ਪਤਾਲ ਸਾਡੀ।
ਸਾਡੇ ਉਚੇ ਖਿਆਲ ਅਸਮਾਨ ਜਿੰਨੇ,
ਹਵਾ ਕੋਲੋਂ ਵੀ ਤੇਜ਼ ਹੈ ਚਾਲ ਸਾਡੀ।
ਨਾਲ ਬਿਜਲੀਆਂ ਦੇ ਸਦਾ ਖੇਡ ਸਾਡੀ,
ਮੌਤ ਜਨਮ ਤੋਂ ਹੈ ਭਾਈਵਾਲ ਸਾਡੀ।
ਹਾਂ ਅਕਾਲੀ, ਅਕਾਲ ਦੇ ਪੁੱਤ ਅਸੀਂ,
ਸਿੱਧੀ ਸਾਂਝ ਹੈ ਰੱਬ ਦੇ ਨਾਲ ਸਾਡੀ।
ਸਾਰੀ ਦੁਨੀਆਂ ਦੇ ਭਾਵੇਂ ਇਤਿਹਾਸ ਫੋਲੋਂ,
ਲੱਭ ਸਕਦੀ ਨਹੀਂ ਮਿਸਾਲ ਸਾਡੀ।
ਸਾਡੀ ਸਦਾ ਹੈ ਓਟ ਕਰਤਾਰ ਉਤੇ,
ਤਾਹੀਓ ਰੱਖਿਆ ਕਰੇ ਅਕਾਲ ਸਾਡੀ।
ਸਾਨੂੰ ਤਿੱਖੀ ਤਲਵਾਰ ਨੇ ਜਨਮ ਦਿੱਤਾ,
ਗੁੜ੍ਹਤੀ ਮਿਲੀ ਸਾਨੂੰ ਖੰਡੇ-ਧਾਰ ਵਿਚੋਂ।
ਸਾਬਤ ਸੂਰਤ ਤੇ ਸਿਰ ਦਸਤਾਰ ਸੋਹਣੀ,
ਸਾਡਾ ਵੱਖਰਾ ਰੂਪ ਸੰਸਾਰ ਵਿਚੋਂ।
ਕੱਲ੍ਹੇ ਕੱਲ੍ਹੇ ਵੀ ਰਹੀਏ ਨਾ ਕਦੇ ਗੁੱਝੇ,
ਲੱਭ ਪੈਂਦੇ ਹਾਂ ਕਈ ਹਜ਼ਾਰ ਵਿਚੋਂ।
ਦੇਸ਼ ਧਰਮ ਲਈ ਹਰ ਮੈਦਾਨ ਅੰਦਰ,
ਨਜ਼ਰ ਔਂਦੇ ਹਾਂ ਪਹਿਲੀ ਕਤਾਰ ਵਿਚੋਂ।

ਅਸੀਂ ਕਾਲ ਦਾ ਘੁੱਟ ਹਾਂ ਭਰ ਸਕਦੇ,
ਸਾਡੇ ਅੱਗੇ ਕਈ ਹੋਣੀਆਂ ਹਾਰੀਆਂ ਨੇ।
ਸਾਨੂੰ ਐਂਵੇਂ ਤਾਂ ਨਹੀਂ ਸਰਦਾਰ ਕਹਿੰਦੇ,
ਸਿਰ ਦੇ ਕੇ ਲਈਆਂ ਸਰਦਾਰੀਆਂ ਨੇ।
ਅਸੀਂ ਯਾਰ ਹਾਂ ਨਿੱਤ ਨਿਮਾਣਿਆਂ ਦੇ,
ਸਾਡਾ ਨਾਲ ਜਰਵਾਣਿਆਂ ਹਿੱਤ ਕੋਈ ਨਾ।
ਅਸੀਂ ਨਿੰਮ੍ਰਤਾ ਵਾਲੇ ਦੇ ਦਾਸ ਵੀ ਹਾਂ,
ਪਾਵੇ ਰੋਅਬ ਜਿਹੜਾ, ਉਹਦੇ ਮਿੱਤ ਕੋਈ ਨਾ।
ਕਰਨ ਲੱਗਿਆਂ ਨੇਕੀ, ਉਪਕਾਰ, ਸੇਵਾ,
ਅਸੀਂ ਪੁੱਛਦੇ ਵਾਰ ਤੇ ਥਿੱਤ ਕੋਈ ਨਾ।
ਸਾਨੂੰ ਏਨਾਂ ਵਿਸ਼ਵਾਸ ਏ ਆਪਣੇ ਤੇ,
ਸਾਨੂੰ ਕਦੇ ਵੀ ਸਕਦਾ ਜਿੱਤ ਕੋਈ ਨਾ।
ਜੱਗ ਜਾਣਦਾ ਹੈ ਅਸਾਂ ਲੋੜ ਵੇਲੇ,
ਸਦਾ ਵੈਰੀ ਦੀ ਧੌਣ ਤੇ ਲੱਤ ਰੱਖੀ।
ਨਾਲੇ ਹਿੰਦ ਦੀਆਂ ਬਹੂ-ਬੇਟੀਆਂ ਦੀ,
ਹੱਥੀਂ ਆਪਣੀ ਲਾਜ ਤੇ ਪੱਤ ਰੱਖੀ।
ਅਸੀਂ ਰਾਹੀਂ ਹਾਂ ਸੱਚ ਦੇ ਪੰਧ ਵਾਲੇ,
ਸਾਡੇ ਪੈਰਾਂ ਵੱਲ ਆਪੇ ਹੀ ਵਾਟ ਆਈ।
ਅਸੀਂ ਵਾਂਗ ਪ੍ਰਵਾਨਿਆਂ ਸੜ ਮੋਏ,
ਸਾਨੂੰ ਨਜ਼ਰ ਜਾਂ ਅੱਗ ਦੀ ਲਾਟ ਆਈ।
ਪੁਰਜ਼ਾ ਪੁਰਜ਼ਾ ਕਟਵਾ ਲਿਆ ਖਿੜੇ ਮੱਥੇ,
ਸਾਡੇ ਸਿਦਕ ਵਿਚ ਕਦੇ ਨਾ ਘਾਟ ਆਈ।

ਸਾਥੋਂ ਪੰਥ ਨੇ ਜਦੋਂ ਵੀ ਸੀਸ ਮੰਗੇ,
ਸਾਡੇ ਚਿਹਰਿਆਂ ਤੇ ਮੁਸਕਰਾਹਟ ਆਈ ।
ਸਾਡੇ ਵਿੱਚ ਹੈ ਜਜ਼ਬਾ ਸ਼ਹਾਦਤਾਂ ਦਾ,
ਸਾਡੇ ਵਿਚ ਹੈ ਵਿਰਸਾ ਕੁਰਬਾਨੀਆਂ ਦਾ ।
ਸਾਡੇ ਡੌਲਿਆਂ ਵਿਚ ਹੈ ਜ਼ੋਰ ਏਨਾ,
ਸਾਨੂੰ ਮਾਣ ਨਹੀਂ ਬਾਹਵਾਂ ਬਿਗਾਨੀਆਂ ਦਾ ।
ਭਾਰਤ ਵਰਸ਼ ਤੇ ਸ਼ੁਰੂ ਤੋਂ ਅੱਜ ਤੀਕਰ,
ਜਾਬਰ ਸਦਾ ਮਨ-ਮਾਨੀਆਂ ਰਹੇ ਕਰਦੇ ।
ਸਾਡੇ ਬਾਝ ਨਾ ਕਿਸੇ ਨੇ ਰੋਕ ਪਾਈ,
ਜ਼ਾਲਮ ਰੱਜ ਕੇ ਹਾਨੀਆਂ ਰਹੇ ਕਰਦੇ ।
ਜਾਨਾਂ ਸਾਡੀਆਂ ਸਸਤੀਆਂ ਸਮਝ ਕੇ ਤੇ,
ਹੱਦੋਂ ਵੱਧ ਵੈਰਾਨੀਆਂ ਰਹੇ ਕਰਦੇ ।
ਅਸੀਂ ਜਾਣੀਏ ਜਾਂ ਫਿਰ ਰੱਬ ਜਾਣੇ,
ਜੀਕਣ ਅਸੀਂ ਕੁਰਬਾਨੀਆਂ ਰਹੇ ਕਰਦੇ ।
ਅਸੀਂ ਹਾਰੇ ਨਾ, ਐਪਰ ਵਿਰੋਧੀਆਂ ਦੀ,
ਦਿਲਾਂ ਵਿੱਚ ਹੀ ਧਰੀ ਦੀ ਧਰੀ ਰਹਿ ਗਈ ।
ਦਸਾਂ ਮਾਲੀਆਂ ਦੀ ਲੱਗੀ ਫੁਲਵਾੜੀ,
ਵਧੀ ਫੁੱਲੀ ਤੇ ਹਰੀ ਦੀ ਹਰੀ ਰਹਿ ਗਈ ।
ਭਾਵੇਂ ਗਿਣਤੀ 'ਚ ਅਸੀਂ ਹਾਂ ਘੱਟ ਐਪਰ,
ਕੰਮ ਸਾਡੇ ਮਹਾਨ ਨੇ ਵੱਧ ਤੋਂ ਵੱਧ ।
ਸਾਇੰਸਦਾਨ, ਇੰਜੀਨੀਅਰ, ਕਵੀ, ਫੌਜੀ
ਸਾਹਿਤਕਾਰ, ਵਿਦਵਾਨ ਨੇ ਵੱਧ ਤੋਂ ਵੱਧ ।

ਖੇਡਾਂ ਵਿਚ ਮੁਕਾਬਲਾ ਨਹੀਂ ਸਾਡਾ,
ਸਾਡੇ ਵਿਚ ਭਲਵਾਨ ਨੇ ਵੱਧ ਤੋਂ ਵੱਧ।
ਦੇਸ਼ ਭਗਤ, ਸ਼ਹੀਦ, ਸਿਰਲੱਥ ਵੀ ਨੇ
ਹੁੰਦੇ ਆਏ ਕੁਰਬਾਨ ਨੇ ਵੱਧ ਤੋਂ ਵੱਧ।
ਖ਼ੈਬਰ ਪਾਰ ਕੇ ਸਿੰਧ ਤੋਂ ਚੀਨ ਤੀਕਰ,
ਜੇ ਸਰਹੱਦ ਬਣਾਈ ਤਾਂ ਅਸਾਂ ਨੇ ਸੀ।
ਰਾਹ ਰੋਕ ਅਫ਼ਗਾਨੀ ਲੁਟੇਰਿਆਂ ਦਾ,
ਜੇਕਰ ਹਿੰਦ ਬਚਾਈ ਤਾਂ ਅਸਾਂ ਨੇ ਸੀ।
ਅਸੀਂ ਲੋਹੇ ਨਾਲ ਲਿਆ ਏ ਸਦਾ ਲੋਹਾ,
ਤਿੱਖੇ ਤੀਰ ਬਣਕੇ ਤੇ ਤਲਵਾਰ ਬਣਕੇ।
ਲੜੇ ਜਦੋਂ ਵੀ ਦੇਸ਼ ਦੇ ਭਲੇ ਖਾਤਰ,
ਵੱਸੇ ਕਦੇ ਨਹੀਂ ਦੇਸ਼ ਦੇ ਭਾਰ ਬਣਕੇ।
ਹਿੱਸਾ ਪਾਇਆ ਆਜ਼ਾਦੀ ਵਿਚ ਅਸਾਂ ਪੂਰਾ,
ਦੇਸ਼ ਭਗਤ ਬਣਕੇ, ਸੇਵਾਦਾਰ ਬਣਕੇ।
ਅਸੀਂ ਮੂੰਹ ਭੰਨੇ ਹਮਲਾਵਰਾਂ ਦੇ,
ਕੀਤੀ ਦੇਸ਼ ਰੱਖਿਆ ਪਹਿਰੇਦਾਰ ਬਣਕੇ।
'ਕੋਮਲ' ਸਿਰਾਂ ਨੇ ਮੋਰਚੇ ਸਰ ਕੀਤੇ
ਸਿਰਫ ਕਹਿਣਾ ਨਹੀਂ, ਕਰਨਾ ਵੀ ਸਿੱਖਿਆ ਏ।
ਗ਼ੈਰਤ ਨਾਲ ਅਸਾਂ ਜੀਊਣਾ ਸਿੱਖਿਆ ਏ,
ਨਾਲ ਅਣਖ ਦੇ ਮਰਨਾ ਵੀ ਸਿੱਖਿਆ ਏ।

## ਸਿੰਘ ਸਭਾ ਲਹਿਰ

ਜਦੋਂ ਸਿੱਖ-ਰਾਜ ਦੇ ਉਤੇ, ਪੈ ਗਈ ਰਾਤ ਸੀ ਕਾਲੀ,
ਫਰੰਗੀ ਰਾਜ ਦੀ ਓਦੋਂ, ਸਿਖਰ ਦੁਪਹਿਰ ਹੋਈ ਸੀ ।
ਈਸਾਈ-ਮੱਤ ਦਾ ਓਦੋਂ, ਸ਼ੁਰੂ ਪਰਚਾਰ ਹੋਇਆ ਸੀ,
ਮਸੀਹ ਦੇ ਚੇਲਿਆਂ ਵਲੋਂ, ਸ਼ੁਰੂ ਇਕ ਲਹਿਰ ਹੋਈ ਸੀ।
ਉਹ ਸੀ ਲਹਿਰ ਅੰਗ੍ਰੇਜ਼ੀ, ਜੋ ਤਿੱਖੀ ਹਵਾ ਦੇ ਵਾਂਗੂੰ,
ਸ਼ੁਰੂ ਹਰ ਪਿੰਡ ਹੋਈ ਸੀ, ਸ਼ੁਰੂ ਹਰ ਸ਼ਹਿਰ ਹੋਈ ਸੀ ।
ਉਸਦੇ ਅਸਰ ਥੱਲੇ ਹੀ, ਵਧੀ ਮਨ-ਮੱਤ ਏਨੀ ਸੀ,
ਕਿ ਸਿੱਖੀ-ਚਾਨਣੇ ਅੱਗੇ, ਧੁੰਧ ਤੇ ਗਹਿਰ ਹੋਈ ਸੀ ।

ਕੁਝ ਕੁ ਆਰੀਆ ਸਮਾਜੀ, ਹੋਏ ਸੀ ਉਲਟ ਸਿੱਖਾਂ ਦੇ,
ਹਰ ਇਕ ਗੱਲ ਸਿੱਖਾਂ ਦੀ, ਉਨ੍ਹਾਂ ਲਈ ਜ਼ਹਿਰ ਹੋਈ ਸੀ ।
ਇਉਂ ਸਿੱਖ ਧਰਮ ਦੇ ਦੋਖੀ, ਵਿਰੋਧੀ ਪੰਥ ਦੇ ਵਧ ਗਏ,
ਸਿੱਖਾਂ ਲਈ ਨਜ਼ਰ ਉਹਨਾਂ ਦੀ ਸਮਝ ਲੋ ਕਹਿਰ ਹੋਈ ਸੀ ।

ਵੇਖੀ ਕੁਝ ਅਣਖੀਆਂ ਸਿੱਖਾਂ, ਲੱਗੀ ਜਦ ਢਾਹ ਸਿੱਖੀ ਨੂੰ
ਉਨ੍ਹਾਂ ਆਖਿਆ ਵੀਰੋ ਕਿ ਹੁਣ ਹੁਸ਼ਿਆਰ ਹੋ ਜਾਵੋ ।
ਲੱਗਾ ਜੋ ਘੁਣ ਸਿੱਖੀ ਨੂੰ, ਗੁਰੂ-ਡੰਮ ਦੀ ਖਰਾਬੀ ਏ,
ਬੀਮਾਰੀ ਚੰਦਰੀ ਭੈੜੀ, ਓ ਖਬਰਦਾਰ ਹੋ ਜਾਵੋ ।
ਹੈ ਖਤਰਾ ਬੜਾ ਸਿੱਖੀ ਨੂੰ, ਸਮਾਂ ਸੰਭਾਲ ਲਓ ਸਿੱਖੋ,
ਓ ਜੱਥੇਬੰਦ ਸਾਰੇ ਹੀ, ਤੁਸੀਂ ਇਕ ਵਾਰ ਹੋ ਜਾਵੋ ।
ਮਤਾਂ ਅਣ-ਗਹਿਲੀ ਇਹ ਸਾਡੀ, ਕਰੇ ਨਾ ਪੰਥ ਦੀ ਹਾਨੀ,
ਓ ਜਾਗੋ ! ਸੁੱਤਿਓ ਸ਼ੇਰੋ ਤੇ ਮੁੜ ਕੇ ਤਿਆਰ ਹੋ ਜਾਵੋ।

ਅੰਮ੍ਰਿਤਸਰ ਦੇ ਹੀ ਵੇਖੋ, ਮਿਸ਼ਨ ਸਕੂਲ ਦੇ ਬੱਚੇ,
ਫਹੇ ਇਕ ਪਾਦਰੀ ਦੇ ਚੜ੍ਹ ਕੇ, ਇਉਂ ਸ਼ਿਕਾਰ ਹੋ ਗਏ ਨੇ।
ਕਿ ਸਿੱਖ ਵਿਦਿਆਰਥੀ ਚਾਰੇ, ਹੋਏ ਨੇ ਸਿੱਖੀਓਂ ਮੁਨਕਰ
ਈਸਾਈ ਬਣਨ ਲਈ ਸਾਰੇ ਉਹ ਝਟ ਤਈਆਰ ਹੋ ਗਏ ਨੇ।
ਖਬਰ ਇਹ ਸੁਣ ਕੇ ਦੁਖਦਾਈ, ਠਾਕਰ ਸਿੰਘ ਗਿਆਨੀ ਦਾ,
ਦਿਲ ਸੀ ਤੜਫਿਆ ਡਾਢਾ ਤੇ ਉਸ ਪਾਈ ਦੁਹਾਈ ਸੀ।
ਫਿਰ ਉਸ ਅੰਮ੍ਰਿਤਸਰ ਹੀ, ਆ ਮਜੀਠੀਆਂ ਦੇ ਬੁੰਗੇ,
ਕੁਝ ਕੋ ਉਘੇ ਸੱਜਣਾਂ ਦੀ, ਇਕ ਮੀਟਿੰਗ ਬੁਲਾਈ ਸੀ।
ਜਿਸ ਵਿਚ ਕੰਵਰ ਬਿਕਰਮ ਸਿੰਘ, ਬਾਬਾ ਖੇਮ ਸਿੰਘ ਬੇਦੀ,
ਗਿਆਨ ਸਿੰਘ ਗਿਆਨੀ ਨੇ ਵੀ ਕੀਤੀ ਆ ਅਗਵਾਈ ਸੀ।
ਹਾਲਤ ਵੇਖ ਕੇ ਨਾਜ਼ਕ, ਉਨ੍ਹਾਂ ਸਿੱਖ-ਧਰਮ ਦੀ ਓਦੋਂ,
ਫਿਰ ਮਿਲਵੇਂ ਵਿਚਾਰਾਂ ਦੀ ਇਕ ਸੰਸਥਾ ਬਣਾਈ ਸੀ।
ਓਹੀਓ ਸੰਸਥਾ ਜਿਹੜੀ ਕਿ ਬਣ ਗਈ ਸਿੰਘ ਸਭਾ ਮਗਰੋਂ,
ਤੇ ਖਿੱਲਰੀ ਕੌਮ ਉਸੇ ਨੇ ਹੀ, ਜੱਥੇ-ਬੰਦ ਕੀਤੀ ਸੀ।
ਸੀ 'ਪਹਿਲੀ ਸਿੰਘ ਸਭਾ' ਓਹੋ, ਸੰਭਾਲੀ ਜਿਸ ਨੇ ਸਿੱਖੀ
ਆਵਾਜ ਧਰਮ ਦੀ ਜਿਸਨੇ, ਮੁੜ ਕੇ ਬੁਲੰਦ ਕੀਤੀ ਸੀ।
ਅੰਮ੍ਰਿਤਸਰ ਦੀ ਸੀ ਓਦੋਂ, ਪਹਿਲੀ ਸੰਸਥਾ ਜਿਸ ਨੇ,
ਕੀਤੀ ਜਾਗ੍ਰਤੀ ਪੈਦਾ, ਧਰਮ ਪਰਚਾਰ ਕੀਤਾ ਸੀ।
ਸਕੂਲ ਇਕ ਖਾਲਸਾ ਪਹਿਲਾ, ਸ਼ਹਿਰ ਵਿਚ ਖੋਲ੍ਹ ਦਿੱਤਾ ਸੀ।
ਫਿਰ ਸਪਤਾਹਕ ਪੰਜਾਬੀ, ਸ਼ੁਰੂ ਅਖਬਾਰ ਕੀਤਾ ਸੀ।
ਕਾਲਜ ਕਾਇਮ ਸੀ ਕੀਤਾ, ਫਿਰ ਲਾਹੌਰ ਦੇ ਅੰਦਰ,
ਸ਼ੁਰੂ ਜਿਸ ਵਿਚ ਪੰਜਾਬੀ ਨੂੰ ਪਹਿਲੜੀ ਵਾਰ ਕੀਤਾ ਸੀ।

ਦੂਜੀ ਸਿੰਘ ਸਭਾ ਬਣ ਗਈ, ਫਿਰ ਲਾਹੌਰ ਦੇ ਅੰਦਰ,
ਜਿਨ੍ਹੇ ਮਨ-ਮੱਤ ਦਾ ਖੁਲ੍ਹ ਕੇ ਚੰਗਾ ਸੁਧਾਰ ਕੀਤਾ ਸੀ।
ਗੁਰਮੁਖ ਸਿੰਘ ਪ੍ਰੋਫੈਸਰ, ਭਾਈ ਜਵਾਹਰ ਸਿੰਘ ਹੋਰਾਂ,
ਡਾਕਟਰ ਜੈ ਸਿੰਘ ਨੇ ਵੀ, ਕੰਮ ਦਿਲ ਨਾਲ ਕੀਤਾ ਸੀ।
ਹਿੱਸਾ ਰੱਜ ਕੇ ਪਾਇਆ, ਗਿਆਨੀ ਦਿੱਤ ਸਿੰਘ ਹੋਰਾਂ,
ਜਿਦ੍ਹੀ ਕਾਨੀ ਦੀ ਸੇਵਾ ਨੇ, ਓਦੋਂ ਕਮਾਲ ਕੀਤਾ ਸੀ।
ਉੱਦਮ 'ਸਿੰਘ ਸਭਾ' ਦਾ ਸੀ, ਬਣਿਆ 'ਖਾਲਸਾ ਕਾਲਜ',
ਜੋ ਅੰਮ੍ਰਿਤਸਰ 'ਚ ਵਿਦਿਆ ਦਾ, ਇਕ ਸਥਾਨ ਬਣਿਆ ਸੀ।
ਫਿਰ ਦੀਵਾਨ ਇਕ ਬਣਿਆ, ਸੀ 'ਚੀਫ ਖਾਲਸਾ' ਓਦੋਂ,
ਇਹ ਦੀਵਾਨ ਮਗਰੋਂ, ਸਿੱਖੀ ਦੀ ਸ਼ਾਨ ਬਣਿਆ ਸੀ।
ਬਣਾਈ ਸੇਵਕਾਂ ਮਗਰੋਂ, ਇਕ ਵਿਦਿਅਕ ਕਮੇਟੀ ਸੀ,
ਇੰਜ ਪਰਚਾਰ ਦਾ ਕੇਂਦਰ, ਇਕ ਮਹਾਨ ਬਣਿਆ ਸੀ।
ਖੋਲ੍ਹਿਆ ਤਰਨ ਤਾਰਨ ਵਿਚ, ਫਿਰ 'ਪ੍ਰਚਾਰਕ ਵਿਦਿਆਲਾ',
ਸਿੱਖ ਪਰਚਾਰਕਾਂ ਦੀ ਜੋ, ਜਿੰਦ ਤੇ ਜਾਨ ਬਣਿਆ ਸੀ।
ਰਾਗੀ ਹੀਰਾ ਸਿੰਘ ਨੇ ਤਦ, ਸੁੰਦਰ ਸਿੰਘ ਮਜੀਠਾ ਨੇ,
ਤੇ ਸੰਤ ਅਤਰ ਸਿੰਘ ਜੀ ਨੇ, ਸੇਵਾ ਮਹਾਨ ਕੀਤੀ ਸੀ।
ਘਾਲੀ ਘਾਲ ਸੀ ਚੰਗੀ, ਹਰਬੰਸ ਸਿੰਘ ਅਟਾਰੀ ਨੇ,
ਭਾਈ ਵੀਰ ਸਿੰਘ ਨੇ ਤਾਂ ਜ਼ਿੰਦਗੀ ਦਾਨ ਕੀਤੀ ਸੀ।
ਓਸੇ ਸਿੰਘ ਸਭਾ ਨੇ ਹੀ, ਧਰਮ ਪਰਚਾਰ ਕਰਕੇ ਤੇ,
ਖਾਤਰ ਗੁਰਦੁਆਰਿਆਂ ਦੀ, ਸ਼ੁਰੂ ਇਕ ਰੀਤ ਕੀਤੀ ਸੀ।
ਉਸੇ ਹੀ ਲਹਿਰ ਦੇ ਵਿਚੋਂ 'ਅਕਾਲੀ ਲਹਿਰ' ਉਠੀ ਸੀ,
ਨੀਤੀ ਸਿੰਘ ਸਭਾ ਦੀ ਜਿਨ੍ਹੇ, ਮੁੜ ਸੁਰਜੀਤ ਕੀਤੀ ਸੀ।

ਬੀਮਾਰੀ ਛੂਤ ਦੀ ਰੋਕੀ, ਸਜਾ ਕੇ ਸਿੰਘ ਅਛੂਤਾਂ ਨੂੰ,
ਤਦੇ ਹੀ ਉਨ੍ਹਾ ਨੇ ਸਿੱਖੀ, 'ਚ ਆ ਪਰਤੀਤ ਕੀਤੀ ਸੀ।
ਚੜ੍ਹਾ ਕੇ ਸਿਰਾਂ ਦੀ ਭੇਟਾ, ਓਦੋਂ ਅਕਾਲੀਆਂ ਸਿੰਘਾਂ,
ਰੱਜ ਕੇ ਮਨ-ਮੱਤ ਦੀ ਓਦੋਂ, ਮਿਟੀ ਪਲੀਤ ਕੀਤੀ ਸੀ।

ਤੇਜਾ ਸਿੰਘ ਸਮੁੰਦਰੀ ਤੇ ਬਾਬਾ ਖੜਕ ਸਿੰਘ ਹੋਰੀਂ।
ਮੋਤਾ ਸਿੰਘ ਮਾਸਟਰ ਵੀ, ਲਹਿਰ ਦੇ ਅੰਗ ਸਨ ਓਦੋਂ।
ਸੇਵਾ ਸਿੰਘ ਠੀਕਰੀ ਵਾਲਾ, ਤੇ ਤਾਰਾ ਸਿੰਘ ਮਾਸਟਰ ਵੀ,
ਰਹੇ ਮਹਿਤਾਬ ਸਿੰਘ ਹੋਰੀਂ, ਲਹਿਰ ਦੇ ਸੰਗ ਸਨ ਓਦੋਂ।

ਅਕਾਲੀ ਲਹਿਰ ਦੇ ਪਿਛੋਂ, ਬਣ ਗਈ 'ਸ਼੍ਰੋਮਣੀ ਕਮੇਟੀ',
ਉਨ੍ਹਾਂ ਨੇ ਗੁਰਮਤਿ-ਲੀਹਾਂ ਤੇ, ਸਿੱਖਾਂ ਨੂੰ ਤੋਰ ਦਿੱਤਾ ਸੀ।
ਸੀ ਚੰਗਾ ਸੋਧਿਆ ਉਹਨਾਂ, ਪੁਜਾਰੀਆਂ ਤੇ ਮਹੰਤਾਂ ਨੂੰ,
ਤੇ ਗੁਰ-ਅਸਥਾਨ ਸੁਧਾਰਨ ਦੇ, ਕੰਮ ਤੇ ਜ਼ੋਰ ਦਿੱਤਾ ਸੀ।
ਵਿਰੋਧੀ ਧੜੇ-ਬਾਜ਼ਾਂ ਦੇ ਝੂਠ ਦੇ ਪ੍ਰਾਪੇਗੰਡੇ ਦਾ,
ਅਕਾਲੀ ਦਲ ਬਣਾ ਕੇ ਤੇ ਬੰਦ ਕਰ ਸ਼ੋਰ ਦਿੱਤਾ ਸੀ।
ਗੁਰ-ਸਿੱਖ ਰਹਿਤ ਮਰਯਾਦਾ ਸਿਧਾਂਤਾਂ ਤੇ ਰਵਾਇਤਾਂ ਦੇ
ਕਰ ਪ੍ਰਚਾਰ ਨੂੰ ਨਿੱਗਰ, ਵਧੇਰੇ ਹੋਰ ਦਿੱਤਾ ਸੀ।

ਘੱਟ ਜਦ ਸਿੰਘ ਸਭਾਵਾਂ ਸਨ, ਉਦੋਂ ਪ੍ਰਚਾਰ ਬਹਤੂਾ ਸੀ,
ਥਾਂ ਥਾਂ ਸਿੰਘ ਸਭਾਵਾਂ ਨੇ, ਤਾਂ ਘੱਟ ਪ੍ਰਚਾਰ ਹੋਇਆ ਏ।
ਸੇਵਾ ਭਾਵ ਹੈ ਉਡਿਆ, ਵਧੀ ਹੁਣ ਧੜੇਬਾਜ਼ੀ ਏ,
ਬੱਸ ਇਕ ਭੂਤ ਚੌਧਰ ਦਾ, ਸਿਰੀਂ ਸਵਾਰ ਹੋਇਆ ਏ।

## ਸੁਣਿਓਂ ਐ ਕੇਸਾਂ ਵਾਲਿਓ

ਸਿੱਖਾਂ ਦੇ ਘਰਾਂ 'ਚ ਜਨਮਿਓ, ਸਿੱਖੋ ਓ ਭਾਗਾਂ ਵਾਲਿਓ,
ਆਪਣੇ ਬਜ਼ੁਰਗਾਂ ਦੀ ਤਰ੍ਹਾਂ, ਸਿੱਖੀ ਦੀ ਰੱਖ ਵਿਖਾਲਿਓ।
ਸਿੱਖੀ ਦਾ ਗੂੜ੍ਹਾ ਰੰਗ ਜੋ, ਉਹੋ ਮਨਾਂ ਤੇ ਚਾੜ੍ਹਿਓ,
ਜਿਸ ਸਾਂਚੇ ਸਿੰਘ ਢਲੇ ਸਨ, ਉਸੇ 'ਚ ਆਪਾ ਢਾਲਿਓ।
ਵੱਡਿਆਂ ਜੋ ਪਾਏ ਪੂਰਨੈ, ਪੈੜਾਂ ਜੋ ਪਾਈਆਂ ਉਨ੍ਹਾਂ ਨੇ,
ਉਹਨੀਂ ਹੀ ਰਾਹੀਂ ਚੱਲ ਕੇ, ਉਹੀਓ ਹੀ ਮੰਜ਼ਲਾਂ ਭਾਲਿਓ।
ਐ ਸਿੱਖ ਧਰਮ ਦੇ ਵਾਰਸੋ, ਵਿਰਸਾ ਨਾ ਆਪਣਾਂ ਭੁੱਲਿਓ,
ਜੇ ਲੋੜ ਪੈ ਗਈ ਕੌਮ ਨੂੰ, ਘਾਲਾਂ ਤੁਸੀਂ ਵੀ ਘਾਲਿਓ।

ਐ ਸੋਹਣੀਆਂ ਪੱਗਾਂ ਵਾਲਿਓ, ਤੇ ਬੀਬੀਆਂ ਦਾੜ੍ਹੀਆਂ ਵਾਲਿਓ,
ਸਿੱਖੀ ਸਰੂਪ ਵਾਸਤੇ, ਕੇਸਾਂ ਦੀ ਲੱਜਿਆ ਪਾਲਿਓ।
ਹੈ ਕੇਸਗੜ੍ਹ ਦਾ ਵਾਸਤਾ, ਸੁਣਿਓਂ ਐ ਕੇਸਾਂ ਵਾਲਿਓ,
ਦਸਮੇਸ਼ ਦੀ ਇਸ ਦਾਤ ਨੂੰ ਸੰਭਾਲਿਓ, ਸੰਭਾਲਿਓ।

ਇਹ ਕੇਸ ਨੇ ਜੋ ਕੁਦਰਤੀ, ਤੇ ਜਿਸਮ ਦਾ ਇੱਕ ਅੰਗ ਨੇ।
ਜਨਮ ਤੋਂ ਲੈ ਕੇ ਮੌਤ ਤੀਕਰ, ਰਹਿੰਦੇ ਸਦਾ ਜੋ ਸੰਗ ਨੇ।
ਇਹ ਕੇਸ ਨੇ ਜੋ ਸਿਰਤਾਜ ਨੇ, ਤੇ ਸ਼ਾਨ ਨੇ, ਸ਼ਿੰਗਾਰ ਨੇ।
ਇਹਨਾਂ ਦੀ ਰਖਿਆ ਵਾਸਤੇ, ਸਿੰਘ ਮਰਦੇ ਰਹੇ ਨਿਸ਼ੰਗ ਨੇ।
ਗਾਨੇ ਸ਼ਹੀਦੀ ਬੰਨ੍ਹ ਕੇ, ਚੋਲੇ ਮਜੀਠੀ ਪਹਿਨ ਕੇ,
ਤੇ ਸਿਰ ਤਲੀ ਤੇ ਰੱਖ ਕੇ, ਰਹੇ ਜੂਝਦੇ ਵਿਚ ਜੰਗ ਨੇ।
ਕੇਸਾਂ ਵਾਲੇ ਹੀ ਹਮੇਸ਼ਾਂ, ਬਣਦੇ ਰਹੇ ਮਰਜੀਵੜੇ,
ਹੁੰਦੇ ਰਹੇ ਸ਼ਹੀਦ ਏਦਾਂ ਸ਼ਮ੍ਹਾਂ ਤੇ ਜਿਉਂ ਪਤੰਗ ਨੇ।

ਓਦਰਦੀਓ, ਪਰਚਾਰਕੋ, ਬਾਣੀ ਤੇ ਬਾਣੇ ਵਾਲਿਓ,
ਇਹ ਰਹਿਤ ਮਹਿੰਗੇ ਮੁੱਲ ਕੀ, ਬੱਚਿਆਂ ਨੂੰ ਵੀ ਸਿਖਾਲਿਓ।
ਹੈ ਕੇਸਗੜ੍ਹ ਦਾ ਵਾਸਤਾ, ਸੁਣਿਓ ਐ ਕੇਸਾਂ ਵਾਲਿਓ,
ਦਸਮੇਸ਼ ਦੀ ਇਸ ਦਾਤ ਨੂੰ ਸੰਭਾਲਿਓ, ਸੰਭਾਲਿਓ।

ਇਹ ਮੋਹਰ ਗੁਰ ਗੋਬਿੰਦ ਦੀ, ਤੇ ਚਿੰਨ੍ਹ ਵੱਖਰੇ ਪਨ ਦਾ,
ਤਾਹੀਓ ਹੀ ਸਿੰਘਾਂ ਕੇਸ ਇਹ, ਜਾਨਾਂ ਤੋਂ ਵਧ ਅਪਣਾ ਲਏ।
ਜਦ ਮੁੱਲ ਪਏ ਸਨ ਸਿਰਾਂ ਦੇ, ਓਦੋਂ ਵੀ ਡੋਲੇ ਸਿੰਘ ਨਾ,
ਇਹ ਕੇਸ ਕਤਲ ਕਰਵਾਏ ਨਾ, ਪਰ ਸਿਰ ਕਲਮ ਕਰਵਾ ਲਏ।
ਸੀ ਸਿਦਕ ਤਾਰੂ ਸਿੰਘ ਦਾ, ਹੱਸ ਕੇ ਲੁਹਾ ਲਈ ਖੋਪਰੀ,
ਕੱਟਣ ਨਾ ਦਿੱਤੇ ਕੇਸ ਪਰ, ਸਵਾਸਾਂ ਦੇ ਸੰਗ ਨਿਭਾ ਲਏ।
ਕਦੇ ਤਾਂ ਹਿੰਦੂਆਂ ਦੇ ਘਰੀਂ, ਆਪੇ ਹੀ ਬਣਦੇ ਸਿੰਘ ਸਨ,
ਪਰ ਅੱਜ ਸਿੱਖਾਂ ਦੇ ਘਰੀਂ, ਕਈਆਂ ਨੇ ਸਿਰ ਮੁਨਾ ਲਏ।

ਇਸ ਪੱਤਤ-ਪੁਣੇ ਦੀ ਲਹਿਰ ਨੂੰ,ਹੁਣ ਠੱਲ੍ਹਿਓ ਤੇ ਰੋਕਿਓ,
ਤੇ ਘੂਕ ਸੁੱਤੀ ਕੌਮ ਨੂੰ, ਮੁੜ ਟੁੰਬ ਕੇ ਉਠਾਲਿਓ।
ਹੈ ਕੇਸਗੜ੍ਹ ਦਾ ਵਸਤਾ, ਸੁਣਿਓ ਐ ਕੇਸਾਂ ਵਾਲਿਓ,
ਦਸਮੇਸ਼ ਦੀ ਇਸ ਦਾਤ ਨੂੰ, ਸੰਭਾਲਿਓ, ਸੰਭਾਲਿਓ।

ਪੀੜ੍ਹੀ ਪੁਰਾਣੀ ਤੇ ਨਵੀਂ, ਦੋਹਾਂ 'ਚ ਪਾੜਾ ਪੈ ਗਿਆ,
ਦੋਹਾਂ ਦੀ ਮਿਲਦੀ ਸੁਰ ਨਹੀਂ, ਹੈ ਨਵਾਂ ਪੁਆੜਾ ਪੈ ਗਿਆ।
ਮੁੰਡੇ ਤੇ ਕੁੜੀਆਂ ਅੱਜ ਦੇ, ਨਾ ਗੱਲ ਸੁਣਦੇ, ਮੰਨਦੇ,
ਬੇ-ਵੱਸ ਹਰ ਇਕ ਮਾਂ-ਪਿਓ, ਬੱਸ ਚੁੱਪ ਕਰਕੇ ਬਹਿ ਗਿਆ।
ਸਿੱਖਾਂ ਦੇ ਪੁੱਤ ਤੇ ਪੋਤਰੇ, ਇਕ ਦੂਸਰੇ ਨੂੰ ਵੇਖ ਕੇ,
ਪੱਤਤ ਨੇ ਹੁੰਦੇ ਜਾ ਰਹੇ, ਮਸਲਾ ਇਹ ਬਣਕੇ ਰਹਿ ਗਿਆ।

ਸਿੱਖੀ ਦੀ ਕੀ ਮਹੱਤਤਾ, ਕੁੱਝ ਸਿੱਖ ਵੀ ਨਹੀਂ ਸਮਝਦੇ,
ਬੱਚਿਆਂ ਨੂੰ ਘਾਟਾ ਇਹੋ ਹੀ, ਅਸਲੇ ਤੋਂ ਲਾਂਭੇ ਲੈ ਗਿਆ।

ਓ ਨਵੀਂ ਪੀੜ੍ਹੀ ਵਾਲਿਓ, ਪੜ੍ਹਿਓ ਇਤਿਹਾਸ ਆਪਣਾ,
ਹੈ ਕੌਮ ਵੱਖਰੀ ਤੁਸ਼ਾਂ ਦੀ ਭੁੱਲਿਓ ਨਾ ਭੋਲੇ ਭਾਲਿਓ।
ਹੈ ਕੇਸਗੜ੍ਹ ਦਾ ਵਾਸਤਾ, ਸੁਣਿਓਂ ਓ ਕੇਸਾਂ ਵਾਲਿਓ,
ਦਸਮੇਸ਼ ਦੀ ਇਸ ਦਾਤ ਨੂੰ, ਸਭਾਲਿਓ, ਸੰਭਾਲਿਓ।

ਸਿੱਖੀ ਲਈ ਮਰਨ ਵਾਲਿਓ, ਸਿੱਖੀ ਦੀ ਹੋਂਦ ਮਿਟ ਰਹੀ,
ਕੀ ਅਸਰ ਪਏਗਾ ਕਲ੍ਹ ਤੇ, ਕੁਝ ਸੋਚਿਓ ਵਿਚਾਰਿਓ।
ਸੁਣਿਓ ਐ ਪੰਥਕ ਆਗੂਓ : ਬੀਤੀ ਤੋਂ ਸਬ੍ਹਕ ਸਿੱਖਿਓ,
ਆਪੋ 'ਚ ਲੜ ਕੇ ਆਪਣੀ, ਆਪੇ ਨਾ ਮਿੱਟੀ ਬਾਲਿਓ।
ਸੁਰ ਸਮੇਂ ਦੀ ਸਮਝਿਓ, ਚਾਲਾਂ ਵਿਰੋਧੀ ਜਾਣਿਓ,
ਨਾਜ਼ਕ ਸਮਾਂ ਹੈ ਜਾ ਰਿਹਾ, ਨਾ ਡੋਬਿਓ, ਨਾ ਗਾਲਿਓ।
ਕੁਰਸੀਆਂ ਲਈ ਮਰਦਿਓ, ਜੇ ਅੱਜ ਵੀ ਨਾ ਸੋਚਿਆ,
ਤਾਂ ਵਲੇ ਜਾਓਗੇ ਵਾਲ ਵਾਲ, ਵਿੱਚ ਵਲਾਂ ਦੇ ਵਾਲਾਂ ਵਾਲਿਓ।

ਮੇਰੀ ਤਾਂ ਇਹ ਅਪੀਲ ਹੈ, 'ਕੋਮਲ' ਦਿਲਾਂ 'ਤੇ ਲਿੱਖ ਲਵੋ,
ਬਚਣੈਂ ਤਾਂ ਕਰ ਲਓ ਏਕਤਾ, ਐਵੇਂ ਨਾ ਵੇਲਾ ਟਾਲਿਓ।
ਹੈ ਕੇਸਗੜ੍ਹ ਦਾ ਵਾਸਤਾ, ਸੁਣਿਓਂ ਐ ਕੇਸਾਂ ਵਾਲਿਓ,
ਦਸਮੇਸ਼ ਦੀ ਇਸ ਦਾਤ ਨੂੰ ਸੰਭਾਲਿਓ, ਸੰਭਾਲਿਓ।

## ਸਿੰਘ ਸਰਦਾਰਾਂ ਨੂੰ

## ਚੰਗਾ ਭਈ ਤੂੰ ਸਿੰਘ ਏਂ, ਚੰਗਾ ਸਰਦਾਰ ਏਂ ?

ਬੜੀ ਦੇਰ ਨਾਲ ਰਾਤੀਂ ਘਰ ਨੂੰ ਤੂੰ ਆਉਨਾ ਏਂ ।
ਵੇਲਾ ਰਹਿਰਾਸ ਦਾ, ਤੂੰ ਬਾਹਰ ਹੀ ਲੰਘਾਉਨਾ ਏਂ ।
ਘਰ ਆ ਕੇ ਪਗੜੀ ਨੂੰ, ਟੋਪੀ ਵਾਂਗ ਲਾਹੁਨਾ ਏਂ ।
ਬੱਧੀ ਹੀ ਬਧਾਈ ਫੇਰ, ਕਿੱਲੀ ਤੇ ਟਿਕਾਉਨਾ ਏਂ ।
ਬੜੀ ਸ਼ਾਨ ਨਾਲ ਫੇਰ ਨੰਗੇ ਸਿਰ ਖਾਏਂ, ਪੀਏਂ,
ਨਿੱਕੀ ਦਸਤਾਰ ਨੂੰ ਵੀ ਸਮਝਦਾ ਤੂੰ ਭਾਰ ਏਂ ।
ਚੰਗਾ ਭਈ ਤੂੰ ਸਿੰਘ ਏਂ, ਚੰਗਾ ਸਰਦਾਰ ਏਂ ?

ਲੇਹੜ ਕੇ ਤੂੰ ਖਾਵੇਂ, ਪਰ 'ਵਾਹਿਗੁਰ' ਕਵ੍ਹੇ ਨਾ ।
ਦੇਣ ਵਾਲੇ ਦਾਤੇ ਦਾ ਤੂੰ ਨਾਮ ਕਦੇ ਲਵੇਂ ਨਾ ।
ਗਾਣਿਆਂ ਤੋਂ ਬਿਨ੍ਹਾਂ ਇਕ ਮਿੰਟ ਵੀ ਤੂੰ ਰਵ੍ਹੇਂ ਨਾ ।
ਇਓ ਬਾਰਾਂ ਵਜੇ ਤੱਕ, ਮੰਜੇ ਉਤੇ ਪਵੇਂ ਨਾ ।
ਅੱਧੀ ਰਾਤ ਲੰਘ.ਜਾਵੇ, ਫੇਰ ਕਿਤੇ ਸੌਂਦਾ ਏਂ,
ਉਹ ਵੀ ਥੱਕ ਟੁੱਟ ਕੇ ਤੇ ਜਾਂਦਾ ਜਦੋਂ ਹਾਰ ਏਂ ।
ਚੰਗਾ ਭਈ ਤੂੰ ਸਿੰਘ ਏਂ, ਚੰਗਾ ਸਰਦਾਰ ਏਂ ?

ਏਨਾ ਕੁਝ ਖਾ ਪੀ ਕੇ ਥੱਕ ਕੇ ਤੂ ਪੈਨਾ ਏਂ ।
ਖੁੱਲ੍ਹ ਜਾਂਦੇ ਕੇਸ, ਤੂੰ ਬੇਹੋਸ਼ ਹੁੰਦਾ ਐਨਾ ਏਂ ।
ਸਾਰੀ ਰਾਤ ਭੈੜੇ ਭੈੜੇ ਸੁਪਨੇ ਤੂੰ ਲੈਨਾ ਏਂ ।
ਊਠ ਘੋੜੇ ਮਗਰ ਤੇਰੇ, ਨੱਸਦਾ ਤੂੰ ਰਹਿਨਾ ਏਂ ।
ਅੰਮ੍ਰਿਤ ਦਾ ਵੇਲਾ, ਸਮਾਂ ਕੀਮਤੀ ਜੋ ਜ਼ਿੰਦਗੀ ਦਾ,
ਮਾਰ ਕੇ ਘੁਰਾੜੇ ਲੈਨਾਂ ਐਵੇਂ ਤੂੰ ਗੁਜ਼ਾਰ ਏਂ ।
ਚੰਗਾ ਭਈ ਤੂੰ ਸਿੰਘ ਏਂ, ਚੰਗਾ ਸਰਦਾਰ ਏਂ ?

ਅੱਠ ਵਜੇ ਸੁੱਤਾ ਉਠੇਂ, ਪਹਿਲਾਂ ਚਾਹ ਚਾਹੁਨਾ ਏਂ ।
ਚਾਹ ਪੀ ਬੀਮਾਰਾਂ ਵਾਗੂੰ, ਹੋਸ਼ ਵਿੱਚ ਆਉਨਾ ਏਂ।
ਕੰਘਾ ਡਿੱਗਾ ਲੱਭਕੇ, ਤੂੰ ਕੇਸਾਂ 'ਚ ਅੜਾਉਨਾ ਏਂ ।
ਗੁਰਬਾਣੀ, ਪਾਠ ਦੀ ਥਾਂ, ਟੀ.ਵੀ. ਤੂੰ ਲਗਾਉਨਾ ਏਂ।
ਰਾਤ ਵਾਲੀ ਬੱਧੀ ਪੱਗ, ਸਿਰ ਉਤੇ ਰੱਖ ਕੇ ਤੇ,
ਗੁਟਕੇ ਦੀ ਥਾਂ, ਫੜ ਲੈਂਦਾ ਅਖ਼ਬਾਰ ਏਂ ।
ਚੰਗਾ ਭਈ ਤੂੰ ਸਿੰਘ ਏਂ, ਚੰਗਾ ਸਰਦਾਰ ਏਂ ?

ਨਾ ਤੂੰ ਬਾਣੀ ਸੁਣਦੈਂ, ਨਾ ਤੂੰ ਪਾਠ ਕਰਦੈਂ ।
ਪਰ ਤੂੰ ਫਿਲਮ ਦਿਆਂ ਗੀਤਾਂ ਉਤੇ ਮਰਦੈਂ ।
ਸਿੱਖੀ ਦਾ ਮਜ਼ਾਕ ਉਡੇ, ਹੱਸ ਕੇ ਤੂੰ ਜਰਦੈਂ ।
ਨਾ ਤੂੰ ਰਿਹੋਂ ਆਪਣਾ ਤੇ ਨਾ ਤੂੰ ਗੁਰੂ-ਘਰਦੈਂ ।
ਪੁਲਿਸ-ਚੌਕੀ ਵਾਂਗ ਗੁਰਦੁਆਰਿਓਂ ਤੂੰ ਡਰਦੈਂ,
ਸਿਨਮੇਂ ਲਈ ਝੱਟ ਪੱਟ, ਤਿਆਰ ਬਰ ਤਿਆਰ ਏਂ।
ਚੰਗਾ ਭਈ ਤੂੰ ਸਿੰਘ ਏਂ, ਚੰਗਾ ਸਰਦਾਰ ਏਂ ?

ਘੱਟ ਵਧ ਕਰੇਂ ਦਸਾਂ ਨਹੁੰਆਂ ਦੀ ਕਮਾਈ ਤੂੰ ।
ਬਿਨ੍ਹਾਂ ਕੁਰਬਾਨੀ ਚਾਹਵੇਂ, ਫੋਕੀ ਵਡਿਆਈ ਤੂੰ ।
ਹਰ ਥਾਂ ਤੇ ਲੀਡਰੀ ਦੀ, ਭੁੱਖ ਹੀ ਵਧਾਈ ਤੂੰ ।
ਧੜੇ ਕੀਤੇ ਖੜੇ ਅਤੇ ਪਾਈ ਏ ਲੜਾਈ ਤੂੰ ।
ਕੇਸ, ਦਾੜ੍ਹੀ, ਪੱਗ ਵੱਲੋਂ, 'ਕੋਮਲ' ਤੂੰ ਸਿੰਘ ਦਿਸੇਂ,
ਪਰ ਰਹਿਣੀ ਬਹਿਣੀ ਵਲੋਂ ਪਰਲੇ ਹੀ ਪਾਰ ਏਂ ।
ਚੰਗਾ ਭਈ ਤੂੰ ਸਿੰਘ ਏਂ, ਚੰਗਾ ਸਰਦਾਰ ਏਂ ?

